ਸੰਤ ਸਿਪਾਹੀ



ਸੰਤ ਸਿਪਾਹੀ, ਮਾਸਕ ਪੱਤਰ

ਫਰਵਰੀ ੧੯੭੪ | ਲਾਲ ਹਵੇਲੀ, ਗੇਟ ਮਹਾਂ ਸਿੰਘ, ਅੰਮ੍ਰਿਤਸਰ | ਮੁਲ ੧ ਰੁਪਿਆ

ਡਾਇਰੈਕਟਰ ਮਹਿਕਮਾ ਤਾਲੀਮ
ਪੰਜਾਬ ਵਲੋਂ
ਸਕੂਲਾਂ ਕਾਲਜਾਂ ਦੀਆਂ
ਲਾਇਬਰੇਰੀਆਂ ਤੇ ਪੰਚਾਇਤਾਂ
ਲਈ ਮਨਜ਼ੂਰ ਸ਼ੁਦਾ
ਚਿੱਠੀ ਨੰ:- ੪੬੭੭-੨/੩੭
ਐਟ-ਬੀ ੪੮੩੪੯

———

ਬਾਨੀ ਸ੍ਰੀ ਮਾਨ ਮਾਸਟਰ
ਤਾਰਾ ਸਿੰਘ ਜੀ
ਐਡੀਟਰ-ਸ: ਮਨਜੀਤ ਸਿੰਘ
ਬੀ. ਏ., ਐਲ. ਐਲ. ਬੀ.
ਪਤਾ-ਸੰਤ ਸਿਪਾਹੀ,ਲਾਲ ਹਵੇਲੀ
ਗੇਟ ਮਹਾਂ ਸਿੰਘ, ਅੰਮ੍ਰਿਤਸਰ

ਚੰਦਾ ਦੇਸ	੧੨)
ਪ੍ਰਦੇਸ	੨੫)
ਛਿਮਾਹੀ	੬॥)

ਸਫ਼ਾ	ਲੇਖ	ਲੇਖਕ
੩	ਅਜ ਦੀ ਵੀਚਾਰ—ਮਹਿੰਗਾਈ ਤੋਂ ਅਗੇ ਤੰਗੀਆਂ ਤੋੜੇ	
੫	ਬੀਤੇ ਮਹੀਨੇ ਦੀਆਂ ਚੋਣਵੀਆਂ ਖਬਰਾਂ	
੭	ਮਾਘ ਦੀ ਸੰਗ੍ਰਾਂਦ ਦਾ ਗੁਰਵਾਕ : ਗੁਰਿ ਪੂਰੈ ਚਰਨੀ ਲਾਇਆ...	
੯	ਪਾਠਕਾਂ ਨੂੰ ਜ਼ਰੂਰੀ ਬੇਨਤੀਆਂ	
੧੧	ਗੁਰਬਾਣੀ ਸਟੀਕ ਲੜੀਵਾਰ (ਪੰਨਾ ੧੩੮-੩੯)	
੧੩	ਕੀ ਵਾਹਿਗੁਰੂ ਖੁਸ਼ਾਮਦ ਪਸੰਦ ਹੈ ?	ਸਚਖੰਡਵਾਸੀ ਮਾਸਟਰ ਜੀ ਲਿਖਤ
੧੫	ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ	
੨੦	ਨਨਕਾਣੇ ਸਾਹਿਬ ਦਾ ਸਾਕਾ ਤੇ ਭਾਈ ਲਛਮਣ ਸਿੰਘ ਸ਼ਹੀਦ ਦੀ ਸ਼ਹੀਦੀ	
੨੮	੨੧ ਫਰਵਰੀ ੧੯੨੪ ਦਾ ਜੈਤੋ ਦਾ ਸ਼ਹੀਦੀ ਸਾਕਾ	
੩੩	ਪੰਜਾਬ ਓ ਜਾਗੋਗੇ ਕਿ ਮੁਕੋਗੇ ?	ਸ: ਜਸਵੰਤ ਸਿੰਘ ਸਪੁਤ੍ਰ ਮਾਸਟਰ ਜੀ
੩੬	ਰੀਵੀਉ 'ਮੇਰਾ ਘਰ'	ਰਚਿਤ ਡਾ: ਜਗਜੀਤ ਸਿੰਘ
੩੭	ਮਾਸਟਰ ਜੀ ਦੀ ਜੀਵਨੀ (੭੦) ਸੰਨ ੧੯੬੦ ਦਾ ਮੋਰਚਾ	
੪੨	ਸੁਆਲ ਜਵਾਬ	
੪੭	ਸੰਤ ਸਿਪਾਹੀ ਕਵੀ ਦਰਬਾਰ	
੪੮	ਭਾਈਚਾਰਕ ਸਮਾਚਾਰ	
੫੦	ਨਨਕਾਣੇ ਸਾਹਿਬ ਦੀ ਇਕ ਯਾਦ—ਇਕ ਹਲੂਣਾ	ਸ: ਸਰਦਾਰ ਸਿੰਘ

ਫਰਵਰੀ ੧੯੭੪ ਦੇ ਗੁਰਪੁਰਬ ਤੇ ਦਿਨ ਦਿਹਾਰ

ਪਾ. ੭ ਜਨਮੋਤਸਵ	੫
ਜਨਮ ਭਗਤ ਰਵਿਦਾਸ ਤੇ ਮੇਲਾ ਕੋਠਾ ਸਾਹਿਬ	੬
ਸਾਕਾ ਨਨਕਾਣਾ ਸਾਹਿਬ	੨੧
ਸ਼ਿਵਰਾਤਰੀ	੨੦
ਮੁਹੱਰਮ (ਤਾਜ਼ੀਏ)	੩
ਸੰਗ੍ਰਾਂਦ ਫਗਣ	੧੨
ਪੂਰਨਮਾਸ਼ੀ	੬
ਮਸਿਆ	੨੨

ਮਾਰਚ ੧੯੭੪ ਦੇ ਗੁਰਪੁਰਬ ਤੇ ਦਿਨ ਦਿਹਾਰ

ਪਾਤ: ੭ ਗੁਰਗੱਦੀ	੨੧ ਮਾਰਚ
ਪਾਤ: ੨ ਜੋਤੀ ਜੋਤ ਸਮਾਏ	੨੭ ਮਾਰਚ
ਪਾਤ: ੩ ਗੁਰਗੱਦੀ	੨੮ ਮਾਰਚ
ਹੋਲੀ ਤੇ ਹੋਲਾ ਮਹਲਾ	੭-੮-੯ ਮਾਰਚ
ਬਿਕਰਮੀ ਸੰਮਤ ੨੦੩੧ ਸ਼ੁਰੂ	੨੪ ਮਾਰਚ
ਨਵਰਾਤਰੇ	੨੪ ਮਾਰਚ
ਦੁਰਗਾ ਅਸ਼ਟਮੀ	੩੧ ਮਾਰਚ
ਪੂਰਨਮਾਸ਼ੀ	੮ ਮਾਰਚ
ਸੰਗ੍ਰਾਂਦ ਚੇਤਰ ੧੪ ਮਾਰਚ	ਮਸਿਆ ੨੩ ਮਾਰਚ

ਪ੍ਰਿੰਟਰ, ਪਬਲਿਸ਼ਰ, ਐਡੀਟਰ ਤੇ ਮਾਲਕ ਸ. ਮਨਜੀਤ ਸਿੰਘ ਬੀ. ਏ., ਐਲ ਐਲ. ਬੀ. ਨੇ 'ਨਿਰੰਕਾਰ ਪ੍ਰੈਸ' ਅੰਮ੍ਰਿਤਸਰ ਤੋਂ ਛਪਵਾ ਕੇ ਦਫਤਰ ਸੰਤ ਸਿਪਾਹੀ, ਲਾਲ ਹਵੇਲੀ, ਗੇਟ ਮਹਾਂ ਸਿੰਘ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ । ੩੧-੧-੭੪

ੴ ਵਾਹਿਗੁਰੂ ਜੀ ਕੀ ਫਤਹ ॥

ਚਿੰਤ ਅਚਿੰਤਾ ਸਗਲੀ ਗਈ ॥ ਪ੍ਰਭ ਨਾਨਕ ਨਾਨਕ ਨਾਨਕ ਮਈ ।

ਸਾਲ ੩੦
ਨੰ: ੨

ਸੰਤ ਸਿਪਾਹੀ

ਫਰਵਰੀ
੧੯੭੪

ਪੂਰਨ - ੬੦

ਲਾਲ ਹਵੇਲੀ, ਗੇਟ ਮਹਾਂ ਸਿੰਘ ਅੰਮ੍ਰਿਤਸਰ

ਜਨਵਰੀ ੧੯੭੫ ੨੦ ਮਾਘ ਤੋਂ ੧੭ ਫਗਣ ਤਕ : ਸੰਮਤ ੨੦੩੦ ਬਿਕ੍ਰਮੀ : ਨਾਨਕ ਸ਼ਾਹੀ ੫੦੪

ਅਜ ਦੀ ਵੀਚਾਰ—

ਮਹਿੰਗਾਈ ਤੋਂ ਅਗੇ ਤੰਗੀਆਂ ਤੋੜੇ

ਇਕ ਉਰਦੂ ਦਾ ਸ਼ੇ'ਰ ਹੈ :-

ਮੁਸਕਲੇਂ ਇਤਨੀ ਪੜੀਂ ਕਿ ਖ਼ੁਦ ਹੀ ਆਸਾਂ ਹੋ ਗਈਂ।

ਭਾਵ ਇਹ ਹੈ ਕਿ ਮਾਨਵੀ ਧੀਰਜ ਇਕ ਦੋ ਮੁਸ਼ਕਿਲਾਂ ਪੈਣ ਉਤੇ ਕਾਇਮ ਰਹਿ ਸਕਦਾ ਹੈ, ਪਰ ਬਹੁਤੀਆਂ ਮੁਸ਼ਕਿਲਾਂ ਆ ਪੈਣ, ਤਾਂ ਧੀਰਜ ਟੁਟ ਕੇ ਨਿਰਾਸ਼ਤਾ ਆ ਜਾਂਦੀ ਹੈ ਅਤੇ ਹਿਰਦਾ ਤੇ ਮਨ ਉਸ ਦਾ ਹੱਲ ਢੂੰਡਣਾ ਹੀ ਛਡ ਦੇਂਦੇ ਹਨ, ਮਾਨੋਂ ਉਸ ਹਾਲਤ ਵਿਚ ਮੁਸ਼ਕਿਲਾਂ ਆਸਾਨ ਹੋ ਗਈਆਂ।

ਇਸੇ ਤਰ੍ਹਾਂ ਮਹਿੰਗਾਈ ਇਤਨੀ ਵਧੀ ਹੈ ਤੇ ਇਤਨੀ ਛੇਤੀ ਵਧਦੀ ਜਾਂਦੀ ਹੈ ਕਿ ਹੁਣ ਮਹਿੰਗਾਈ ਦੀ ਗੱਲ ਹੀ ਕੋਈ ਨਹੀਂ ਛੇੜਦਾ, ਉਹ ਕੋਈ ਨਵੀਂ ਚੀਜ਼ ਨਹੀਂ ਰਹੀ, ਮਾਨੋਂ ਮਹਿੰਗਾਈ ਰਹੀ ਹੀ ਨਹੀਂ। ਜਿਸ ਭਾ ਕੋਈ ਚੀਜ਼ ਮਿਲਦੀ ਹੈ, ਹਰ ਕੋਈ ਲੈਣ ਲਈ ਭੱਜ ਉਠਦਾ ਹੈ, ਮਤੇ ਹੋਰ ਮਹਿੰਗਾਈ ਨਾ ਹੋ ਜਾਏ। ਸੋ ਹੁਣ ਚੀਜ਼ਾਂ ਦੀ ਅਲੱਭਤਾ, ਤੰਗੀ, ਤੋੜੇ ਦਾ ਸੁਆਲ ਸਾਹਮਣੇ ਆ ਖਲੋਤਾ ਹੈ।

ਅਲੱਭਤ ਦਾ ਕਾਰਨ ਕੀ ਹੈ? ਕਈ ਆਰਥਕ ਪੁਲੀਟੀਕਲ ਅੰਤ੍ਰਰਾਸ਼ਟ੍ਰੀ ਕਾਰਨ ਹੋਣਗੇ, ਪਰ ਸਭ ਨੂੰ ਦਿਸਣ ਵਾਲਾ ਕਾਰਨ ਤਾਂ ਇਹੋ ਹੈ ਕਿ ਸ੍ਰੀਮਤੀ ਇੰਦਰਾ ਦੇ ਰਾਜ ਵਿਚ ਸਭ ਲੋਕਾਂ ਦਾ ਵਿਸ਼ਵਾਸ਼ ਹੋਰ ਕਿਸੇ ਗੱਲ ਤੇ ਦ੍ਰਿੜ੍ਹ ਹੋਇਆ ਹੋਵੇ ਜਾਂ ਨਾ, ਪਰ ਮਹਿੰਗਾਈ ਪੁਰ ਦ੍ਰਿੜ੍ਹ ਜ਼ਰੂਰ ਹੋ ਗਿਆ ਹੈ। ਫਲਸਰੂਪ ਹਰ ਕਿਸੇ ਨੂੰ ਅਮਲ ਪੈ ਗਿਆ ਹੈ; ਜੋ ਚੀਜ਼ ਮਿਲਦੀ ਜੇ, ਲੈ ਲਓ, ਜਿਸ ਭਾ ਮਿਲਦੀ ਜੇ ਖਰੀਦ ਲਓ, ਜਿੰਨੀ ਮਿਲਦੀ ਜੇ ਇਕੱਠੀ ਕਰ ਲਓ, ਮੁੜ ਖਬਰੇ ਇਸ ਭਾ ਨਾ ਮਿਲੇ, ਖਬਰੇ ਮਿਲੇ ਵੀ ਕਿ ਨਾ। ਅੰਨ ਦੀ ਪੈਦਾਵਾਰ ਵਧ ਜਾਏ, ਕੋਈ ਪ੍ਰਵਾਹ ਨਹੀਂ, ਅਲੱਭ ਚੀਜ਼ਾਂ ਬਦੇਸ਼ਾਂ ਵਿਚੋਂ ਆਉਣ ਲਗ ਪੈਣ, ਕੋਈ ਚਿੰਤਾ ਨਹੀਂ, ਮਹਿੰਗਾਈ ਨਹੀਂ

ਘਟੇਗੀ। ਚੀਜ਼ਾਂ ਤੋਂ ਕੋਈ ਜਫ਼ਾ ਢਿਲਾ ਨਹੀਂ ਕਰੇਗਾ।

ਇਹ ਕ੍ਰਿਆ ਪਿਛਲੇ ਕੁਝ ਚਿਰ ਤੋਂ ਅਤੇ ਖਾਸ ਕਰ ਕੇ ਪਿਛਲ ਦੋ ਸਾਲਾਂ ਤੋਂ, ਜਦੋਂ "ਗ਼ਰੀਬੀ ਹਟਾਓ" ਦਾ ਨਾਹਰਾ ਇੰਦਰਾ ਕਾਂਗਰਸ ਨੇ ਲਾਇਆ ਹੈ, ਚਲ ਰਹੀ ਹੈ ਤੇ ਤਿਖੀ ਹੁੰਦੀ ਜਾ ਰਹੀ ਹੈ। ਹੁਣ ਕਾਂਗਰਸੀ ਲੀਡਰਾਂ ਨੇ ਇਸ ਦਾ ਇਕ ਨਾਮ ਲੱਭ ਲਿਆ ਹੈ ਤੇ ਉਹ ਬਹੁਤ ਖੁਸ਼ ਹਨ। ਉਹ ਨਾਮ ਹੈ shortage psychosis (ਤੰਗੀ ਹੈ ਦੀ ਸੋਚਣੀ)। ਉਹ ਹੁਣ ਆਪਣੀਆਂ ਤਕਰੀਰਾਂ ਵਿਚ ਇਸ ਸੋਚਣੀ ਪੁਰ ਉਸ ਤਰ੍ਹਾਂ ਜ਼ੋਰਦਾਰ ਹਮਲੇ ਕਰ ਰਹੇ ਹਨ ਜਿਸ ਤਰ੍ਹਾਂ "ਗ਼ਰੀਬੀ" ਉਪਰ ਕਰਦੇ ਸਨ। ਅਗਲੇ ਹਮਲੇ ਦਾ ਨਤੀਜਾ ਨਿਕਲਿਆ ਮਹਿੰਗਾਈ ਤੇ ਇਸ ਹਮਲੇ ਦਾ ਨਤੀਜਾ ਨਿਕਲੇਗਾ, ਹੋਰ ਤੰਗੀ। ਜਿਵੇਂ ਕਈ ਰੋਗੀ ਇਸ ਗੱਲ ਤੇ ਖੁਸ਼ ਹੋਵੇ ਕਿ ਉਸ ਦੇ ਰੋਗ ਦਾ ਨਾਮ ਧਰ ਦਿਤਾ ਗਿਆ ਹੈ, ਇਲਾਜ ਭਾਵੇਂ ਸਿਧ ਪਵੇ ਜਾਂ ਨਾ, ਉਹੋ ਜਿਹਾ, ਮੂਰਖਾਂ ਵਾਲਾ ਸਵਰਗ ਹੈ ਸਾਡੇ ਦੇਸ਼ ਦੇ ਇਹਨਾਂ ਲੀਡਰਾਂ ਦਾ।

ਇਸ ਤੰਗੀ ਤੇ ਮਹਿੰਗਾਈ ਦਾ ਕਾਰਣ ਕਿਹੜੇ ਲੋਕ ਹਨ? ਜਿਨ੍ਹਾਂ ਕਾਲੇ ਜਾਂ ਚਿੱਟੇ ਧਨ ਨਾਲ ਮਾਲ ਜਮ੍ਹਾਂ ਕਰ ਕੇ ਭਾਰੇ ਮੁਨਾਫ਼ੇ ਲਈ ਘੁਟੇ ਹੋਏ ਹਨ ਤੇ ਬਲੈਕ ਵਿਚ ਵੇਚਦੇ ਹਨ। ਜਿਹੜੇ ਅਫਸਰ ਇਨ੍ਹਾਂ ਤੋਂ ਰਿਸ਼ਵਤ ਖਾ ਕੇ ਤੇ ਅਗੋਂ ਵਜ਼ੀਰਾਂ ਨੂੰ ਖਵਾ ਕੇ ਇਨ੍ਹਾਂ ਦੀ ਬਲੈਕ ਵਿਚ ਸਹਾਇਤਾ ਕਰਦੇ ਹਨ। ਜਿਹੜੇ ਦੇਸ਼ ਦੇ ਵਡੇ ਮੰਤ੍ਰੀ ਚੋਣਾਂ ਜਿਤਣ ਲਈ ਵੱਡਿਆਂ ਵਪਾਰੀਆਂ, ਦਸਤਕਾਰਾਂ, ਠੇਕੇਦਾਰਾਂ, ਕੋਟੇ ਹੋਲਡਰਾਂ ਇੰਪੋਰਟਰਾਂ ਆਦਿਕ, ਜੋ ਬਹੁਤੇ ਬਲੈਕ ਮਾਰਕੀਟੀਏ ਹਨ ਤੋਂ ਪਾਰਟੀ ਫੰਡ ਇਕੱਠਾ ਕਰ ਕੇ ਏਹਨਾਂ ਦੀ ਕਮਾਈ ਸਫਲ ਕਰਦੇ ਹਨ, ਕੁਰਪਸ਼ਨ ਦੀ ਮੋਰੀ ਨੂੰ ਬੰਦ ਨਹੀਂ ਕਰਦੇ, ਸਗੋਂ ਖੁਲ੍ਹਾ ਕਰ ਕੇ ਹਰਾਮ ਦੀ ਖੱਟੀ ਨੂੰ ਹਲਾਲ ਤੇ ਸ਼ਰਮ ਦੀ ਗਲ ਨੂੰ ਫ਼ਖ਼ਰ ਦੀ ਗਲ ਬਣਾ ਦੇਂਦੇ ਹਨ। ਤੰਗੀਆਂ ਪੈਦਾ ਹੋਣ, ਤਾਂ ਸਫ਼ਾਰਸ਼ਾਂ ਦਾ ਮੈਦਾਨ ਗਰਮ ਹੁੰਦਾ ਹੈ, ਤਾਂ ਹੀ ਹਰ ਕਿਸਮ ਦੇ ਵਰਕਰਾਂ, ਮੈਂਬਰਾਂ, ਵਜ਼ੀਰਾਂ, ਅਫ਼ਸਰਾਂ ਦੀ ਚਾਂਦੀ ਹੋ ਸਕਦੀ ਹੈ; ਤਾਂ ਹੀ ਬਹੁਤੇ ਆਦਮੀਆਂ ਨੂੰ ਨੌਕਰੀਆਂ ਦੇ ਕੇ ਰਿਣੀ ਕਰ ਸਕੀਦਾ ਹੈ ਤੇ ਬਦਲੇ ਵਿਚ ਉਹਨਾਂ ਤੋਂ ਵੋਟ ਜਾਂ ਵਢੀਆਂ ਜਾਂ ਹੋਰ ਪਦਾਰਥ ਲਏ ਜਾ ਸਕੀਦੇ ਹਨ।

ਕਾਲਾ ਧਨ ਤੇ ਕਾਲੇ ਧਨ ਨੂੰ ਵਧਾਉਣ ਵਿਚ ਸਰਕਾਰ ਦੀ ਭੀ ਬਹੁਤ ਜ਼ਿਮੇਂਵਾਰੀ ਹੈ ਜੋ ਅੰਨ੍ਹਾਧੁੰਦ ਨੋਟ ਛਾਪ ਕੇ ਕਾਗ਼ਜ਼ੀ ਧਨ ਅਤੇ ਕੀਮਤਾਂ ਨੂੰ ਵਧਾ ਰਹੀ ਹੈ। ਯੂ. ਪੀ. ਦੀਆਂ ਚੋਣਾਂ ਜਿਤਣ ਲਈ ਉਤਰੀ ਭਾਰਤ ਦੀਆਂ ਸਭ ਲੋੜੀਆਂ ਚੀਜ਼ਾਂ ਉਥੇ ਜਮ੍ਹਾਂ ਕਰ ਕੇ ਬਾਕੀ ਥਾਵਾਂ ਤੇ ਤੰਗੀ ਤੇ ਮਹਿੰਗਾਈ ਵਧਾਈ ਜਾ ਰਹੀ ਹੈ।

ਸੋ ਤੰਗੀਆਂ ਦਾ ਅਸਲ ਇਲਾਜ ਹੈ; ਮਹਿੰਗਾਈ ਘਟਾਓ, ਚੋਣ ਜਿੱਤਣ ਲਈ ਧਨੀਆਂ ਤੋਂ ਰੁਪੈ ਨਾ ਲਓ, ਚੀਜ਼ਾਂ ਇਕੋ ਥਾਂ ਇਕਠੀਆਂ ਨਾ ਕਰੋ। ਪਰ ਜੇ ਇਉਂ ਚੀਜ਼ਾਂ ਦੇ ਭਾ ਘਟਣਗੇ ਤੇ ਗਰੀਬੀ ਘਟੇਗੀ, ਹੜਤਾਲਾਂ ਤੇ ਵੇਤਨ ਵਧਾਓ ਦੇ ਅੰਦੋਲਨ ਖਤਮ ਹੋਣਗੇ ਤਾਂ ਲੋਕ ਸੁਖੀ ਵਸਣਗੇ ਤੇ ਅਮਨ.........।" ਪਰ ਅਜਕਲ ਜੋ ਨਾਟਕ ਮਹਿੰਗਾਈ ਤੇ ਤੰਗੀ ਵਧਾਉਣ ਦਾ ਖੇਡਿਆ ਜਾ ਰਿਹਾ ਹੈ, ਉਸ ਦੇ ਨਾਇਕ ਤੇ ਨਾਇਕਾਵਾਂ ਕਹਿਣਗੇ, "ਵਾਹ! ਫਿਰ ਸਾਨੂੰ ਕੌਣ ਪੁਛੇਗਾ?'

ਸੋ ਸਭ ਨੂੰ ਆਪੋ ਆਪਣੀ ਪਈ ਹੋਈ ਹੈ। ਕਿਸੇ ਨੂੰ ਦੇਸ਼ ਜਾਂ ਜਨਤਾ ਦਾ ਭਲਾ ਮੁਖ ਨਹੀਂ। ਕਿਸੇ ਨੂੰ ਪੈਸੇ ਦੀ ਪਈ ਹੋਈ ਹੈ, ਕਿਸੇ ਨੂੰ ਪਦਵੀ ਦੀ ਤੇ ਕਿਸੇ ਨੂੰ ਪ੍ਰਾਈਮ ਮਨਿਸਟਰੀ ਦੀ। ਦੇਸ਼ ਦੇ ਭਲੇ ਦੀ ਦੁਹਾਈ ਤਾਂ ਸ਼ਿਕਾਰੀਆਂ ਦਾ ਜਾਲ ਹੈ। ਤੇ ਹੋਰ ਸਾਰੇ, ਨਿਕੇ ਵੱਡੇ ਜੋ ਧਰਮ ਦੀ ਕਿਰਤ ਕਰਦੇ ਹਨ, ਸ਼ਿਕਾਰ ਹਨ ਸ਼ਿਕਾਰ।

---

* ਡਾਕ ਸਾੜੀ ਗਈ *

ਪਾਠਕ ਜੀ, ਆਪ ਨੇ ਅਖਬਾਰਾਂ ਵਿਚ ਪੜ੍ਹ ਲਿਆ ਹੋਵੇਗਾ ਕਿ ਰੇਲ ਦੀ ਹੜਤਾਲ ਕਰਕੇ ਡਾਕ ਭੀ ਬਹੁਤ ਰੁਕ ਗਈ ਤੇ ਰੁਲ ਗਈ ਸੀ ਅਤੇ ਉਸ ਵਿਚੋਂ ਬਹੁਤੀ ਸਾੜ ਕੇ ਗਲੋਂ ਲਾਹੀ ਗਈ ਹੈ। ਸੋ ਜਿਨ੍ਹਾਂ ਸਜਣਾਂ ਨੂੰ ਪਰਚੇ ਨਹੀਂ ਮਿਲੇ ਜਾਂ ਜਿਨ੍ਹਾਂ ਦੀ ਡਾਕ ਸਾਨੂੰ ਨਹੀਂ ਮਿਲੀ, ਉਸ ਵਿਚ ਸਾਡਾ ਕੋਈ ਦੋਸ਼ ਜਾਂ ਉਕਾਈ ਨਹੀਂ।

ਦਾਸ ਮੈਨੇਜਰ ਸੰਤ ਸਿਪਾਹੀ, ਗੇਟ ਮਹਾਂ ਸਿੰਘ ਅੰਮ੍ਰਿਤਸਰ

ਬੀਤੇ ਮਹੀਨੇ ਦੀਆਂ ਚੋਣਵੀਆਂ ਖਬਰਾਂ

*** ਸਿਖ ਰਹਿਤ ਤੇ ਅਮਰੀਕੀ ਫੌਜੀ ਰੂਲ ***

ਅਮਰੀਕਾ ਦੇ ਫੌਜੀ ਕਾਨੂੰਨ ਵਿਚ AR600-20 ਦੇ ਕੋਡ ਵਿਚ ਸਿਖਾਂ ਲਈ ਇਹ ਛੋਟ ਹੈ ਕਿ ਕੋਈ ਸਿਖ ਫੌਜ ਵਿਚ ਭਰਤੀ ਹੋਣ ਤੋਂ ਪਹਿਲਾਂ ਦਾਹੜੀ ਕੇਸ ਰਖਦਾ ਹੋਵੇ, ਤਾਂ ਉਸ ਨੂੰ ਪਗੜੀ ਰਖਣ ਦੀ ਆਗਜ਼ਾ ਹੈ। ਇਹ ਰਿਆਜਤ ਲੈਣ ਵਾਲਾ ਨੌਕਰੀ ਸਮੇਂ ਪੂਰਾ ਸਿੰਘ ਹਣਾ ਚਾਹੀਦਾ ਹੈ। ਨੌਕਰੀ ਦੇ ਦੌਰਾਨ ਜੇ ਕੋਈ ਸਿਖ ਬਣ ਕੇ ਪਗੜੀ ਬੰਨ੍ਹੇ ਤਾਂ ਉਸ ਨੂੰ ਫੌਜੀ ਵਰਦੀ ਤੋਂ ਇਹ ਛੋਟ ਨਹੀਂ ਮਿਲ ਸਕਦੀ। ਪਰ ਹੁਣ ਇਕ ਫੈਸਲੇ ਅਨੁਸਾਰ ਹਰ ਖੁਲ੍ਹ ਮਿਲ ਗਈ ਹੈ।

ਤਿੰਨ ਕੁ ਮਹੀਨੇ ਹੋਏ ਅਮ੍ਰੀਕਨ ਫੌਜੀਆਂ ਨੂੰ ਸਿਖ ਬਨਣ ਪਿਛੋਂ ਡਿਉਟੀ ਤੇ ਪਗੜੀ ਨਾ ਉਤਾਰਨ ਦੇ ਦੋਸ਼ ਵਿਚ ਕੋਰਟ ਮਾਰਸ਼ਲ ਕਰ ਕੇ ਸਜ਼ਾ ਦਿਤੀ ਗਈ ਸੀ। ਫਿਰ ਇਕ ਸਮੁੰਦਰੀ ਫੌਜ ਵਿਚ ਨੌਕਰ ਅਮ੍ਰੀਕਨ ਸਿਖ ਬਿਜਲੀ ਇੰਜੀਨੀਅਰ ਰੋਨਲਡ ਸ਼ੇਰਵਡ ਨੂੰ ਭੀ ਐਸੀ ਹੀ ਸਜ਼ਾ ਮਿਲੀ। ਸਿਖ ਜਗਤ ਵਿਚ ਇਸ ਵਿਤਕਰੇ ਦਾ ਬੜਾ ਰੋਸ ਹੋਇਆ। ਪਰ ਹੁਣ ੮ ਜਨਵਰੀ ਦੀ ਖਬਰ ਹੈ ਕਿ ਨਿਉ ਜਰਸੀ ਵਿਚ ਮਿਸਟਰ ਵਾਲਟਰ ਸਿੰਘ ਮੈਕਨੈਅਰ, ਜੋ ਅੰਮ੍ਰਿਤ ਛਕ ਕੇ ਸਿੰਘ ਸਜਿਆ ਸੀ ਤੇ ਦਸਤਾਰ ਬਨ੍ਹ ਕੇ ਡਿਉਟੀ ਤੇ ਹਾਜ਼ਰ ਹੋਇਆ ਸੀ, ਨੂੰ ਵੀ ਕੋਰਟ ਮਾਰਸ਼ਲ ਕੀਤਾ ਗਿਆ। ਕਈ ਘੰਟਿਆ ਦੀ ਬਹਿਸ ਪਿਛੋਂ ਲੇਫ: ਕਰਨਲ ਰਾਬਰਟ ਮੌਰੀਸਨ ਜੱਜ ਨੇ ਮੈਕਨੈਅਰ ਨੂੰ ਨਿਰਦੋਸ਼ ਮਿਥ ਕੇ ਬਰੀ ਕਰ ਦਿਤਾ।

*** ਲੰਦਨ ਵਿਚ ਇਕ ਸਿਖ ਦੰਪਤੀ ਦੀ ਬਹਾਦਰੀ ***

੯ ਜਨਵਰੀ—ਯੂ. ਐਨ. ਆਈ. ਨਵੀਂ ਦਿਲੀ ਦੀ ਖਬਰ, ਹਵਾਲਾ ਟਾਈਮਜ਼ ਲੰਦਨ ਅਨੁਸਾਰ ਲੰਦਨ ਦੇ ਬਲੇਂਦਿਮਫੋਨਟੀਨ ਰੋਡ ਦੇ ਇਕ ਸਿਖ ਸਬ ਪੋਸਟ-ਮਾਸਟਰ ਸੁਰਿੰਦਰ ਸਿੰਘ ਨਾਮੇ ਨੂੰ ਦੋ ਡਾਕੂਆਂ ਨੇ ਘੇਰ ਕੇ ਕੈਸ਼ ਦੀਆਂ ਚਾਬੀਆਂ ਮੰਗੀਆਂ ਤੇ ਛੁਰਾ ਮਾਰਨ ਦੀ ਧਮਕੀ ਦਿਤੀ। ੩੯ ਸਾਲਾ ਸਿਖ ਨੇ ਕਿਹਾ, "ਕੋਈ ਚੀਜ਼ ਲਿਜਾਣ ਤੋਂ ਪਹਿਲਾਂ ਤੁਹਾਨੂੰ ਮੈਨੂੰ ਮਾਰਨਾ ਪਵੇਗਾ। ਮੈਨੂੰ ਬਰਤਾਨਵੀ ਗੌਰਮਿੰਟ ਨੇ ਇਸ ਡਿਉਟੀ ਤੇ ਨੌਕਰ ਰਖਿਆ ਹੈ ਤੇ ਮੈਂ ਆਖਰੀ ਦੰਮ ਤਕ ਨਿਮਕ ਹਲਾਲ ਕਰਾਂਗਾ। ਇਕ ਡਾਕੂ ਜਿਸ ਪਾਸ ਹਥੌੜਾ ਸੀ ਨੇ ਦੂਜੇ ਨੂੰ ਕਿਹਾ, "ਅਛਾ! ਇਸ ਨੂੰ ਮਾਰ ਦਿਓ।" ਦੂਜਾ ਛੁਰਾ ਲੈ ਕੇ ਅਗੇ ਹੋਇਆ ਤਾਂ ਸੁਰਿੰਦਰ ਸਿੰਘ ਦੀ ਪਤਨੀ, ਸ਼ਰਨ (੩੦ ਸਾਲ) ਫੌਰਨ ਉਸ ਤੇ ਝਪਟ ਪਈ। ਉਸ ਦੇ ਹਥ ਤੇ ਚਾਕੂ ਦਾ ਜ਼ਖ਼ਮ ਆਇਆ ਪਰ ਡਾਕੂ ਸਖ਼ਤ ਮੁਕਾਬਲੇ ਤੋਂ ਘਬਰਾ ਕੇ ਨਸ ਗਏ। ਬਰਤਾਨਵੀ ਗੌਰ-ਮਿੰਟ ਸਿਖ ਦੰਪਤੀ ਨੂੰ ਸਨਮਾਨਤ ਕਰੇਗੀ।

*** ਅੰਮ੍ਰਿਤਸਰ ਪੂਰਬੀ ਸੀਟ ਦੀ ਉਪ ਚੋਣ ***

ਅੰਮ੍ਰਿਤਸਰ ਸ਼ਹਿਰ ਦੇ ਪੂਰਬੀ ਹਲਕੇ ਤੋਂ ਵਿਧਾਨ ਸਭਾ ਦੀ ਸੀਟ ਜੋ ਸ੍ਰੀ ਗਿਆਨ ਚੰਦ ਖਰਬੰਦਾ ਖੁਰਾਕ ਮੰਤ੍ਰੀ ਦੀ ਮ੍ਰਿਤੂ ਕਰ ਕੇ ਖਾਲੀ ਹੋਈ ਸੀ, ਲਈ ਉਪ ਚੁਣਾਓ ੨੪ ਮਾਰਚ ਨੂੰ ਹੋਵੇਗਾ।

* ੧੨ ਜਨਵਰੀ—ਸ੍ਰੀ ਪਾਵਟੇ ਗਵਰਨਰ ਪੰਜਾਬ ਨੂੰ ਗੁਰੂ ਨਾਨਕ ਯੂਨੀਵਰਸਟੀ ਵਲੋਂ ਸਾਇੰਸ ਦੀ ਆਨ-ਰੇਰੀ ਡਾਕਟ੍ਰੇਟ ਦੀ ਡਿਗਰੀ ਪ੍ਰਦਾਨ ਕੀਤੀ ਗਈ। ਆਪ ਨੇ ਆਪਣੇ ਭਾਸ਼ਣ ਵਿਚ ਕਿਹਾ ਕਿ ਪੰਜਾਬੀ ਨੂੰ ਯੂਨੀ-ਵਰਸਟੀ ਪਧਰ ਤੇ ਸਿਖਿਆ ਦਾ ਮਾਧਯਮ ਬਣਾਨਾ ਚਾਹੀਦਾ ਹੈ।

* ਪੰਜਾਬ ਦੀਆਂ ਬਨਾਸਪਤੀ ਘਿਉ ਬਨਾਣ ਵਾਲੀਆਂ ਮਿਲਾਂ ਨੇ ਸਸਤਾ ਤੇਲ ਨਾ ਮਿਲਣ ਕਾਰਨ ਘਿਉ ਬਨਾਣਾ ਬੰਦ ਕਰ ਦਿਤਾ ਸੀ। ਸਰਕਾਰ ਪੰਜਾਬ ਨੇ ਪੰਜਾਬ ਵਿਚੋਂ ਮੂੰਗਫਲੀ ਤੇ ਵੜੇਵੇਂ ਬਾਹਰ ਜਾਣੇ ਬੰਦ ਕਰ ਕੇ ਏਹਨਾਂ ਦੇ ਤੇਲਾਂ ਦੇ ਭਾ ਪੰਜਾਬ ਵਿਚ ਘਟਾ ਦਿਤੇ। ਤਦ ਮਿਲਾਂ ਨੇ ਘਿਉ ਬਨਾਣਾ ਸ਼ੁਰੂ ਕੀਤਾ,

ਇਸ ਤਰ੍ਹਾਂ ਕਿਸਾਨਾਂ ਨੂੰ ਇਨ੍ਹਾਂ ਜਿਨਸਾਂ ਦੇ ਭਾ ਥੋੜੇ ਮਿਲਣਗੇ। ਕਿਸਾਨਾਂ ਨਾਲ ਇਹ ਵਿਤਕਰਾ ਕਰਨ ਪੁਰ ਅਸੈਂਬਲੀ ਦੇ ਅਪੋਜੀਸ਼ਨ ਲੀਡਰ, ਸ: ਪ੍ਰਕਾਸ਼ ਸਿੰਘ ਬਾਦਲ ਨੇ ਭਾਰਾ ਪ੍ਰੋਟੈਸਟ ਕੀਤਾ ਹੈ।

* ਚੰਡੀਗੜ੍ਹ ਤੇ ਫ਼ਾਜ਼ਲਕਾ ਅਬੋਹਰ ਦੇ ਫੈਸਲਾ *

ਪੰਜਾਬ ਦੇ ਮੁਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਕਿਹਾ ਹੈ ਕਿ ਚੰਡੀਗੜ੍ਹ ਬਦਲੇ ਹਰਿਆਨੇ ਨੂੰ ਫਾਜ਼ਲਕਾ ਤੇ ਅਬੋਹਰ ਦੇ ਕਪਾਹ ਦੇ ਇਲਾਕੇ ਦੇਣ ਦਾ ਫੈਸਲਾ ਪ੍ਰਧਾਨ ਮੰਤਰੀ ਦਾ ਸਾਲਸੀ ਫੈਸਲਾ ਨਹੀਂ ਸੀ ਸਗੋਂ ਕੇਂਦਰੀ ਸਰਕਾਰ ਦਾ ਫੈਸਲਾ ਸੀ ਜੋ ਬਦਲਿਆ ਜਾ ਸਕਦਾ ਹੈ। ਚੌਧਰੀ ਬੰਸੀ ਲਾਲ, ਮੁਖ ਮੰਤ੍ਰੀ ਹਰਿਆਨਾ ਨੇ ਕਿਹਾ ਹੈ ਕਿ ਇਹ ਸਾਲਸੀ ਫ਼ੈਸਲਾ ਹੈ ਜੋ ਬਦਲਿਆ ਨਹੀਂ ਜਾ ਸਕਦਾ। ਕੇਂਦਰੀ ਰਾਜ ਮੰਤ੍ਰੀ ਗ੍ਰਹਿ ਵਿਭਾਗ, ਸ੍ਰੀ ਰਾਮ ਨਿਵਾਸ ਮੀਰਧਾ ਨੇ ਕਿਹਾ ਹੈ ਕਿ ਇਹ ਕੇਂਦਰੀ ਸਰਕਾਰ ਦਾ ਫੈਸਲਾ ਹੈ, ਪ੍ਰਧਾਨ ਮੰਤ੍ਰੀ ਦਾ ਐਵਾਰਡ ਨਹੀਂ, ਪਰ ਇਹ ਤਦ ਤਕ ਬਦਲਿਆ ਨਹੀਂ ਜਾ ਸਕਦਾ ਜਦ ਤਕ ਪੰਜਾਬ ਤੇ ਹਰਿਆਨੇ ਦੇ ਮੁਖ ਮੰਤ੍ਰੀ ਕੋਈ ਹੋਰ ਹੱਲ ਆਪਸੀ ਸਮਝੌਤੇ ਨਾਲ ਪੇਸ਼ ਨਹੀਂ ਕਰਦੇ ਸ: ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਚੰਡੀਗੜ੍ਹ ਦਾ ਫੈਸਲਾ ਤਾਂ ਸਾਲਸੀ ਫੈਸਲਾ ਹੈ ਪਰ ਫਾਜ਼ਲਕਾ ਅਬੋਹਰ ਇਲਾਕੇ ਦਾ ਸੁਆਲ ਕਦੇ ਕਿਸੇ ਸਾਲਸ ਸਪੁਰਦ ਕੀਤਾ ਹੀ ਨਹੀਂ ਇਹ ਸਾਲਸੀ ਫੈਸਲਾ ਨਹੀਂ, ਵਾਧੂ ਧੱਕਾ ਹੈ। ਸੋ ਚੰਡੀਗੜ੍ਹ ਦਾ ਫ਼ੈਸਲਾ ਤਾਂ ਲਾਗੂ ਹੋ ਸਕਦਾ ਹੈ ਪਰ ਫਾਜ਼ਲਕਾ ਅਬੋਹਰ ਦਾ ਨਹੀਂ ਕਿਉਂਕਿ ਇਹ ਇਕ ਲਾਰਾ ਸੀ ਜਿਹੜਾ ਹਰਿਆਨੇ ਨੂੰ shock (ਸਦਮੇ) ਤੋਂ ਬਚਾਣ ਲਈ ਲਾਇਆ ਗਿਆ ਸੀ।

* ਹੋਰ ਖਬਰਾਂ *

* ਅਹਿਮਦਾਬਾਦ ਅਤੇ ਗੁਜਰਾਤ ਦੇ ਹੋਰ ਸ਼ਹਿਰਾਂ ਵਿਚ ਅੰਨ ਦੇ ਤੋੜੇ ਕਰ ਕੇ ਸਾਰਾ ਮਹੀਨਾ ਬਲਵੇ ਹੁੰਦੇ ਰਹੇ, ਕਰਫੀਉ ਆਰਡਰ, ਲਾਠੀਚਾਰਜ ਤੇ ਅਥਰੂ ਗੈਸ ਅਤੇ ਪੁਲਸ ਦੀਆਂ ਗੋਲੀਆਂ ਨਾਲ ੪੨ ਬੰਦੇ ਮਰੇ ਤੇ ਅਨੇਕਾਂ ਘਾਇਲ ਹੋਏ। ਅੰਤ ਅਹਿਮਦਾਬਾਦ ਫ਼ੌਜ ਦੇ ਸਪੁਰਦ ਕੀਤਾ ਗਿਆ, ਤਾਂ ਕੁਝ ਟਿਕ-ਟਿਕਾ ਹੋਇਆ ਹੈ।

* ਮਿਸਰ ਤੇ ਇਜ਼ਰਾਈਲ ਵਿਚਕਾਰ ਡਾਕਟਰ ਕੇਸਿੰਗਰ, ਵਿਦੇਸ਼ ਮੰਤ੍ਰੀ, ਅਮਰੀਕਾ ਰਾਹੀਂ ਸਮਝੌਤਾ ਹੋ ਗਿਆ ਹੈ ਤੇ ਇਜ਼ਰਾਈਲ ਨੇ ਆਪਣੀਆਂ ਫ਼ੌਜਾਂ ਨਹਿਰ ਸੁਏਜ਼ ਦੇ ਪਛਮੀ ਕੰਢੇ ਤੋਂ ਹਟਾ ਕੇ ਪੂਰਬੀ ਕੰਢੇ ਤੋਂ ਭੀ ੧੦ ਮੀਲ ਦੂਰ ਸਿਨਾਈ ਥਲ ਦੇ ਪਹਾੜਾਂ ਉਹਲੇ ਲੈ ਆਉਣੀਆਂ ਮੰਨ ਲਈਆਂ। ੨੮ ਜਨਵਰੀ ਨੂੰ ਪਛਮੀ ਕੰਢਾ ਖਾਲੀ ਕਰ ਕੇ ਕੌਮਾਂਤ੍ਰੀ ਫੌਜਾਂ ਦੇ ਹਵਾਲੇ ਕਰ ਦਿਤਾ ਗਿਆ, ਜਿਨ੍ਹਾਂ ਕੁਝ ਘੰਟਿਆਂ ਪਿਛੋਂ ਇਹ ਸਾਰਾ ਇਲਾਕਾ ਮਿਸਰ ਨੂੰ ਮੋੜ ਦਿਤਾ। ਅਜੇ ਤਕ ਡਾਕਟਰ ਕੇਸਿੰਗਰ ਸੀਰੀਆ ਨੂੰ ਸੁਲ੍ਹਾ ਦੀ ਗਲ ਬਾਤ ਲਈ ਤਿਆਰ ਨਹੀਂ ਕਰ ਸਕਿਆ।

* ਪਿਛਲੇ ੩੦ ਸਾਲਾਂ ਵਿਚ ਇਤਨੀ ਠੰਢ ਧਰਤੀ ਤੇ ਕਦੇ ਨਹੀਂ ਪਈ ਜਿੰਨੀ ਇਸ ਸਾਲ ਪਈ ਹੈ। ਇਸ ਨਾਲ ਉਤਰੀ ਭਾਰਤ ਵਿਚ ੨੫੦ ਤੋਂ ਵਧ ਬੰਦੇ ਮਰੇ ਹਨ। ਸਾਇੰਸਦਾਨਾਂ ਨੇ ਇਸ ਸੰਸਾਰ-ਵਿਆਪੀ ਠੰਢ ਦਾ ਕਾਰਣ ਇਹ ਦਸਿਆ ਹੈ ਕਿ ਸੂਰਜ ਵਿਚੋਂ ੨੦੦ ਤੋਂ ੪੦੦ ਸਾਲ ਬਾਦ ਕਿਰਨਾਹਟ ਦਾ ਜ਼ੋਰ ਘਟ ਜਾਂਦਾ ਹੈ। ਸੰਨ ੧੮੯੦ ਤੋਂ ੧੯੪੦ ਤਕ ਇਹ ਵਧਦਾ ਰਿਹਾ ਹੈ। ੧੯੪੦ ਪਿਛੋਂ ਸੂਰਜ ਦੀ ਕਿਰਨਾਹਟ ਨਰਮ ਪੈਣੀ ਸ਼ੁਰੂ ਹੋਈ ਹੈ।

* ਸਤੰਬਰ ੧੯੭੩ ਤਕ ਰੁਪੈ ਦੀ ਖਰੀਦ ਸ਼ਕਤੀ ਘਟ ਕੇ ੩੬ ਪੈਸੇ ਰਹਿ ਗਈ। ਵੱਡਾ ਕਾਰਨ ਬਹੁਤੇ ਨੋਟਾਂ ਦਾ ਛਾਪ ਕੇ ਚਾਲੂ ਕਰਨਾ ਹੈ।

* ਇਜ਼ਰਾਈਲ ਤੇ ਮਿਸਰ ਵਿਚਕਾਰ ਬਦ-ਭਾਵਨਾ ਵਧ ਜਾਣ ਨਾਲ ਨਹਿਰ ਸੁਏਜ਼ ਖੁਲ੍ਹ ਜਾਣ ਦੀ ਆਸ ਲਗ ਗਈ ਹੈ ਜਿਸ ਨਾਲ ਰੂਸ ਦਾ ਸਮੁੰਦਰੀ ਤੱਟ ਹਿੰਦ ਸਾਗਰ ਤੋਂ ੧੧ ਹਜ਼ਾਰ ਮੀਲ ਤੋਂ ਘਟ ਕੇ ੨੨ ਸੌ ਮੀਲ ਦੂਰ ਰਹਿ ਜਾਏਗਾ। ਪ੍ਰਗਟ ਹੈ ਕਿ ਰੂਸੀ ਸਮੁੰਦਰੀ ਬੇੜੇ ਦਾ ਅਸਰ ਹਿੰਦ ਅਤੇ ਹੋਰ ਪੂਰਬੀ ਵਰਗਾਂ ਤੇ ਵਧ ਜਾਏਗਾ।

* ਭਾਖੜੇ ਦੀ ਝੀਲ ਗੋਬਿੰਦ ਸਾਗਰ ਵਿਚ ਪਾਣੀ ਦਾ ਸਤਰ ਘਟ ਗਿਆ ਹੈ। ਇਸ ਕਰ ਕੇ ਬਿਜਲੀ ਘਟ ਬਣ ਰਹੀ ਹੈ। ਪੰਜਾਬ ਵਿਚ ੨੦ ਪ੍ਰਤੀ ਸੌ ਦੀ ਕਟੌਤੀ ਬਿਜਲੀ ਦੀ ਸਪਲਾਈ ਵਿਚ ਕਰ ਦਿਤੀ ਗਈ ਹੈ।

* ਹਿੰਦ ਤੇ ਰੂਸ ਵਿਚਕਾਰ ੬੭੦ ਕ੍ਰੋੜ ਰੁਪੈ ਦੇ ਲੈਣ ਦੇਣ ਦਾ ਵਪਾਰਕ ਸੌਦਾ ਹੋ ਕੇ ੨੧ ਜਨਵਰੀ ਨੂੰ ਦਸਖਤ ਹੋ ਗਏ। ਇਸ ਅਨੁਸਾਰ ਰੂਸ ਭਾਰਤ ਨੂੰ ੧੦ ਲਖ ਟਨ ਮਿਟੀ ਦਾ ਤੇਲ, ੧ ਲਖ ਟਨ ਡੀਜ਼ਲ, ਕਾਫੀ ਮਾਤ੍ਰਾ ਵਿਚ ਅਖਬਾਰੀ ਕਾਗਜ਼ ਤੇ ਰਸਾਇਣਕ ਖਾਦਾਂ ਦੇਵੇਗਾ।

ਸੰਮਤ ੨੦੩੦ ਦੀ

ਮਾਘ ਦੀ ਸੰਗ੍ਰਾਂਦ ਦਾ ਗੁਰਵਾਕ

(ਜੋ ੧ ਮਾਘ ਸੰਮਤ ੨੦੩੦ ਮੁਤਾਬਕ ੧੩ ਜਨਵਰੀ ੧੯੭੪ ਨੂੰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਆਇਆ)

ਸੋਰਠਿ ਮਹਲਾ ੫ ॥

(੧੪੩੦ ਪੰਨੇ ਵਾਲੀ ਬੀੜ ਦਾ ਅਨੁਸਾਰੀ ਪੰਨਾ ੬੨੩ ਪਾਲ ੧੫)

ਗੁਰਿ ਪੂਰੈ ਚਰਨੀ ਲਾਇਆ ॥ ਹਰਿ ਸੰਗਿ ਸਹਾਈ ਪਾਇਆ ॥ ਜਹ ਜਾਈਐ ਤਹਾ ਸੁਹੇਲੇ ॥ ਕਰਿ ਕਿਰਪਾ ਪ੍ਰਭਿ ਮੇਲੇ ॥ ੧ ॥ ਹਰਿ ਗੁਣ ਗਾਵਹੁ ਸਦਾ ਸੁਭਾਈ ॥ ਮਨਚਿੰਦੇ ਸਗਲੇ ਫਲ ਪਾਵਹੁ ਜੀਅ ਕੈ ਸੰਗਿ ਸਹਾਈ ॥ ੧ ॥ ਰਹਾਉ ॥ ਨਾਰਾਇਣ ਪ੍ਰਾਣ ਅਧਾਰਾ ॥ ਹਮ ਸੰਤ ਜਨਾਂ ਰੇਨਾਰਾ ॥ ਪਤਿਤ ਪੁਨੀਤ ਕਰਿ ਲੀਨੇ ॥ ਕਰਿ ਕਿਰਪਾ ਹਰਿ ਜਸੁ ਦੀਨੇ ॥ ੨ ॥ ਪਾਰਬ੍ਰਹਮ ਕਰੇ ਪ੍ਰਤਿਪਾਲਾ ॥ ਸਦ ਜੀਅ ਸੰਗਿ ਰਖਵਾਲਾ ॥ ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥ ਬਹੁੜਿ ਨ ਜੋਨੀ ਪਾਈਐ ॥ ੩ ॥ ਜਿਸੁ ਦੇਵੈ ਪੁਰਖੁ ਬਿਧਾਤਾ ॥ ਹਰਿ ਰਸੁ ਤਿਨ ਹੀ ਜਾਤਾ ॥ ਜਮ ਕੰਕਰੁ ਨੇੜਿ ਨ ਆਇਆ ॥ ਸੁਖੁ ਨਾਨਕ ਸਰਣੀ ਪਾਇਆ ॥੪॥੯॥੫੯॥

ਮਾਘ ਦੀ ਸੰਗ੍ਰਾਂਦ ਦਾ ਗੁਰਵਾਕ

(ਪਿਛਲੇ ਪੰਨੇ ਤੇ ਮਾਘ ਸੰਮਤ ੨੦੩੦ ਦੀ ਸੰਗ੍ਰਾਂਦ ਦਾ ਗੁਰਵਾਕ ਮੋਟੇ ਅਖਰਾਂ ਵਿਚ ਛਾਪ ਕੇ ਪਾਠਕਾਂ ਦੀ ਭੇਟਾ ਕੀਤਾ ਗਿਆ ਹੈ, ਤਾਂ ਜੋ ਇਹ ਸ਼ੀਸ਼ੇ ਵਿਚ ਮੜ੍ਹਾਇਆ ਜਾ ਸਕੇ ਤੇ ਇਸ ਦਾ ਉਪਦੇਸ਼ ਸਾਰਾ ਮਹੀਨਾ ਅੱਖਾਂ ਅਗੇ ਰਹੇ। ਹੇਠਾਂ ਸ਼ਬਦ ਦਾ ਅਰਥ ਤੇ ਭਾਵਅਰਥ ਭੇਟਾ ਕੀਤਾ ਜਾਂਦਾ ਹੈ।)

ਅਰਥ—ਇਸ ਤੋਂ ਉਪਰਲੇ ਦੋ ਸ਼ਬਦ ਤੇ ਇਹ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਸੰਪੂਰਨ ਹੋਣ ਤੇ ਸੁਧਾਸਰ ਸਰੋਵਰ ਦੇ ਭਰੇ ਜਾਣ ਦੀ ਖੁਸ਼ੀ ਵਿਚ ਉਚਾਰੇ ਸਨ। ਇਹਨਾਂ ਵਿਚ ਹਰੀ ਦਾ ਧੰਨਵਾਦ ਤੇ ਸ੍ਰੀ ਗੁਰੂ ਰਾਮਦਾਸ ਜੀ ਦਾ ਉਹਨਾਂ ਦੇ ਜ਼ਿਮੇ ਲਾਏ ਕੰਮ ਦੀ ਸੰਪੂਰਣਤਾ ਦੀ ਖੁਸ਼ੀ ਪ੍ਰਗਟ ਕਰਦਾ ਹੈ ਪਰ ਏਡੇ ਵਡੇ ਕੰਮ ਦੀ ਸੰਪੂਰਣਤਾ ਕਰਨ ਪੁਰ ਭੀ ਹਦ ਦਰਜੇ ਦੀ ਨਿਮਰਤਾ ਹੈ। ਫੁਰਮਾਂਦੇ ਹਨ ਕਿ:—

ਪੂਰੇ ਗੁਰੂ ਜੀ, ਸ੍ਰੀ ਗੁਰੂ ਰਾਮਦਾਸ ਜੀ ਨੇ ਮੈਨੂੰ ਦਾਸ ਨੂੰ ਆਪਣੇ ਚਰਨੀਂ ਲਾਇਆ ਤਾਂ ਮੈਂ ਹਰੀ ਨੂੰ ਸਦਾ ਆਪਣੇ ਅੰਗ ਸੰਗ ਤੇ ਸਹਾਈ ਪਾਇਆ। ਜਿਥੇ ਵੀ ਜਾਈਏ ਉਸ ਦੀ ਕਿਰਪਾ ਨਾਲ ਸੁਖੀ ਹੋਈਦਾ ਹੈ। ਪ੍ਰਭੂ ਕਿਰਪਾ ਕਰ ਕੇ ਆਪਣੇ ਨਾਲ ਮੇਲੀ ਰਖਦਾ ਹੈ।੧। ਸੋ ਹੇ ਸੰਗੀਓ, ਸਾਥੀਓ ਤੇ ਮਿਥੋ, ਹਰੀ ਗੁਣ ਗਾਵੋ ਬਹੁਤ ਪ੍ਰੇਮ ਭਾਵ ਨਾਲ, ਤਾਂ ਉਹ ਪ੍ਰਭੂ ਤੁਹਾਡੇ ਸਦਾ ਸਹਾਈ ਹੋਵੇਗਾ ਤੇ ਤੁਸੀਂ ਮਨ ਇਛੇ ਫਲ ਪਾਓਗੇ।੧। ਰਹਾਉ। ਸਾਡਾ ਹੁਣ ਜੀਵਨਾ ਐਸਾ ਹੋ ਗਿਆ ਹੈ ਕਿ ਨਾਰਾਇਣ ਦਾ ਨਾਮ ਪ੍ਰਾਣਾਂ ਦਾ ਅਧਾਰ ਬਣ ਗਿਆ ਹੈ ਤੇ ਅਸੀਂ ਸੰਤ ਜਨਾਂ ਦੀ ਧੂੜ ਹੋ ਗਏ ਹਾਂ। ਏਹਨਾਂ ਨੇ ਅਸਾਂ ਪਤਤਾਂ (ਡਿਗੇ ਹੋਇਆਂ) ਨੂੰ ਪਵਿਤਰ ਕਰ ਲਿਆ ਹੈ ਤੇ ਕਿਰਪਾ ਕਰ ਕੇ ਹਰੀ ਜਸ ਸੁਨਣ ਗਾਉਣ ਤੇ ਕਹਿਣ ਦਾ ਦਾਨ ਦਿਤਾ ਹੈ।੨। ਪਾਰਬ੍ਰਹਮ ਸਾਡੀ ਪੂਰੀ ਤਰ੍ਹਾਂ ਪਾਲਨਾ ਕਰਦਾ ਹੈ ਤੇ ਸਦਾ ਸਾਡੀ ਜੀਵਾਤਮਾ (ਮਨ, ਜਾਨ, ਆਤਮਾ) ਦਾ ਰਖਵਾਲਾ ਬਣ ਗਿਆ ਹੈ। ਸੋ ਐਸੇ ਹਰੀ ਦਾ ਦਿਨ ਰਾਤ ਕੀਰਤਨ ਗਾਉਣਾ ਚਾਹੀਏ। ਇਸ ਨਾਲ ਜੋ ਜਨਮ ਮਰਨ ਦਾ ਗੇੜ ਹੈ ਕਟਿਆ ਜਾਏਗਾ।੩। ਹਰੀ ਕੀਰਤਨ ਗਾਉਣਾ ਤੇ ਇਸ ਦਾ ਅਨੰਦ ਮਾਨਣਾ ਹਰੀ-ਰਸ ਹੈ, ਇਹ ਜਿਸ ਨੂੰ ਬਿਧਾਂ ਬਨਾਣ ਵਾਲਾ, ਬਿਧਾਤਾ, ਕਰਤਾਰ ਦੇਵੇ, ਉਸ ਨੂੰ ਹੀ ਇਸ ਰਸ ਦਾ ਸੁਆਦ ਆਉਂਦਾ ਹੈ। ਫਿਰ ਉਸ ਦੇ ਨੇੜੇ ਜਮ ਦਾ ਦੂਤ ਨਹੀਂ ਆਉਂਦਾ। ਇਉਂ ਮੈਂ ਨਾਨਕ ਨੇ ਹਰੀ ਦੀ ਸ਼ਰਣ ਵਿਚ ਆ ਕੇ ਸਦੀਵੀ ਸੁਖ ਪਾ ਲਿਆ ਹੈ।

ਭਾਵਾਰਥ—ਹਰੀਮੰਦਰ ਸੰਪੂਰਣ ਹੋਣ ਦੀ ਅਮਲੀ ਖੁਸ਼ੀ ਇਹੋ ਹੈ ਕਿ ਵਾਹਿਗੁਰੂ ਹਿਰਦੇ ਵਿਚ ਵਸ ਜਾਵੇ ਤੇ ਸਰੀਰ ਵਿਚ ਇਕ ਹਰੀ ਦਾ ਮੰਦਰ ਬਣ ਜਾਵੇ। ਸੋ ਹਰੀਮੰਦਰ ਦਾ ਅੰਤ੍ਰੀਵ ਭਾਵ ਇਸ ਸ਼ਬਦ ਵਿਚ ਸਤਿਗੁਰੂ ਦਸਦੇ ਹਨ। ਕਈ ਲੋਕ ਪੁਛਦੇ ਹਨ ਕਿ 'ਹਰਿਗੁਣ ਗਾਵਹੁ ਸਦਾ ਸੁਭਾਈ ॥ ਮਨਚਿੰਦੇ ਫਲ ਪਾਵਹੁ ਜੀਅ ਕੈ ਸੰਗਿ ਸਹਾਈ' ਅਨੁਸਾਰ ਕੀ ਸਚ ਮੁਚ ਪ੍ਰੇਮ ਨਾਲ ਹਰਿ ਗੁਣ ਗਾਉਣ ਵਾਲੇ ਨੂੰ ਮਨ ਇਛੇ ਫਲ ਮਿਲਦੇ ਹਨ। ਗੁਰੂ ਅਰਜਨ ਦੇਵ ਜੀ ਨੂੰ ਤਾਂ ਗੁਣਾਂ ਦਾ ਹਿਰਦੇ ਵਿਚ ਸੰਚਾਰ ਕਰਨ ਦੇ ਬਦਲੇ ਜਾਨ ਦੇਣੀ ਪਈ।

ਪਰ ਭਾਈ ਵੇਖਣਾ ਤਾਂ ਇਹ ਹੈ ਕਿ ਸਤਿਗੁਰੂ ਮਨੋਂ ਕੀ ਚਾਹੁੰਦੇ ਸਨ? ਗੁਰੂ ਜੀ ਚਾਹੁੰਦੇ ਸਨ ਕਿ ਹੇ ਕਰਤਾਰ ਤੇਰਾ ਕੀਆ ਮੈਨੂੰ ਸਦਾ ਮਿੱਠਾ ਲਗੇ ਤੇ ਤੇਥੋਂ ਮੈਂ ਹਰੀ ਨਾਮ ਹੀ ਮੰਗਦਾ ਰਹਾਂ। ਵਾਹਿਗੁਰੂ ਨੇ ਉਹਨਾਂ ਸ਼ਹਾਦਤ ਦਾ ਜਾਮ ਪਿਲਾ ਕੇ ਉਹਨਾਂ ਦੇ ਮਨ ਦੀ ਇਛਾ ਪੂਰਨ ਕਰ ਦਿਤੀ ਤੇ ਉਹ ਅਖੀਰ ਦੰਮ ਤਕ ਹਰਿਨਾਮ ਪੜ੍ਹਦੇ ਰਹੇ। ਉਹਨਾ ਦੇ ਇਸ ਦੇਵੀ ਗੁਣ ਦਾ ਪ੍ਰਗਟਾਵਾ ਕਰਨ ਦਾ ਸਰਵੋਤਮ ਤਰੀਕਾ ਇਹੋ ਹੀ ਸੀ ਕਿ ਸਖਤ ਤਸੀਹਿਆਂ ਵਿਚ ਵੀ ਉਹਨਾਂ ਦੇ ਭਾਣੇ ਮੰਨਣ ਦਾ ਗੁਣ ਤੇ ਹਰੀਨਾਮ ਹੀ ਮੰਗਣ ਦੀ ਮੰਗ ਸਾਰੀ ਸ੍ਰਿਸ਼ਟੀ ਤੇ ਉਜਾਗਰ ਹੋਈ। ਤੇ ਉਹ ਹੋਈ ਤੇ ਰਹਿੰਦੀ ਦੁਨੀਆਂ ਤਕ ਉਜਾਗਰ ਰਹੇਗੀ।

✶

ਪਾਠਕਾਂ ਨੂੰ ਜ਼ਰੂਰੀ ਬੇਨਤੀਆਂ

ਪਾਠਕ ਜੀ, ਅਸੀਂ ਆਪ ਦੀ ਖੁਸ਼ੀ ਲੈਣ ਲਈ ਸਾਰਾ ਜ਼ੋਰ ਲਾਉਂਦੇ ਹਾਂ। ਕੋਸ਼ਸ਼ ਕਰਦੇ ਹਾਂ ਕਿ ਕੋਈ ਉਕਾਈ ਨਾ ਰਹੇ। ਪਰ ਫਿਰ ਵੀ ਜੇ ਕੋਈ ਰਹਿ ਜਾਏ, ਤਾਂ ਆਪ ਜ਼ਰੂਰ ਸਾਨੂੰ ਲਿਖੋ।

ਪਰਚਾ ਹਰ ਮਹੀਨੇ ਸ਼ੁਰੂ ਹੁੰਦੇ ਪਹਿਲੇ ਤਿੰਨ ਦਿਨਾਂ ਵਿਚ ਡਾਕੇ ਪਾ ਦਿਤਾ ਜਾਂਦਾ ਹੈ। ਹਜ਼ਾਰਾਂ ਵਿਚੋਂ ਕਿਸੇ ਦਾ ਰੇਪਰ ਫਟ ਜਾਂਦਾ ਹੈ, ਕੋਈ ਚੁਰਾ ਲਿਆ ਜਾਂਦਾ ਹੈ ਤੇ ਕੋਈ ਟਿਕਾਣੇ ਪਹੁੰਚ ਕੇ ਨਜ਼ਰੋਂ ਉਟਕ ਜਾਂਦਾ ਹੈ ਤੇ ਹੋਰ ਘਰ ਦਾ ਕੋਈ ਮੈਂਬਰ, ਜਾਂ ਸਜਣ ਮਿਤਰ, ਜਾਂ ਦੁਕਾਨ ਦਾ ਗ੍ਰਾਹਕ ਚੁਕ ਲਿਜਾਂਦਾ ਹੈ, ਜਾਂ ਤੁਸੀਂ ਡਾਕ ਪਹੁੰਚਣ ਸਮੇਂ ਬਾਹਰ ਗਏ ਹੁੰਦੇ ਹੋ। ਇਨ੍ਹਾਂ ਹਾਲਤਾਂ ਵਿਚ ਅਸੀਂ ਤੁਹਾਡੀ ਮੰਗ ਪਹੁੰਚਣ ਤੇ ਫ਼ੌਰਨ ਦੂਜਾ ਪਰਚਾ ਭੇਜ ਦੇਂਦੇ ਹਾਂ। ਅਸੀਂ ਚਾਹੁੰਦੇ ਹਾਂ ਕਿ ਦੁਬਾਰਾ ਪਰਚਾ ਭੇਜ ਕੇ ਤੁਹਾਨੂੰ ਇਤਲਾਹ ਵੀ ਦੇਈਏ ਪਰ ਦਸ ਪੈਸੇ ਹੋਰ ਖਰਚਣ ਲਈ ਦਿਲ ਨਹੀਂ ਕਰਦਾ। ਸੋ ਤੁਸੀਂ ਜਵਾਬੀ ਕਾਰਡ ਭੇਜੋ ਤਾਂ ਅਸੀਂ ਤੁਹਾਨੂੰ ਦੁਬਾਰਾ ਪਰਚੇ ਭੇਜਣ ਦੀ ਇਤਲਾਹ ਵੀ ਦੇ ਸਕਦੇ ਹਾਂ।

ਕਈ ਸਜਣ ਸ਼ਿਕਾਇਤ ਸਮੇਂ ਆਪਣਾ ਚਿਟ ਨੰਬਰ ਨਹੀਂ ਲਿਖਦੇ ਨਾ ਹੀ ਪਰਚਾ ਪਹੁੰਚਣ ਵਾਲਾ ਐਡਰੈਸ ਲਿਖਦੇ ਹਨ, ਜਿਵੇਂ ਕਿ 'ਬਲਵਿੰਦਰ ਸਿੰਘ ਨਾਗਪੁਰ' ਇਸ ਨਾਮ ਤੇ ਸਾਡਾ ਕੋਈ ਪਰਚਾ ਨਹੀਂ ਜਾਂਦਾ। ਅਸੀਂ ਬਿਨਾਂ ਐਡਰੈਸ ਤੋਂ ਪਰਚਾ ਕਿਵੇਂ ਡਾਕੇ ਪਾ ਦੇਈਏ।

ਕਈ ਸਜਣ ਚਿਟ ਦਾ ਮਹੀਨਾ ਨਹੀਂ ਲਿਖਦੇ ਕੇਵਲ ਨੰਬਰ ਲਿਖ ਦੇਂਦੇ ਹਨ। ਇਸ ਦਾ ਸਾਨੂੰ ਕੋਈ ਲਾਭ ਨਹੀਂ। ਸਾਨੂੰ ਨਾਵਾਂ ਦਾ ਤਤਕਰਾ ਫਿਰ ਵੀ ਫੋਲਣਾ ਪੈਂਦਾ ਹੈ ਤੇ ਉਹ ਮਹੀਨਾ ਵੀ ਲਭਣਾ ਪੈਂਦਾ ਹੈ ਜਿਸ ਮਹੀਨੇ ਦੇ ਰਜਿਸਟਰ ਵਿਚ ਪਾਠਕ ਦਾ ਨਾਮ ਹੈ। ਤੁਹਾਡਾ ਚਿਟ ਨੰਬਰ ਤੁਹਾਡੇ ਪਰਚੇ ਦੇ ਰੇਪਰ ਉਤੇ, ਜਿਸ ਵਿਚ ਪਰਚਾ ਲਪੇਟਿਆ ਹੁੰਦਾ ਹੈ, ਹਰ ਮਹੀਨੇ ਲਿਖ ਕੇ ਭੇਜਿਆ ਜਾਂਦਾ ਹੈ। ਇਕ ਵਾਰ ਡਾਇਰੀ ਉਪਰ ਜਾਂ ਕਿਸੇ ਸਾਹਮਣੀ ਕੰਧ ਪੁਰ ਪਿਨਸਲ ਨਾਲ ਮੋਟਾ ਲਿਖ ਲਓ, ਜਾਂ ਮਿਤਰਾਂ ਦੇ ਸਰਨਾਮਿਆਂ ਵਾਲੀ ਕਾਪੀ, ਜਾਂ ਵਹੀ ਦੇ ਪਹਿਲੇ ਪੰਨੇ ਤੇ ਲਿਖ ਲਓ। ਉਹ ਨੰਬਰ ਨਾਲੇ ਤਾਂ ਤੁਹਾਨੂੰ ਯਾਦ ਕਰਾਏਗਾ ਕਿ ਇਸ ਮਹੀਨੇ ਤੁਹਾਡਾ ਚੰਦਾ ਖਤਮ ਹੁੰਦਾ ਹੈ, ਨਾਲੇ ਅਸੀਂ ਤੁਹਾਡੀ ਚਿਠੀ ਅਤੇ ਮਨੀ ਆਰਡਰ ਪਹੁੰਚਣ ਸਮੇਂ ਧੰਨਵਾਦ ਕਰਾਂਗੇ ਕਿ ਕੈਸਾ ਸਮਝਦਾਰ ਤੇ ਹਮਦਰਦ ਵੀਰ ਹੈ, ਜਿਸ ਨੇ ਸਾਡੀ ਖੇਚਲ ਬਚਾਈ ਹੈ।

ਕਈ ਵੀਰ ਏਤਰਾਜ਼ ਕਰ ਭੇਜਦੇ ਹਨ ਕਿ ਅਸਾਂ ਤੁਹਾਨੂੰ ਜਨਵਰੀ ਵਿਚ ਚੰਦਾ ਭੇਜਿਆ ਸੀ, ਸਾਡਾ ਚਿਟ ਨੰਬਰ ਦਸੰਬਰ ਦਾ ਕਿਉਂ ਹੈ? ਬੇਨਤੀ ਹੈ, ਕਿ ਜਿਸ ਮਹੀਨੇ ਤੁਸਾਂ ਸਾਨੂੰ ਚੰਦਾ ਭੇਜਿਆ, ਉਸ ਮਹੀਨੇ ਤੋਂ ਅਸਾਂ ਪਰਚਾ ਭੇਜਣਾ ਸ਼ੁਰੂ ਕਰ ਦਿਤਾ। ਤਾਂ ਅਗਲੇ ਸਾਲ ਉਸੇ ਮਹੀਨੇ ਤੁਹਾਡਾ ਨਵਾਂ ਸਾਲ ਅਰਥਾਤ ਤੇਰ੍ਹਵਾਂ ਮਹੀਨਾ ਸ਼ੁਰੂ ਹੋਵੇਗਾ। ਉਸ ਤੋਂ ਮਹੀਨਾ ਪਹਿਲੇ ਬਾਰਾਂ ਮਹੀਨੇ ਪੂਰੇ ਹੋ ਗਏ। ਇਸ ਲਈ ਜਿਸ ਮਹੀਨੇ ਅਸੀਂ ਪਰਚਾ ਜਾਰੀ ਕਰੀਏ ਉਸ ਤੋਂ ਪਹਿਲੇ ਮਹੀਨੇ ਦਾ ਚਿਟ ਨੰਬਰ ਦੇਂਦੇ ਹਾਂ, ਤਾਂ ਜੋ ਉਸ ਮਹੀਨੇ ਅਗਲੇ ਸਾਲ ਤੁਹਾਨੂੰ ਪਰਚਾ ਭੇਜ ਕੇ ਚੰਦਾ ਮੁਕਣ ਦੀ ਚੇਤਾਵਨੀ ਦੇ ਦੇਈਏ। ਹੁਣ ਵੇਖੋ ਸਾਡਾ ਇਹ ਤਰੀਕਾ ਸਲਾਘਾ ਯੋਗ ਹੈ ਕਿ ਏਤਰਾਜ਼ ਯੋਗ।

ਜਦ ਤੁਹਾਡਾ ਚੰਦਾ ਖਤਮ ਹੋਵੇ, ਤਾਂ ਅਸੀਂ ਪਰਚੇ ਰਾਹੀਂ ਤੁਹਾਨੂੰ ਯਾਦ ਕਰਾਂਦੇ ਹਾਂ, ਫਿਰ ਜਵਾਬੀ ਕਾਰਡ ਭੇਜ ਕੇ ਆਪਣੇ ਖਰਚ ਉਤੇ ਆਪ ਦਾ ਜਵਾਬ ਲੈਣਾ ਲੋਚਦੇ ਹਾਂ। ਫਿਰ ਵੀ ਯਾਦ ਦਿਹਾਨੀ ਕਰਾਉਂਦੇ ਹਾਂ ਕਿ ਜਵਾਬੀ ਕਾਰਡ ਜ਼ਰੂਰ ਵਰਤੋ, ਐਵੇਂ ਨਾ ਰਖ ਛਡੋ, ਜਾਂ ਜੇ ਗੁਆਚ ਗਿਆ ਹੈ ਤਾਂ ਦਸ ਪੈਸੇ ਅਸਾਂ ਸੇਵਕਾਂ ਲਈ ਕੁਰਬਾਨ ਕਰ ਦਿਓ। ਫਿਰ ਵੀ ਜਵਾਬ ਨਹੀਂ ਆਉਂਦਾ, ਤਾਂ ਅਸੀਂ ਵੀ. ਪੀ. ਭੇਜ ਕੇ ਚਿਠੀ ਲਿਖਦੇ ਹਾਂ ਕਿ ਬਿਨਾਂ ਆਗਜ਼ਾ ਤੋਂ ਅਸੀਂ ਆਪੇ ਆਪ ਤੋਂ ਕਿਵੇਂ ਵਿਛੜ ਜਾਈਏ? ਜੇ ਆਪ ਨੇ ਸਾਡੇ ਜਵਾਬੀ

ਕਾਰਡ ਉ ਭੀ ਨਾਂਹ ਨਹੀਂ ਕਰ ਭੇਜੀ, ਤਾਂ ਹੁਣ ਆਪ ਦਾ ਭਰਾਵਾਂ ਵਾਲਾ ਤੇ ਪੰਥਕ ਫਰਜ਼ ਬਣਦਾ ਹੈ ਕਿ ਆਪਣੇ ਆਲਸ ਜਾਂ ਆਪਣੀ ਚੁਪ ਦਾ ਫਾਇਦਾ ਸਾਨੂੰ ਦਿਓ ।

ਪਰ ਫਿਰ ਵੀ ਕਈ ਸਜਣ ਵੀ ਪੀ ਮੋੜ ਛਡਦੇ ਹਨ । ਨਾਂਹ ਵਿਚ ਜਵਾਬ ਦੇਣਾ ਸੀ, ਤਾਂ ਦੋ ਤਿੰਨ ਮਹੀਨੇ ਦਾ ਸਮਾਂ ਬਥੇਰਾ ਸੀ ਫਿਰ ਜਵਾਬੀ ਕਾਰਡ ਭੀ ਸਾਡਾ ਤੁਹਾਡੇ ਪਾਸ ਸੀ । ਕੀ ਨਾਂਹ ਕਰਨ ਵਿਚ ਜ਼ਰੂਰ ਆਪ ਨੇ ਸਾਡਾ ਵੀ ਪੀ ਦਾ ਖਰਚ ਵੀ ਕਰਾਉਣਾ ਸੀ ? ਐਸੇ ਸਜਣਾਂ ਦਾ ਸੇਵਾ ਵਿਚ ਬਨਤੀ ਹੈ ਕਿ ਉਹ ਜਾਂ ਤਾਂ ਸਾਡਾ ਦੋਸ਼ ਦਸਣ, ਜਾਂ ਦੋ ਰੁਪੈ ਆਪਣੇ ਪੁਰ ਜੁਰਮਾਨਾਂ ਲਾ ਕੇ ਸਾਨੂੰ ਮਨੀ ਆਰਡਰ ਕਰਾ ਭੇਜਣ । ਇਉਂ ਨਾਂਹ ਕਰਨੀ ਹੈ, ਤਾਂ ਸਚੀ ਇਜ਼ਤ (with good grace) ਤੇ ਸਦਾਚਾਰ ਨਾਲ ਕਰਨ । ਜੇ ਇਹ ਵਿਵਹਾਰਕ ਸੇਧਾ ਸਾਡੇ ਇਨੇ ਕੁ ਲਿਖਣ ਨਾਲ ਸੰਤ ਸਿਪਾਹੀ ਦੇ ਪਾਠਕ ਗ੍ਰਹਿਣ ਕਰ ਲੈਣ, ਤਾਂ ਅਸੀਂ ਬੜੇ ਖੁਸ਼ ਹੋਵਾਂਗੇ ਕਿ ਸੰਤ ਸਿਪਾਹੀ ਪੜ੍ਹ ਕੇ ਸਭੀ ਹੀ ਪਾਠਕ ਆਪਣਾ ਚਰਿਤਰ ਉਚਾ ਕਰਦੇ ਹਨ ।

ਕਿਸੇ ਦੀ 'ਸਤਿ ਸ੍ਰੀ ਅਕਾਲ' ਜਾਂ 'ਨਮਸਤੇ' ਦਾ ਜਵਾਬ ਨਾ ਦੇਣਾ ਸਮਾਜਕ ਤੇ ਸਦਾਚਾਰਕ ਗੁਨਾਹ ਹੈ, ਇਸੇ ਤਰ੍ਹਾਂ ਕਿਸੇ ਦੀ ਪੁਛ ਦਾ ਉਤਰ ਨਾ ਦੇਣਾ, ਚਿਠੀ ਦਾ ਜਵਾਬ ਨਾ ਦੇਣਾ, ਜਵਾਬੀ ਕਾਰਡ ਤਕ ਨੂੰ ਅਣਗੌਲਿਆਂ ਕਰ ਦੇਣਾ ਭੀ ਏਡਾ ਹੀ ਭਾਈਚਾਰਕ ਤੇ ਸਮਾਜਕ ਗੁਨਾਹ ਹੈ । ਅਸੀਂ ਸੈਂਕੜੇ ਰੁਪੈ ਹਰ ਮਹੀਨੇ ਡਾਕ ਤੇ ਏਵੇਂ ਜ਼ਾਇਆ ਕਰ ਦੇਂਦੇ ਹਾਂ ਤੇ ਰੋਸ ਨਹੀਂ ਕਰਦੇ, ਪਰ ਹੁਣ ਮਹਿੰਗਾਈ ਕਰ ਕੇ ਪੈਸਾ ਪੈਸਾ ਬਚਾਣਾ ਪੈਂਦਾ ਹੈ । ਤਾਂ ਹੀ ਸੰਤ ਸਿਪਾਹੀ ਜਾਰੀ ਰੱਖ ਸਕਾਂਗੇ । ਸੋ ਚੰਗੇ ਵਿਵਹਾਰ ਉਤੇ ਪੂਰਾ ਨਾ ਉਤਰਨ ਵਾਲੇ ਵੀਰਾਂ ਨੂੰ ਉਚੇਚੀ ਬੇਨਤੀ ਹੈ ਤੇ ਰੋਸ ਹੈ ਕਿ ਸਾਡੇ ਨਾਲ ਐਸਾ ਵਿਵਹਾਰ ਨਹੀਂ ਕਰਨਾ ਚਾਹੀਦਾ ।

ਜੇ ਚੰਦਾ ਮੁਕਣ ਵਾਲੇ ਮਹੀਨੇ ਵਿਚ, ਜਾਂ ਸਾਡੀ ਚੇਤਾਵਨੀ ਉਤੇ ਜਾਂ ਸਾਡੇ ਜਵਾਬੀ ਕਾਰਡ ਉਤੇ ਸਾਨੂੰ ਆਪ ਨਾਂਹ ਕਰ ਭੇਜ, ਤਾਂ ਸਾਨੂੰ ਅਫਸੋਸ ਨਹੀਂ ਹੁੰਦਾ । ਸਗੋਂ ਦਿਲੋਂ ਅਸੀਂ ਧੰਨਵਾਦ ਕਰਦੇ ਹਾਂ, ਕਿ ਉਹਨਾਂ ਸਾਡਾ ਹੋਰ ਨੁਕਸਾਨ ਤਾਂ ਨਹੀਂ ਕੀਤਾ ਤੇ ਸਾਡੀ ਤਾਘ ਨਵਿਰਤ ਕਰ ਦਿਤੀ ਹੈ । ਪਰ ਸਾਡਾ ਇਹ ਫੈਸਲਾ ਹੈ ਕਿ ਪਰਚਾ ਤਾਂ ਹੀ ਬੰਦ ਕਰਨਾ ਹੈ ਜੇ ਨਾਂਹ ਆ ਜਾਵੇ, ਜਾਂ ਸਾਰੇ ਪੜਾਅ ਲੰਘ ਕੇ ਵੀ ਪੀ ਵਾਪਸ ਆ ਜਾਏ । ਸੋ ਜਿਹੜੇ ਵੀਰ ਸਾਡੇ ਜ਼ਰੂਰ ਹੀ ਦੋ ਰੁਪੈ ਨੁਕਸਾਨ ਕਰ ਕੇ ਨਾਂਹ ਦਾ ਮਤਲਬ ਸਮਝਾਉਣਾ ਚਾਹੁੰਦੇ ਹਨ, ਉਹ ਬੇਸ਼ਕ ਜਵਾਬ ਨਾ ਦਿਆ ਕਰਨ । ਅਸੀਂ ਅਖਲਾਕ ਦੇ ਸਾਰੇ ਤਕਾਜ਼ੇ ਪੂਰੇ ਕਰਨ ਦਾ ਫੈਸਲਾ ਕਾਇਮ ਰਖਾਂਗੇ ਤੇ ਨੁਕਸਾਨ ਸਹੀ ਜਾਵਾਂਗੇ ।

ਸੰਤ ਸਿਪਾਹੀ ਚਲਦਾ ਰਖਣ ਵਿਚ ਸਾਨੂੰ ਕਿੰਨਾ ਕੁ ਫਾਇਦਾ ਹੁੰਦਾ ਹੈ ਇਹ ਕਿਸੇ ਉਸ ਸੰਸਥਾ ਤੋਂ ਪੁਛੋ ਜਿਹੜੀ ਹਜ਼ਾਰਾਂ ਰੁਪੈ ਆਪਣਾ ਪਰਚਾ ਚਲਦਾ ਰਖਣ ਲਈ ਮਾਹਵਾਰ ਖਰਚ ਕਰਦੀ ਹੈ । ਸੰਤ ਸਿਪਾਹੀ ਪੰਥ ਅਤੇ ਸਿਖੀ ਦਾ ਪਰਚਾਰ ਕਰਦਾ ਹੈ ਤੇ ਪਿਛਲੇ ੨੯ ਸਾਲ ਤੋਂ ਲਗਾਤਾਰ ਬੜੀ ਖੂਬਸੂਰਤੀ ਨਾਲ ਕਰਦਾ ਆ ਰਿਹਾ ਹੈ । ਅਸਾਂ ਤਾਂ ਆਪਣੇ ਸਿਖ ਭਰਾਵਾਂ ਤੇ ਪੰਥ ਦਰਦੀਆਂ ਪਾਸੋਂ ਹੀ ਮਦਦ ਲੈ ਕੇ ਉਹਨਾਂ ਦਾ ਮਨ ਪਸਿੰਦ ਪਰਚਾਰ ਕਰਨਾ ਹਇਆ, ਹੋਰ ਕਿਸੇ ਤੋਂ ਮਦਦ ਲੈ ਕੇ ਉਸ ਦਾ ਪਰਚਾਰ ਨਹੀਂ ਕਰਨਾ । ਜੇ ਆਪ ਸੰਤ ਸਿਪਾਹੀ ਦੀ ਮੌਜੂਦਾ ਪਾਲੀਸੀ ਤੇ ਪਰਚਾਰ ਚਲਦਾ ਰਖਣਾ ਚਾਹੁੰਦੇ ਹੋ, ਤਾਂ ਇਸ ਲਈ ਖਰਚ ਭੀ ਕਰੋ । ਤੇ ਬਹੁਤਾ ਖਰਚ ਭੀ ਕੋਈ ਨਹੀਂ । ਕੇਵਲ ਸਾਲਾਨਾ ਚੰਦਾ ਹੈ ਜੋ ਪੰਜਾ ਭੀ ਰੋਜ਼ ਦਾ ਨਹੀਂ ਬਣਦਾ ਤੇ ਉਹ ਭੀ ਕਿਸ ਦੀਆਂ ਕੋਠੀਆਂ ਮਹੱਲ ਖੜੇ ਕਰਨ ਲਈ ਨਹੀਂ । ਕੇਵਲ ਸੰਤ ਸਿਪਾਹੀ ਦੇ ਅਤ ਜ਼ਰੂਰੀ ਖਰਚ ਪੂਰੇ ਕਰਨ ਲਈ ।

ਜਾਂ ਫਿਰ ਮੇਰੀ ਸੰਤ ਸਿਪਾਹੀ ਚਲਾਣ ਦੀ ਲਗਨ ਨੂੰ ਕੋਈ ਹੋਰ ਸਜਣ ਜਾਂ ਸੰਸਥਾ ਸਿਰ ਚਾ ਲਏ ਤੇ ਮੈਨੂੰ ਹੋਰ ਕਾਰੋਬਾਰ ਕਰਨ ਦੀ ਫੁਰਸਤ ਦੇਵੇ । ਮੈਂ ਇਸ ਦੇ ਖਰਚਾ ਦਾ ਭਾਰ ਕਾਫੀ ਵੰਡਾਵਾਂਗਾ । ਅਗੇ ਦਸ ਨੇ ਤਕੜੇ ਕਾਰੋਬਾਰ ਲਾਇਲਪੁਰ ਵਿਚ ਕੀਤੇ ਹੋਏ ਹਨ ਤੇ ਸਤਿਗੁਰੂ ਦੀ ਕਿਰਪਾ ਨਾਲ ਫਿਰ ਕਰ ਸਕਦਾ ਹਾਂ । ਪਰ ਸੰਤ ਸਿਪਾਹੀ ਨੂੰ ਮੈਂ ਬਿਨਾਂ ਤਸੱਲੀ ਤੋਂ ਛਡ ਨਹੀਂ ਸਕਦਾ।

ਮਾਸਟਰ ਜੀ ਦੇ ਜਾਰੀ ਕੀਤੇ ਪਰਚਿਆਂ ਤੇ ਸੰਸਥਾਵਾਂ ਵਿਚੋਂ ਇਕੋ ਸੰਤ ਸਿਪਾਹੀ ਹੀ ਬਾਕੀ ਹੈ ਜੋ ਉਨ੍ਹਾਂ ਦੀ ਜੋਤ ਨੂੰ ਜਗਾਈ ਰਖ ਸਕਿਆ ਹੈ ।

ਵੀਰੋ ਆਪ ਇਸ ਪੰਥਕ ਕਾਰਜ ਵਿਚ ਕਿਵੇਂ ਤੇ ਕੀ ਸਹਾਇਤਾ ਕਰ ਸਕਦੇ ਹੋ ?

ਦਾਸ-ਮਨਜੀਤ ਸਿੰਘ ਐਡੀਟਰ ਤੇ ਮੈਨੇਜਰ, ਸੰਤ ਸਿਪਾਹੀ
ਗੇਟ ਮਹਾਂ ਸਿੰਘ, ਅੰਮ੍ਰਿਤਸਰ ।

ਮ: ੨

ਦੇਂਦੇ ਥਾਵਹੁ ਦਿਤਾ ਚੰਗਾ
ਮਨਮੁਖਿ ਐਸਾ ਜਾਣੀਐ ॥
ਸੁਰਤਿ ਮਤਿ ਚਤੁਰਾਈ ਤਾ ਕੀ
ਕਿਆ ਕਰਿ ਆਖਿ ਵਖਾਣੀਐ॥
ਅੰਤਰਿ ਬਹਿ ਕੈ ਕਰਮ ਕਮਾਵੈ
ਸੋ ਚਹੁਕੁੰਡੀ ਜਾਣੀਐ ॥
ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ
ਪਾਪਿ ਕਮਾਣੈ ਪਾਪੀ ਜਾਣੀਐ ॥
ਤੂੰ ਆਪੇ ਖੇਲ ਕਰਹਿ ਸਭਿ ਕਰਤੇ
ਕਿਆ ਦੂਜਾ ਆਖਿ ਵਖਾਣੀਐ ॥
ਜਿਚਰੁ ਤੇਰੀ ਜੋਤਿ ਤਿਚਰੁ ਜੋਤੀ
ਵਿਚਿ ਤੂੰ ਬੋਲਹਿ ਵਿਣੁ ਜੋਤੀ
ਕੋਈ ਕਿਛੁ ਕਰਿਹੁ ਦਿਖਾ ਸਿਆਣੀਐ ॥
ਨਾਨਕ ਗੁਰਮੁਖਿ ਨਦਰੀ ਆਇਆ
ਹਰਿ ਇਕੋ ਸੁਘੜੁ ਸੁਜਾਣੀਐ ॥੨॥

-ਪੰਨਾ ੧੩੮ : ਦੂਜੀ ਪਾਤਸ਼ਾਹੀ ਦੀ ਪਉੜੀ-

ਦੇਣ ਵਾਲੇ ਨਾਲੋਂ (ਥਾਵਹੁ) ਦਿਤੀ ਚੀਜ਼ ਚੰਗੀ ਲਗਦੀ ਹੈ ਜਿਸ ਨੂੰ, ਸੋ ਮਨਮੁਖ ਜਾਣੋਂ। ਉਸ ਦੀ ਸਮਝ, ਅਕਲ ਤੇ ਸਿਆਣਪ ਨੂੰ ਕੀ ਕਹਿ ਕੇ ਆਖੀਏ, ਭਾਵ ਉਸ ਨੂੰ ਕੋਈ ਨਹੀਂ। ਉਹ ਲੁਕ ਕੇ ਮੰਦੇ ਕਰਮ ਕਰਦਾ ਹੈ ਪਰ ਉਹ ਚਾਰੇ ਪਾਸੇ ਜਾਣੇ ਜਾਂਦੇ ਹਨ ਤੇ ਉਹ ਬਦਨਾਮ ਹੁੰਦਾ ਹੈ। ਜੋ ਧਰਮ ਕਮਾਵੇਂਦਾ (ਧਰਮ ਦੇ ਕੰਮ ਕਰਦਾ) ਹੈ, ਉਹ ਧਰਮੀ ਕਰ ਕੇ ਨਾਮ ਪਾਉਂਦਾ ਹੈ, ਪਾਪ ਕਮਾਉਣ ਵਾਲੇ ਨੂੰ ਪਾਪੀ ਕਰ ਕੇ ਜਾਣੀਦਾ ਹੈ।

ਪਰ ਹੇ ਕਰਤਾਰ, ਇਹ ਸਭ ਭਲੇ ਤੇ ਬੁਰੇ ਕੰਮ ਕਰਾਉਣੇ ਤੇਰੇ ਚੋਜ ਹਨ, ਦੂਜਾ ਕੋਈ ਕਰਨਹਾਰ ਨਹੀਂ ਜੋ ਆਖ ਕੇ ਦਸੀਏ। ਜਿੰਨੇ ਤਕ ਤੇਰੀ ਜੋਤ ਕਿਸੇ ਵਿਚ ਹੈ ਉਨੇ ਤਕ ਉਸ ਜੋਤੀ ਵਿਚ ਬੋਲਦਾ ਤੂੰ ਹੀ ਹੈ, ਤੇਰੀ ਜੋਤੀ ਬਿਨਾਂ ਕੋਈ ਕੁਝ ਕਰ ਕੇ ਵਿਖਾਏ ਤਾਂ ਜਾਣੀਏ। ਹੇ ਨਾਨਕ! ਗੁਰੂ ਦੀ ਮੱਤ ਦੁਆਰਾ ਇਹ ਭੇਤ ਨਜ਼ਰੀ ਆਉਂਦਾ ਹੈ ਕਿ ਇਕੋ ਹਰੀ ਹੈ ਜੋ ਦਾਨਾ, ਬੀਨਾ, ਸਿਆਣਾ ਤੇ ਸੁਘੜ ਹੈ ਬਾਕੀ ਸਭ ਦਰ ਤੇ ਮੂੜ ਹਨ।

ਪਉੜੀ ॥

-ਇਹ ਪਉੜੀ ਮਹਲੇ ਪਹਿਲੇ ਦੀ ਹੈ। ਇਸ ਪੁਰ ਮਹਲਾ ਨਹੀਂ ਉਹ ਮਹਲਾ ੧ ਸਮਝੋ। ਪੰਨਾ ੧੩੮-

ਤੁਧੁ ਆਪੇ ਜਗਤੁ ਉਪਾਇ ਕੈ
ਤੁਧੁ ਆਪੇ ਧੰਧੈ ਲਾਇਆ ॥
ਮੋਹ ਠਗਉਲੀ ਪਾਇ ਕੈ
ਤੁਧੁ ਆਪਹੁ ਜਗਤੁ ਖੁਆਇਆ ॥
ਤਿਸਨਾ ਅੰਦਰਿ ਅਗਨਿ ਹੈ
ਨਹ ਤਿਪਤੈ ਭੁਖਾ ਤਿਹਾਇਆ ॥
ਸਹਸਾ ਇਹੁ ਸੰਸਾਰੁ ਹੈ
ਮਰਿ ਜੰਮੈ ਆਇਆ ਜਾਇਆ ॥
ਬਿਨੁ ਸਤਿਗੁਰ ਮੋਹੁ ਨ ਤੁਟਈ
ਸਭਿ ਥਕੇ ਕਰਮ ਕਮਾਇਆ ॥
ਗੁਰਮਤੀ ਨਾਮੁ ਧਿਆਈਐ
ਸੁਖਿ ਰਜਾ ਜਾ ਤੁਧੁ ਭਾਇਆ ॥
ਕੁਲੁ ਉਧਾਰੇ ਆਪਣਾ
ਧੰਨੁ ਜਣੇਦੀ ਮਾਇਆ ॥
ਸੋਭਾ ਸੁਰਤਿ ਸੁਹਾਵਣੀ
ਜਿਨਿ ਹਰਿ ਸੇਤੀ ਚਿਤੁ ਲਾਇਆ ॥੨॥

ਹੇ ਵਾਹਿਗੁਰੂ ਤੂੰ ਆਪ ਜਗਤ ਪੈਦਾ ਕਰ ਕੇ ਆਪੇ ਕੰਮੇ ਲਾਇਆ ਹੋਇਆ ਹੈ। ਫਿਰ ਜੀਆਂ ਨੂੰ ਮੋਹ ਦੀ ਠਗਮੂਰੀ ਬੂਟੀ (ਜੋ ਠੱਗ ਪਾਂਧੀਆਂ ਨੂੰ ਖੁਆ ਕੇ ਬੇਹੋਸ਼ ਕਰ, ਠੱਗ ਲੈਂਦੇ ਸਨ) ਭੀ ਆਪੇ ਪਾਈ ਹੈ ਤੇ ਇਉਂ ਜਗਤ ਨੂੰ ਭੁਲਾਇਆ ਹੋਇਆ ਹੈ। ਮਨੁਖ ਅੰਦਰ ਤ੍ਰਿਸ਼ਨਾ (ਪ੍ਰਾਪਤੀ ਦੀ ਇਛਾ) ਦੀ ਅਗਨੀ ਹੈ, ਉਹ ਰਜਦਾ ਨਹੀਂ ਤੇ ਸਦਾ ਭੁਖਾ ਤਿਹਾਇਆ ਰਹਿੰਦਾ ਹੈ। ਇਹ ਸੰਸਾਰ ਸਹਸਾ (ਸ਼ੱਕ, ਭਰਮ) ਰੂਪ ਹੈ, ਇਸ ਵਿਚ ਭੁਲ ਕੇ ਜੀਵ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ।

ਸਤਿਗੁਰੂ ਤੋਂ ਬਿਨਾਂ ਮਾਇਆ ਦਾ ਮੋਹ ਟੁਟਦਾ ਨਹੀਂ। ਸਭ ਮੱਤ ਇਸ ਤੋਂ ਬਚਣ ਲਈ ਹਠ ਕਰਮ ਆਦਿ ਕਰਕੇ ਹਾਰ ਗਏ ਹਨ, ਪ੍ਰੰਤੂ ਗੁਰੂ ਦੀ ਮੱਤ ਮਨ ਵਿਚ ਬਹਿ ਜਾਏ, ਤਾਂ ਨਾਮ ਧਿਆਈਦਾ ਹੈ ਤੇ ਜੇ ਹਰੀ ਨੂੰ ਭਾਵੇ, ਤਾਂ ਸੁਖ-ਰਜਾ (ਸੁਖ ਨਾਲ ਰਜਾ ਹੋਇਆ) ਹੋ ਜਾਈਦਾ ਹੈ। ਫਿਰ ਉਹ ਤਰ ਜਾਂਦਾ ਹੈ, ਉਸ ਦੀ ਜਨਣ ਵਾਲੀ ਮਾਂ ਧੰਨ ਕਹੀ ਜਾਂਦੀ ਹੈ ਤੇ ਉਹ ਆਪਣੀ ਕੁਲ ਭੀ ਤਾਰ ਲੈਂਦਾ ਹੈ। ਉਸੇ ਦੀ ਸੋਭਾ ਤੇ ਸੁਰਤੀ ਸੋਹਣੀ ਹੈ ਜੀਹਨੇ ਹਰੀ ਨਾਲ ਚਿਤ ਲਾ ਲਿਆ ਹੈ।

ਸਲੋਕ ਮ: ੨

ਅਖੀ ਬਾਝਹੁ ਵੇਖਣਾ
ਵਿਣੁ ਕੰਨਾ ਸੁਨਣਾ ॥
ਪੈਰਾ ਬਾਝਹੁ ਚਲਣਾ
ਵਿਣੁ ਹਥਾ ਕਰਣਾ ॥
ਜੀਭੈ ਬਾਝਹੁ ਬੋਲਣਾ
ਇਉ ਜੀਵਤ ਮਰਣਾ ॥
ਨਾਨਕ ਹੁਕਮੁ ਪਛਾਣਿ ਕੈ
ਤਉ ਖਸਮੈ ਮਿਲਣਾ ॥੧॥

ਮ: ੨

ਦਿਸੈ ਸੁਣੀਐ ਜਾਣੀਐ
ਸਾਉ ਨ ਪਾਇਆ ਜਾਇ ॥
ਰੁਹਲਾ ਟੁੰਡਾ ਅੰਧੁਲਾ
ਕਿਉ ਗਲਿ ਲਗੈ ਧਾਇ ॥
ਭੈ ਕੇ ਚਰਣ ਕਰ ਭਾਵ ਕੇ
ਲੋਇਣ ਸੁਰਤਿ ਕਰੇਇ ॥
ਨਾਨਕੁ ਕਹੈ ਸਿਆਣੀਏ
ਇਵ ਕੰਤ ਮਿਲਾਵਾ ਹੋਇ ॥੨॥

ਪਉੜੀ

ਸਦਾ ਸਦਾ ਤੂੰ ਏਕੁ ਹੈ
ਤੁਧੁ ਦੂਜਾ ਖੇਲੁ ਰਚਾਇਆ ॥
ਹਉਮੈ ਗਰਬੁ ਉਪਾਇ ਕੈ
ਲੋਭੁ ਅੰਤਰਿ ਜੰਤਾ ਪਾਇਆ ॥
ਜਿਉ ਭਾਵੈ ਤਿਉ ਰਖੁ ਤੂ
ਸਭ ਕਰੇ ਤੇਰਾ ਕਰਾਇਆ ॥
ਇਕਨਾ ਬਖਸਹਿ ਮੇਲਿ ਲੈਹਿ
ਗੁਰਮਤੀ ਤੁਧੈ ਲਾਇਆ ॥
ਇਕਿ ਖੜੇ ਕਰਹਿ ਤੇਰੀ ਚਾਕਰੀ
ਵਿਣੁ ਨਾਵੈ ਹੋਰ ਨ ਭਾਇਆ ॥
ਹੋਰੁ ਕਾਰ ਵੇਕਾਰ ਹੈ
ਇਕਿ ਸਚੀ ਕਾਰੈ ਲਾਇਆ ॥
ਪੁਤੁ ਕਲਤੁ ਕੁਟੰਬੁ ਹੈ ਇਕਿ
ਅਲਿਪਤੁ ਰਹੇ ਜੋ ਤੁਧੁ ਭਾਇਆ ॥
ਓਹਿ ਅੰਦਰਹੁ ਬਾਹਰਹੁ ਨਿਰਮਲੇ
ਸਚੈ ਨਾਇ ਸਮਾਇਆ ॥ ੩ ॥

-ਪੰਨਾ ੧੩੯-

ਅਖਾਂ ਕੰਨਾਂ ਆਦਿ ਜੋ ਕਰਮ ਇੰਦਰੇ ਹਨ ਉਨ੍ਹਾਂ ਨਾਲ ਮਨੁਖ ਵਿਕਾਰ ਕਰਦਾ ਹੈ। ਉਹ ਮੰਦ ਕਰਮ ਅਖੀਆਂ ਦੇ ਤਿਆਗ ਦੇਵੇ ਤੇ ਵੇਖੇ, ਕੰਨਾਂ ਦੇ ਮੰਦਕਰਮ ਤਿਆਗ ਕੇ ਸੁਣੇ, ਪੈਰਾਂ ਦੇ ਮੰਦਕਰਮ ਤਿਆਗ ਕੇ ਚਲੇ, ਹਥਾਂ ਦੇ ਮੰਦਕਰਮ ਛਡ ਕੇ ਕੰਮ ਕਰੇ ਤੇ ਜੀਭ ਦੇ ਮਾੜੇ ਬੋਲ ਛਡ ਕੇ ਬੋਲੇ ਤਾਂ ਉਹ ਮਾਇਆ ਵਲੋਂ ਜੀਉਂਦਾ ਹੀ ਮਰ ਜਾਂਦਾ ਹੈ। ਹੇ ਨਾਨਕ! ਇਹ ਹੈ ਮਾਲਕ ਦਾ ਹੁਕਮ ਪਛਾਨਣਾ। ਇਉਂ ਉਸ ਨਾਲ ਮਿਲੀਦਾ ਹੈ।

ਉਹ ਵਾਹਿਗੁਰੂ ਆਪਣੀ ਕੁਦਰਤ ਤੋਂ ਦਿਸਦਾ ਹੈ, ਸੁਣਿਆਂ ਭੀ ਜਾਂਦਾ ਹੈ ਤੇ ਅਨਭਵ ਨਾਲ ਪ੍ਰਤੀਤ ਭੀ ਹੁੰਦਾ ਹੈ ਫਿਰ ਪਤਾ ਨਹੀਂ ਸੰਸਾਰੀਆਂ ਨੂੰ ਉਹਦਾ ਸੁਆਦ ਕਿਉਂ ਨਹੀਂ ਆਉਂਦਾ। ਉਸ ਨੂੰ ਕਿਵੇਂ ਮਿਲੀਏ? ਜਿਹੜਾ ਪੈਰਾਂ ਤੋਂ ਬਿਨਾਂ ਰੁਹਲਾ ਹੋਵੇ, ਜਾਂ ਬਾਹਾਂ ਤੋਂ ਬਿਨਾਂ ਟੁੰਡਾ ਹੋਵੇ, ਜਾਂ ਅੱਖਾਂ ਤੋਂ ਬਿਨਾਂ ਅੰਨ੍ਹਾਂ ਹੋਵੇ, ਉਹ ਦੌੜ ਕੇ ਕਿਵੇਂ ਉਸ ਨਾਲ ਗਲ ਮਿਲੇ। ਮਿਲਣ ਲਈ ਤਾਂ ਪੈਰ ਹਰੀ ਦੇ ਭੈ ਦੇ, ਹੱਥ ਪ੍ਰੇਮ ਦੇ ਤੇ ਨੇਤਰ ਸੁਰਤੀ ਦੇ ਕਰੇ, ਤਾਂ, ਹੇ ਸਿਆਣੀ ਸੰਸਾਰੀ ਰੂਪੀ ਇਸਤ੍ਰੀਏ, ਇਉਂ ਕੰਤ ਨਾਲ ਮਿਲਾਵਾ ਹੋਵੇ, ਫੁਰਮਾਉਂਦੇ ਹਨ ਦੂਜੇ ਗੁਰੂ ਨਾਨਕ।

-ਪੰਨਾ ੧੩੯-

ਤੂੰ ਸਦਾ ਸਦਾ ਤੋਂ ਇਕ ਹੈਂ, ਦੂਜਾ ਜੋ ਹੈ ਸੋ ਤੂੰ ਰਚਿਆ ਹੈ ਤੇ ਖੇਲ ਬਣਾਇਆ ਹੈ। ਤੂੰ ਹਉਮੈਂ ਹੰਕਾਰ ਪੈਦਾ ਕੀਤਾ ਤੇ ਲੋਭ ਵੀ ਅਤੇ ਜੰਤਾਂ ਅੰਦਰ ਪਾਇਆ ਹੈ। ਸੋ, ਹੇ ਸਰਵਸ਼ਕਤੀਮਾਨ! ਜਿਵੇਂ ਤੈਨੂੰ ਭਾਵੇ, ਤਿਵੇਂ ਰਖ (ਰਖਿਆ ਕਰ), ਕਿਉਂਕਿ ਜਿਵੇਂ ਤੂੰ ਕਰਾਏਂ ਤਿਵੇਂ ਕੋਈ ਕਰਦਾ ਹੈ। ਇਕਨਾ (ਕਈਆਂ) ਨੂੰ ਤੂੰ ਬਖਸ਼ਿਸ਼ ਕਰ ਕੇ ਆਪਣੇ ਨਾਲ ਮੇਲ ਲੈਂਦਾ ਹੈਂ, ਉਹਨਾਂ ਨੂੰ ਗੁਰੂ ਦੀ ਮਤ ਉਤੇ ਚਲਣ ਤੇ ਭੀ ਤੂੰ ਲਾਇਆ ਹੈ।

ਕਈ ਖੜੇ ਹੋ ਕੇ ਤੇਰੀ ਚਾਕਰੀ ਕਰਦੇ ਹਨ, ਉਹਨਾਂ ਨੂੰ ਤੇਰੇ ਨਾਮ ਬਿਨਾਂ ਹੋਰ ਕੁਝ ਨਹੀਂ ਭਾਂਵਦਾ। ਹੋਰ ਸਭ ਕੰਮ ਬੇਕਾਰ ਜਾਪਦੇ ਹਨ ਉਹਨਾਂ ਨੂੰ, ਇਕੋ ਤੇਰੀ ਬੰਦਗੀ ਸਚੀ ਕਾਰ ਜੋ ਹੈ, ਉਸ ਵਿਚ ਤੂੰ ਲਾਇਆ ਹੈ। ਹੋਰ ਕਈ ਜਿਹੜੇ ਤੈਨੂੰ ਭਾਂਵਦੇ ਹਨ, ਓਹਨਾਂ ਦੇ ਪੁਤਰ ਇਸਤ੍ਰੀ ਕੁਟੰਬ ਵੀ ਹਨ, ਪਰ ਉਹ ਉਹਨਾਂ ਤੋਂ ਅਲਿਪਤ ਰਹਿ ਕੇ ਤੇਰੇ ਵਿਚ ਲੀਨ ਰਹਿੰਦੇ ਹਨ। ਉਹ ਅੰਦਰੋਂ ਤੇ ਬਾਹਰੋਂ ਬਿਨਾਂ ਮੈਲ ਤੋਂ ਨਿਰਮਲ ਹਨ। ਉਹ ਤੇਰੇ ਸਚੇ ਨਾਮ ਵਿਚ ਸਮਾਏ ਰਹਿੰਦੇ ਹਨ।

ਕੀ ਵਾਹਿਗੁਰੂ ਖੁਸ਼ਾਮਦ ਪਸੰਦ ਹੈ?

(ਸਚਖੰਡਵਾਸੀ, ਸ੍ਰੀਮਾਨ ਮਾਸਟਰ ਤਾਰਾ ਸਿੰਘ ਜੀ)

ਅਜ ਮੈਂ ਇਕ ਨਾਸਤਕ ਦੀ ਪੁਸਤਕ ਪੜ੍ਹੀ ਹੈ। ਉਸ ਵਿਚ ਪ੍ਰਮਾਤਮਾ ਸਬੰਧੀ ਕਈ ਤਰ੍ਹਾਂ ਦੀਆਂ ਚੋਟਾਂ ਤੇ ਟਿਚਕਰਾਂ ਹਨ। ਪਰ ਮੁਢਲੀ ਗਲ ਉਤੇ ਉਹ ਵਿਚਾਰ ਹੀ ਨਹੀਂ ਕਰਦਾ। ਮੁਢਲੀ ਗਲ ਤਾਂ ਇਹ ਹੈ ਕਿ ਕੀ ਇਹ ਸ੍ਰਿਸ਼ਟੀ ਤੇ ਇਸ ਵਿਚ ਚਲ ਰਿਹਾ ਕਾਨੂੰਨ ਆਪਣੇ ਆਪ ਤੋਂ ਅਨਾਦੀ ਹੈ, ਜਾਂ ਕਿ ਇਸ ਨੂੰ ਸਾਜਣ ਵਾਲਾ ਕੋਈ ਪ੍ਰਮਾਤਮਾ ਹੈ। ਮੁਢਲੀ ਗਲ ਤਾਂ ਇਤਨੀ ਹੀ ਹੈ ਕਿ ਕੀ ਇਹ ਸਥੂਲ ਦੁਨੀਆਂ ਜਾਂ ਇਸ ਦੇ ਅੰਦਰ ਕੰਮ ਕਰ ਰਿਹਾ ਸੂਖਮ ਕਾਨੂੰਨ ਕੋਈ ਅਕਲ ਰਖਦਾ ਹੈ, ਜਾਂ ਇਸ ਵਿਚੋਂ ਸਾਡੀ ਅਕਲ ਤੇ ਹੋਰ ਬਾਕਾਇਦਗੀ ਜਾਂ ਬੇਕਾਇਦਗੀ ਦੇ ਅੰਦਰ ਵੜੀ ਬਾਕਾਇਦਗੀ ਆਪੇ ਹੀ ਉਗਮ ਪਈ ਹੈ।

ਮੇਰੇ ਲਈ ਇਹ ਅਨਭਵ ਕਰਨਾ ਅਸੰਭਵ ਹੈ ਕਿ ਮੇਰੀ ਅਕਲ ਬੇਅਕਲੀ ਵਿਚੋਂ ਨਿਕਲੀ ਹੈ ਤੇ ਜਿਸ ਸ਼ਕਤੀ ਦਵਾਰਾ ਨਿਕਲੀ ਹੈ ਉਹ ਭੀ ਬੇਅਕਲ ਹੀ ਹੈ ਤੇ ਏਵੇਂ ਹੀ ਸਾਰਾ ਸਿਲਸਲਾ ਬੇਅਕਲੀ ਵਿਚੋਂ ਹੀ ਉਗਮ ਪਿਆ ਹੈ। ਪਰ ਇਸ ਥਾਂ ਇਹ ਸਾਰੀ ਬਹਿਸ ਛਡ ਕੇ ਮੈਂ ਆਪਣੇ ਨਾਸਤਕ ਮਿੱਤਰ ਦੀ ਸਿਰਲੇਖ ਵਿਚ ਲਿਖੀ ਤਰਕ ਉਤੇ ਹੀ ਵਿਚਾਰ ਕਰਦਾ ਹਾਂ। ਇਹ ਵਿਚਾਰ ਇਸ ਲਦੀ ਭੀ ਜ਼ਰੂਰੀ ਹੈ ਕਿ ਏਹੋ ਜੇਹੀ ਗਲ ਆਸਤਕ ਅਖਵਾਣ ਵਾਲੇ ਭੀ ਬਿਨਾ ਸੋਚੇ ਸਮਝੇ ਕਹਿ ਛਡਿਆ ਕਰਦੇ ਹਨ।

ਖੁਸ਼ਾਮਦ ਦਾ ਮਤਲਬ ਇਹ ਹੈ ਕਿ ਕਿਸੇ ਦੇ ਮੂੰਹ ਉਤੇ ਜਾ ਕੇ ਝੂਠੀ ਤਾਰੀਫ ਕੀਤੀ ਜਾਵੇ। ਬੇਸ਼ਕ ਉਹ ਖੁਸ਼ਾਮਦ ਕਰਦਾ ਹੈ ਜੋ ਵਾਹਿਗੁਰੂ ਵਿਚ ਉਹ ਗੁਣ ਕਹਿੰਦਾ ਹੈ ਜੋ ਉਸ ਵਿਚ ਨਹੀਂ ਹਨ। ਇਕ ਅਫਸਰ ਦੇ ਸਾਹਮਣੇ ਜਾ ਕੇ ਉਸ ਦੀ ਤਾਰੀਫ ਕਰਨੀ ਤੇ ਝੂਠੀ ਤਾਰੀਫ ਕਰਨੀ ਖੁਸ਼ਾਮਦ ਹੈ। ਪਰ ਸਚੇ ਗੁਣ ਵਰਣਨ ਕਰਨੇ, ਜੋ ਮਨ ਵਿਚ ਹੋਵੇ, ਉਹੋ ਕਹਿਣਾ ਖੁਸ਼ਾਮਦ ਨਹੀਂ ਹੈ। ਇਸ ਲਈ ਭਗਤ ਜਨ ਵਾਹਿਗੁਰੂ ਦੀ ਖੁਸ਼ਾਮਦ ਨਹੀਂ ਕਰਦੇ। ਉਹ ਤਾਂ ਉਤਨਾ ਕੁਝ ਭੀ ਬਿਆਨ ਨਹੀਂ ਕਰ ਸਕਦੇ ਜੋ ਉਨ੍ਹਾਂ ਦੇ ਮਨ ਵਿਚ ਹੁੰਦਾ ਹੈ।

ਤੂ ਸੁਲਤਾਨ ਕਹਾ ਹਉ ਮੀਆਂ
ਤੇਰੀ ਕਵਨ ਵਡਾਈ।"

ਅਸੀਂ ਵਾਹਿਗੁਰੂ ਦੀ ਕਿਤਨੀ ਭੀ ਤਾਰੀਫ ਕਰੀਏ ਉਹ ਉਸ ਦੇ ਗੁਣਾਂ ਨਾਲੋਂ ਘਟ ਹੈ। ਇਕ ਬਾਦਸ਼ਾਹ ਨੂੰ "ਮੀਆਂ ਮੀਆਂ" ਕਹਿਣਾ ਉਸ ਦੀ ਵਡਿਆਈ ਕਰਨਾ ਨਹੀਂ ਹੈ। ਇਸ ਲਈ ਵਾਹਿਗੁਰੂ ਦੀ ਖੁਸ਼ਾਮਦ ਤਾਂ ਕੋਈ ਕਰ ਹੀ ਨਹੀਂ ਸਕਦਾ।

ਪਰ ਕਿਹਾ ਜਾ ਸਕਦਾ ਹੈ ਕਿ ਮੂੰਹ ਉਤੇ ਸਚੀ ਤਾਰੀਫ ਕਰਨਾ ਭੀ ਖੁਸ਼ਾਮਦ ਹੈ। ਜਾਂ ਇਹ ਕਿਹਾ ਜਾ ਸਕਦਾ ਹੈ ਕਿ ਭਾਵੇਂ ਥੋੜੀ ਤੇ ਭਾਵੇਂ ਬਾਹਲੀ, ਵਾਹਿਗੁਰੂ ਖੁਸ਼ ਤਾਂ ਤਾਰੀਫ ਨਾਲ ਹੀ ਹੁੰਦਾ ਹੈ।

ਇਹ ਗਲ ਭੀ ਠੀਕ ਨਹੀਂ। ਵਾਹਿਗੁਰੂ ਦੀ ਤਾਰੀਫ ਕਰਨ ਨਾਲ ਵਾਹਿਗੁਰੂ ਦਾ ਕੁਝ ਨਹੀਂ ਵਧਦਾ ਹੈ ਤੇ ਵਾਹਿਗੁਰੂ ਨੂੰ ਇਸ ਦੀ ਲੋੜ ਨਹੀਂ ਹੈ। ਵਾਹਿਗੁਰੂ ਨੂੰ ਲੋੜ ਨਹੀਂ ਹੈ ਕਿ ਉਸ ਦੀ ਕੋਈ ਤਾਰੀਫ ਕਰੇ, ਲੋੜ ਤਾਂ ਸਾਨੂੰ ਹੈ ਕਿ ਅਸੀਂ ਆਪਣੇ ਮਨ ਵਿਚ ਉਸ ਦਾ ਪਿਆਰ ਉਤਪੰਨ ਕਰੀਏ। ਵਾਹਿਗੁਰੂ ਦੀ ਆਪਣੇ ਮਨ ਵਿਚ ਸ਼ਰਧਾ ਤੇ ਪਿਆਰ ਉਤਪੰਨ ਕਰਨ ਲਈ ਉਸ ਦੇ ਨਾਮ ਤੇ ਉਸ ਦੀ ਤਾਰੀਫ ਕਰਨ ਦੀ ਸਾਨੂੰ ਲੋੜ ਹੈ। ਵਾਹਿਗੁਰੂ ਦਾ ਇਸ ਤਾਰੀਫ ਨਾਲ ਕੁਝ ਨਹੀਂ ਵਧਦਾ।

"ਭਗਤਿ ਹੀਣੁ ਨਾਨਕੁ ਜੇ ਹੋਇਗਾ
ਤਾ ਖਸਮੈ ਨਾਉ ਨ ਜਾਈ।"

ਉਹ ਸਾਡੀ ਭਗਤੀ ਦਾ ਮੁਥਾਜ ਨਹੀਂ ਹੈ। ਜੇ ਅਸੀਂ ਭਗਤੀ ਨਾ ਕਰੀਏ ਤਾਂ ਉਸ ਦੇ ਗੁਣਾਂ ਵਿਚ ਜਾਂ ਉਸ ਦੀ ਵਡਿਆਈ ਵਿਚ ਕੋਈ ਘਾਟਾ ਨਹੀਂ ਆ ਚਲਿਆ। ਵਾਹਿਗੁਰੂ ਨੂੰ ਪਿਆਰ ਕਰਨਾ ਤੇ ਵਾਹਿਗੁਰੂ ਦੇ ਪਿਆਰ ਜਾਂ ਵਾਹਿਗੁਰੂ ਗੁਣਾਂ ਵਿਚ ਗਲਤਾਨ ਹੋਣ ਦੀ ਲੋੜ ਸਾਨੂੰ ਹੈ, ਨਾ ਕਿ ਵਾਹਿਗੁਰੂ ਨੂੰ। ਫਿਰ ਖੁਸ਼ਾਮਦ ਨਾਲ ਵਾਹਿਗੁਰੂ ਦੀ ਪ੍ਰਸੰਨਤਾ ਦਾ ਤਾਂ ਸਵਾਲ ਹੀ ਨਹੀਂ ਉਠਦਾ। ਜੇ ਅਸੀਂ ਉਸ ਦੇ ਗੁਣਾਂ ਤੇ ਉਸ ਦੇ ਪਿਆਰ ਦਾ ਉਮਾਹ ਮਨ ਵਿਚ ਉਠਾਲ ਕੇ ਲਾਭ ਲੈ ਲੈਂਦੇ ਹਾਂ, ਤਾਂ ਖੁਸ਼ਾਮਦ ਦਾ ਸਵਾਲ ਹੀ ਕਿਥੇ ਪੈਦਾ ਹੋਇਆ। ਜੇ ਅਸੀਂ ਜਲ ਵਿਚ ਇਸ਼ਨਾਨ ਕਰ ਕੇ ਆਪਣੇ ਮਨ ਜਾਂ ਸਰੀਰ ਨੂੰ ਸ਼ਾਂਤ ਤੇ ਪਵਿਤ੍ਰ ਕਰਦੇ ਹਾਂ, ਤਾਂ ਇਹ ਜਲ ਉਤੇ ਕੋਈ ਸਾਡਾ ਅਹਿਸਾਨ ਨਹੀਂ ਹੈ [illegible] ਲੋੜ ਸੀ ਕਿ ਇਸ ਤਰ੍ਹਾਂ ਆਪਣੀ ਸ਼ੀਤਲਤਾ ਤੇ ਪਵਿਤ੍ਰਤਾ ਸਾਨੂੰ ਦੇਂਦਾ। ਜਲ ਦਾ ਤਾਂ ਇਹ ਸੁਭਾ ਸੀ ਜਿਸ ਤੋਂ ਅਸਾਂ ਲਾਭ ਉਠਾਇਆ ਹੈ। ਇਹੋ ਗਲ ਵਾਹਿਗੁਰੂ ਦੇ ਪ੍ਰੇਮ ਜਾਂ ਨਾਮ ਦੀ ਹੈ।

ਇਸ ਨਾਮ ਦਾ ਤਾਂ ਸੁਭਾ ਹੀ ਹੈ ਕਿ ਪ੍ਰੇਮ ਦੇ ਉਮਾਹ ਵਿਚ ਲਿਆ ਕੇ ਸ਼ਾਂਤੀ ਬਖਸ਼ੇ। ਜੋ ਵਾਹਿਗੁਰੂ ਦੇ ਪ੍ਰੇਮ ਦੇ ਇਸ ਸੁਭਾ ਤੋਂ ਲਾਭ ਉਠਾਂਦਾ ਹੈ ਉਹ ਕੋਈ ਵਾਹਿਗੁਰੂ ਉਤੇ ਅਹਿਸਾਨ ਨਹੀਂ ਕਰਦਾ ਤੇ ਨਾ ਕੋਈ ਕੜੀ ਖੁਸ਼ਾਮਦ ਕਰਨ ਦਾ ਸਵਾਲ ਹੀ ਉਠਦਾ ਹੈ।

ਹੋਰ ਮਿਸਾਲ ਲੈ ਲਵੋ: ਫਲ ਦੀ ਸੁੰਦਰਤਾ ਵੇਖ ਕੇ ਜਾਂ ਖੁਸ਼ਬੂ ਲੈ ਕੇ ਮਨ ਪ੍ਰਸੰਨ ਹੁੰਦਾ ਹੈ। ਜਿਸ ਨੂੰ ਲੋੜ ਹੈ ਉਹ ਇਸ ਸੁੰਦਰਤਾ ਜਾਂ ਇਸ ਖੁਸ਼ਬੋ ਤੋਂ ਲਾਭ ਉਠਾਏ। ਫੁਲ ਨੂੰ ਤਾਂ ਲੋੜ ਨਹੀਂ ਹੈ ਕਿ ਕੋਈ ਉਸ ਤੋਂ ਲਾਭ ਉਠਾਵੇ ਜਾਂ ਨਾ।

ਤੁਛ ਬੁਧੀ ਵਾਲੇ ਲੋਕੀ ਵਾਹਿਗੁਰੂ ਨੂੰ ਆਪਣੇ ਵਰਗਾ ਇਕ ਆਦਮੀ ਹੀ ਮਿਥ ਕੇ ਏਹੋ ਜੇਹੀਆਂ ਹੋਛੀਆਂ ਤਰਕਾਂ ਕਰਦੇ ਹਨ। ਇਨ੍ਹਾਂ ਨਾਸਤਕਾਂ ਦੀਆਂ ਜਿਤਨੀਆਂ ਏਹੋ ਜਿਹੀਆਂ ਤਰਕਾਂ ਹਨ, ਸਭ ਹੋਛੀਆਂ ਹਨ ਤੇ ਇਸੇ ਕਲਪਨਾ ਉਤੇ ਕੀਤੀਆਂ ਗਈਆਂ ਹਨ ਕਿ (ਜਿਸ ਤਰ੍ਹਾਂ ਮੂਰਖ ਲੋਕੀ ਸਮਝੀ ਬੈਠੇ ਹਨ) ਵਾਹਿਗੁਰੂ ਆਦਮੀ ਵਰਗਾ ਹੀ ਹੈ, ਕੇਵਲ ਤਾਕਤ, ਅਕਲ, ਸਰੀਰ ਆਦਿ ਵਿਚ ਆਦਮੀ ਨਾਲੋਂ ਵਡਾ ਹੈ। ਉਸ ਨੂੰ ਬੇਅੰਤ ਉਸ ਦੀ ਸ਼ਕਤੀ ਨੂੰ ਬੇਅੰਤ ਤੇ ਉਸ ਦੇ ਰਾਹ ਤੇ ਤਰੀਕਿਆਂ ਨੂੰ ਬੇਅੰਤ ਸਮਝੋ ਤਾਂ ਸਭ ਤਰਕਾਂ ਭੁਲ ਜਾਂਦੀਆਂ ਹਨ।

ਸੰਤ ਸਿਪਾਹੀ ਕਿਉਂ ਪੜ੍ਹਨਾ ਚਾਹਦੈ?

ਦੁਨੀਆਂ ਵਿਚ ਸਭ ਤੋਂ ਉਤਮ ਚੀਜ਼ ਮਨ ਦੀ ਸ਼ਾਂਤੀ (Peace of Mind) ਹੈ। ਉਹ ਪਦਾਰਥਵਾਦ ਤੋਂ ਪ੍ਰਾਪਤ ਨਹੀਂ ਹੋ ਸਕਦੀ। ਮਨ ਦੀ ਸ਼ਾਂਤੀ ਤੇ ਅਨੰਦ ਲਈ ਅਧਿਆਤਮਕ ਵਸਤੂਆਂ ਦੀ ਬਹੁਤ ਲੋੜ ਹੈ। ਆਪ ਨੂੰ ਇਹ ਸੰਤ ਸਿਪਾਹੀ ਵਿਚੋਂ ਪ੍ਰਾਪਤ ਹੋ ਸਕਦੀਆਂ ਹਨ। ਇਸੇ ਮਿਸ਼ਨ ਦੀ ਪੂਰਤੀ ਲਈ ਸੰਤ ਸਿਪਾਹੀ ਛਪ ਰਿਹਾ ਹੈ।

ਜੇ ਤੁਸੀਂ ਸਿਖੀ ਸਿਧਾਂਤ, ਵਿਹਾਰ, ਚਰਿਤ੍ਰ, ਇਤਿਹਾਸ ਤੇ ਵਿਰਸੇ ਤੋਂ ਜਾਣੂ ਹੋਣਾ ਚਾਹੁੰਦੇ ਹੋ ਤਾਂ ਇਹ ਇਕ ਸਾਲ ਹੀ ਮੰਗਾ ਕੇ ਦੇਖੋ। ਆਪ ਨੂੰ ਸਹੀ ਰੂਪ ਵਿਚ ਤੇ ਮੋਟੀ ਮੋਟੀ ਵਾਕਫ਼ੀ ਮਿਲ ਜਾਏਗੀ ਤੇ ਆਪ ਸੰਤੁਸ਼ਟ ਮਹਿਸੂਸ ਕਰੋਗੇ।

ਸਾਲਾਨਾ ਚੰਦਾ ਦੇਸ਼ ੧੨), ਪ੍ਰਦੇਸ ੨੫)

ਮੈਨੇਜਰ ਸੰਤ ਸਿਪਾਹੀ ਲਾਲ ਹਵੇਲੀ ਗੇਟ ਮਹਾਂ ਸਿੰਘ, ਅੰਮ੍ਰਿਤਸਰ।

ਸਤਵੇਂ ਪਾਤਸ਼ਾਹ

ਸ੍ਰੀ ਗੁਰੂ ਹਰਿ ਰਾਏ ਸਾਹਿਬ

(ਮਨਜੀਤ ਸਿੰਘ)

ਸ੍ਰੀ ਗੁਰੂ ਹਰਿ ਰਾਏ ਸਾਹਿਬ, ਸਤਵੇਂ ਪਾਤਸ਼ਾਹ ਦਾ ਜਨਮ ਦਿਹਾੜਾ, ਮਾਘ ਸੁਦੀ ੧੩, ੫ ਫਰਵਰੀ ੧੯੭੪ ਮੰਗਲਵਾਰ ਨੂੰ ਆ ਰਿਹਾ ਹੈ। ਇਸੇ ਦਿਨ ਅਜ ਤੋਂ ੩੪੩ ਵਰ੍ਹੇ ਪਹਿਲਾਂ, ਸੰਨ ੧੬੩੧ ਵਿਚ ਕੀਰਤਪੁਰ, ਜ਼ਿਲਾ ਹੁਸ਼ਿਆਰਪੁਰ ਵਿਚ ਆਪ ਦਾ ਜਨਮ ਹੋਇਆ ਸੀ। ਆਪ ਦੇ ਪਿਤਾ ਸ੍ਰੀ ਬਾਬਾ ਗੁਰਦਿਤਾ ਜੀ ਸਨ ਜੋ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਜੇਠੇ ਸਪੁਤਰ ਸਨ। ਆਪ ਦੀ ਮਾਤਾ ਜੀ ਦਾ ਨਾਮ ਨਿਹਾਲ ਕੌਰ ਸੀ।

ਸਤਵੇਂ ਪਾਤਸ਼ਾਹ, ਛੇਵੇਂ ਪਾਤਸ਼ਾਹ ਦੇ ਪੋਤਰੇ ਸਨ। ਨਿਕਿਆਂ ਹੁੰਦਿਆਂ ਤੋਂ ਆਪ ਬੜੇ ਕੋਮਲ-ਚਿਤ, ਹੋਨਹਾਰ, ਸੰਤ ਸਰੂਪ, ਪਰ ਦ੍ਰਿੜ੍ਹ ਸੁਭਾ ਵਾਲੇ ਸਨ। ਸ੍ਰੀ ਗੁਰੂ ਹਰਿਗੋਬਿੰਦ ਜੀ ਆਪ ਨਾਲ ਬੜਾ ਪਿਆਰ ਰਖਦੇ ਸਨ। ਗੁਰੂ ਹਰਿਗੋਬਿੰਦ ਜੀ ਨੇ ਆਪਣੀ ਖਾਸ ਨਿਗਰਾਨੀ ਵਿਚ ਆਪਣੇ ਹੋਨਹਾਰ ਪੋਤਰੇ ਨੂੰ ਵਿਦਿਆ ਪੜ੍ਹਾਈ, ਸ਼ਾਸਤਰਾਂ ਦੀ ਸਿਖਲਾਈ ਦਿਤੀ ਅਤੇ ਉਹਨਾਂ ਦੇ ਦੈਵੀ ਸੁਭਾ ਨੂੰ ਪ੍ਰਵਾਨ ਚੜ੍ਹਾਇਆ।

ਇਕ ਦਿਨ ਕੰਵਰ ਹਰਿ ਰਾਏ ਜੀ ਸੋਹਣੇ ਬਸਤਰ ਪਾ, ਉਪਰ ਲੰਮਾ ਚੋਗਾ ਸਜਾ ਕੇ ਬਾਗ਼ ਵਿਚ ਟਹਿਲ ਰਹੇ ਸਨ। ਹਵਾ ਨਾਲ ਆਪ ਦਾ ਵਡਾ ਚੋਗਾ ਲਹਿਰਾਇਆ ਤੇ ਫੁਲਾਂ ਦੇ ਬੂਟਿਆਂ ਨੂੰ ਥਪੇੜਦਾ, ਫੁਲ ਤੋੜਦਾ ਲੰਘ ਗਿਆ। ਆਪ ਨੇ ਟੁਟੇ ਫੁਲਾਂ ਨੂੰ ਵੇਖਿਆ। ਸੋਹਣੇ ਮਾਸੂਮ ਰਬੀ ਸੁੰਦਰਤਾ ਦੇ ਪਾਤਰਾਂ ਨੂੰ ਮਿੱਟੀ ਵਿਚ ਮਿਲਿਆਂ ਵੇਖ ਕੇ ਖਲੋ ਗਏ। ਉਸ ਸਮੇਂ ਆਪ ਦੇ ਦਾਦਾ, ਸ੍ਰੀ ਗੁਰੂ ਹਰਿਗੋਬਿੰਦ ਜੀ ਵੀ ਕੋਲੋਂ ਲੰਘ ਪਏ। ਉਨ੍ਹਾਂ ਪੁਛਿਆ, 'ਅਹੋ ਕੰਵਰ ਰਾਣੇ! ਕਿਵੇਂ ਹੈਰਾਨ ਖੜੇ ਹੋ?'

'ਪਿਆਰੇ, ਮਾਸੂਮ ਜਹੇ ਫੁਲ, ਮੇਰੇ ਵੱਡੇ ਚੋਗੇ ਨਾਲ ਅੜ ਕੇ ਟੁਟ ਗਏ ਹਨ, ਸਤਿਗੁਰੋ!'

ਛੀਵੇਂ ਸੁਆਮੀ ਨੇ ਮੁਸਕਰਾ ਕੇ ਕਿਹਾ, 'ਬੇਟਾ! ਚੋਗਾ ਵੱਡਾ ਪਾਈਏ ਤਾਂ ਸੰਭਾਲ ਕੇ ਤੁਰੀਏ। ਵਡਿਆਈ ਦੂਜਿਆਂ ਨੂੰ ਸੁਖ ਦੇਣ ਲਈ ਹੈ, ਦੁਖ ਦੇਣ ਲਈ ਤਾਂ ਨਹੀਂ। ਵਡਿਆਈ ਵਿਚ ਵੱਡੇ ਹੱਕ ਹੀ ਨਹੀਂ ਵਡੀਆਂ ਜ਼ਿੰਮੇਵਾਰੀਆਂ ਵੀ ਹਨ, ਮੇਰੇ ਰਾਅ! ਵਡੀ ਜ਼ਿੰਮੇਵਾਰੀ ਸੰਭਾਲਨੀ ਹੈ ਤਾਂ ਨਿਕਿਆਂ ਦਾ ਖਿਆਲ ਰਖਣਾ ਪਵੇਗਾ।'

ਤੇ ਉਸ ਦਿਨ ਤੋਂ ਕੰਵਰ ਹਰਿਰਾਏ ਜੀ ਨੇ ਵੱਡੀ ਜ਼ਿੰਮੇਵਾਰੀ ਸੰਭਾਲ ਲਈ। ਆਪਣੇ ਵਡੇ ਚੋਗੇ ਨੂੰ ਸਮੇਟ, ਸੰਕੋਚ, ਸੰਭਾਲ ਕੇ ਤੁਰਨ ਲਗੇ ਤੇ ਸਾਰੀ ਉਮਰ ਚੋਗਾ ਸੰਕੋਚ ਕੇ ਤੁਰੇ। ਛੇਵੇਂ ਪਾਤਸ਼ਾਹ ਨੇ ਜ਼ਿੰਮੇਵਾਰ ਕੰਵਰ ਨੂੰ ਗੁਰਿਆਈ ਦੀ ਮਹਾਨ ਜ਼ਿੰਮੇਵਾਰੀ ਸੰਭਾਲ ਦਿਤੀ। ਹਿਦਾਇਤ ਕੀਤੀ—

'ਮੇਰੇ ਕੋਮਲ-ਚਿਤ ਬੇਟੇ! ੨੨੦੦ ਸ਼ਸਤ੍ਰ ਬੱਧ ਸਵਾਰ ਆਪਣੇ ਹਮਰਿਕਾਬ ਰਖਣੇ, ਜੰਗ ਲੜਨ ਦੀ ਲੋੜ ਨਹੀਂ ਪਵੇਗੀ। ਮੈਂ ਉਹ ਕਾਫ਼ੀ ਲੜ ਚਲਿਆ ਹਾਂ। ਰੋਅਬ ਨਾਲ ਕੰਮ ਸਰੀ ਚਲੇਗਾ।'

ਗੁਰੂ ਹਰਿ ਰਾਏ, ਅਨੋਖੇ ਸੂਰਬੀਰ ਹੋਏ ਹਨ। ਆਪ ਦਾ ਆਚਰਣ ਫ਼ੌਲਾਦ ਵਾਂਗ ਦ੍ਰਿੜ੍ਹ, ਪਰ ਫੁਲਾਂ ਵਾਂਗ ਨਰਮ ਸੀ। ਸ਼ਿਕਾਰ ਵੀ ਖੇਡਦੇ ਸਨ, ਪਰ ਵਿੰਨ੍ਹੇ ਜੀਵਾਂ ਨੂੰ ਮਲ੍ਹਮ-ਪਟੀ ਕਰਾ ਕੇ ਆਪਣੇ ਬਾਗ਼ ਵਿਚ

ਪਾਲਦੇ ਵੀ ਸਨ। ਸਾਰੀ ਉਮਰ ਆਪ ਨੇ ਦੁਖੀਆਂ ਦੀ ਸੇਵਾ ਕੀਤੀ, ਗ਼ਰੀਬਾਂ ਉਤੇ ਬਖ਼ਸ਼ਿਸ਼ ਕੀਤੀ। ਤਾਹੀਉਂ ਗਾਉਂਦੇ ਹਨ :

"ਧੰਨ ! ਧੰਨ ! ਸ੍ਰੀ ਗੁਰੂ ਹਰਿ ਰਾਏ ਜਿਨ੍ਹਾਂ ਰੰਕਾਂ ਤੋਂ ਰਾਜ ਕਰਾਇਓ !!"

ਆਪ ਦਾ ਜੀਵਨ ਸੇਵਾ ਤੇ ਪਿਆਰ ਦਾ ਜੀਵਨ ਹੈ, ਭਾਕਤ ਤੇ ਪੂਰੀ ਜ਼ਿੰਮੇਵਾਰੀ ਦਾ ਜੀਵਨ ਹੈ।

ਆਪ ਨੇ ਫੌਜਾਂ ਰਖੀਆਂ, ਪਰ ਜੰਗ ਕੋਈ ਨਹੀਂ ਕੀਤਾ।

ਸ਼ਾਹਜਹਾਨ ਦੀ ਨੀਤੀ ਗੁਰੂ ਘਰ ਦੇ ਕਾਫ਼ੀ ਖਿਲਾਫ਼ ਹੋ ਗਈ ਸੀ, ਇਸ ਲਈ ਆਪ ਨੇ 'ਨਹਿ ਮਲੇਛ ਕੋ ਦਰਸ਼ਨ ਦੇ ਹੈਂ" ਦੀ ਧਾਰਨਾ ਧਾਰੀ। ਪਰ ਉਦਾਰ ਚਿਤ ਇਤਨੇ ਸਨ ਕਿ ਸ਼ਾਹਜਹਾਨ ਦਾ ਪੁਤਰ ਦਾਰਾ-ਸ਼ਿਕੋਹ ਬੀਮਾਰ ਹੋ ਗਿਆ ਤਾਂ ਹਕੀਮਾਂ ਨੇ ਖਾਸ ਵਜ਼ਨ ਦੇ ਲੌਂਗ, ਹਰੜਾਂ ਤੇ ਮੋਤੀ, ਦਵਾਈ ਦੇ ਨੁਸਖੇ ਲਈ ਤਜਵੀਜ਼ ਕੀਤੇ। ਇਹ ਚੀਜ਼ਾਂ ਦੁਰਲਭ ਸਨ ਪਰ ਆਪ ਪਾਸ ਸਨ। ਆਪ ਨੇ ਰੋਗੀ ਦਾਰਾ ਲਈ ਭੇਜ ਦਿਤੀਆਂ। ਦਵਾਈ ਤਿਆਰ ਕੀਤੀ ਗਈ ਤੇ ਉਹ ਰਾਜ਼ੀ ਹੋ ਗਿਆ।

ਇਕ ਵਾਰੀ ਇਕ ਗ਼ਰੀਬ ਸਿਖ ਦੇ ਦਿਲ ਵਿਚ ਸਤਿਗੁਰੂ ਦੀ ਸੇਵਾ ਦਾ ਚਾਅ ਉਪਜਿਆ। ਉਸ ਨੇ ਸਾਰਾ ਦਿਨ ਮਿਹਨਤ ਕਰਕੇ ਕੁਝ ਪੈਸੇ ਕਮਾਏ ਤੇ ਬੜੀ ਸ਼ਰਧਾ ਨਾਲ ਸਤਿਗੁਰੂ ਜੀ ਵਾਸਤੇ ਮਿਸੀਆਂ ਰੋਟੀਆਂ ਤਿਆਰ ਕੀਤੀਆਂ। ਦਿਲ ਵਿਚ ਸੰਕਲਪ ਧਾਰਿਆ ਕਿ ਸਤਿਗੁਰੂ ਆ ਕੇ ਪ੍ਰਸ਼ਾਦਿ ਛਕਣ ਤਾਂ ਸਿਕ ਪੂਰੀ ਹੋਵੇ। ਸ਼ੁਧ ਹਿਰਦੇ ਨਾਲ ਸ਼ਰਧਾ ਧਾਰ ਕੇ ਬੈਠੇ ਹੋਏ ਸਿਖ ਦੀ ਕਾਮਨਾ ਨੂੰ ਸਤਿਗੁਰੂ ਜਾਣ ਗਏ। ਸ਼ਿਕਾਰ ਤੇ ਜਾਂਦਿਆਂ ਉਸ ਸਿਖ ਦੇ ਘਰ ਵਲ ਚਲੇ ਗਏ। ਘੋੜੇ ਪੁਰ ਸਵਾਰ ਹੋਏ ਹੋਏ ਹੀ ਆਪ ਨੇ ਉਸ ਪ੍ਰੇਮੀ ਪਾਸੋਂ ਮਿਸੀਆਂ ਰੋਟੀਆਂ ਮੰਗਵਾ ਕੇ ਛਕੀਆਂ ਤੇ ਆਸ਼ਵੰਦਾਂ ਦੀ ਆਸ ਪੂਰੀ ਕੀਤੀ। ਦੂਜੇ ਦਿਨ ਸ਼ਿਕਾਰ ਤੇ ਜਾਂਦਿਆਂ ਸਿਖਾਂ ਨੇ ਪਰੌਂਠੇ ਤਿਆਰ ਕਰ ਕੇ ਸਤਿਗੁਰਾਂ ਦੇ ਪੇਸ਼ ਕੀਤੇ ਪਰ ਮਹਾਰਾਜ ਨੇ ਫੁਰਮਾਇਆ, 'ਭਾਈ ਕਲ੍ਹ ਹੋਰ ਖੇਡ ਸੀ, ਅਜ ਇਨ੍ਹਾਂ ਦੀ ਮੈਨੂੰ ਇਛਾ ਨਹੀਂ।'

ਕੀਰਤਪੁਰ ਵਿਚ ਰਹਿੰਦਿਆਂ ਸਤਿਗੁਰੂ ਜੀ ਨੇ ਸੰਗਤਾਂ ਨੂੰ ਲੰਗਰ ਜਾਰੀ ਰਖਣ ਦੀ ਭਾਰੀ ਤਾਕੀਦ ਕੀਤੀ। ਫੁਰਮਾਇਆ ਕਿ ਸਿਖ ਦੇ ਘਰੋਂ ਅਭਿਆਗਤ ਨੂੰ ਪ੍ਰਸ਼ਾਦੇ ਦੀ ਕਿਸੇ ਵੇਲੇ ਵੀ ਨਾਂਹ ਨਹੀਂ ਹੋਣੀ ਚਾਹੀਦੀ। ਸਿਖ ਦੀ ਇਹੋ ਮਹਿਮਾ ਹੋਵੇ, 'ਫਲਾਣਾ ਗੁਰੂ ਕਾ ਸਿਖ ਹੈ, ਉਸ ਦੇ ਘਰੋਂ ਪਰਸ਼ਾਦੇ ਦੀ ਕਿਸੇ ਵੇਲੇ ਕਿਸੇ ਨੂੰ ਨਾਂਹ ਨਹੀਂ।' ਸਿਖੀ ਪਰਚਾਰ ਦਾ ਵਡਾ ਸਾਧਨ ਹੈ, ਲੰਗਰ। ਇਹ ਅਮਲਾਂ ਦੀ ਸਿਖੀ ਹੈ ਜੋ ਜ਼ੁਬਾਨੀ ਉਪਦੇਸ਼ ਨਾਲੋਂ ਬਾਹਲਾ ਅਸਰ ਕਰਦੀ ਹੈ।

ਅਜਕਲ ਸਿਖਾਂ ਨੇ ਹਰਿਮੰਦਰ ਸਾਹਿਬ ਦੇ ਕੜਾਹ ਪਰਸ਼ਾਦਿ ਵਿਚੋਂ ਵੀ ਭਾਰੀਆਂ ਬਚਤਾਂ ਕਢ ਕੇ ਸਿਖੀ ਦੇ ਅਮਲੀ ਪ੍ਰਚਾਰ ਦੀ ਸਤਾ ਖਿਚ ਲਈ ਹੈ। ਰੁਪੈ ਦੇ ਕੜਾਹ ਪ੍ਰਸ਼ਾਦ ਵਿਚੋਂ ਬਾਰਾਂ ਆਨੇ ਇਮਾਰਤਾਂ ਆਦਿ ਖਰਚਾਂ ਲਈ ਕਢ ਕੇ ਕੁਲ ਚਾਰ ਆਨੇ ਦਾ ਸੰਗਤਾਂ ਵਿਚ ਵਰਤਾਇਆ ਜਾਂਦਾ ਹੈ। ਲੰਗਰ ਵਿਚ ਵੀ ਲੋੜਵੰਦ ਗਰੀਬ ਦਾ ਤ੍ਰਿਸਕਾਰ ਹੁੰਦਾ ਹੈ ਤੇ ਅਮੀਰ ਆਦਮੀ ਦਾ ਸਤਿਕਾਰ ਹੁੰਦਾ ਹੈ ਕਿ ਜਿਸ ਨੂੰ ਲੰਗਰ ਛਕਣ ਦੀ ਏਡੀ ਲੋੜ ਨਹੀਂ ਹੁੰਦੀ। ਸੁੰਦਰ ਇਮਾਰਤਾਂ ਸੰਗਮਰਮਰ ਤੇ ਸੋਨੇ, ਧਰਮਾਂ ਦਾ ਅਸਲੀ ਚਿਨ੍ਹ ਤੇ ਸ਼ਿੰਗਾਰ ਨਹੀਂ ਹੁੰਦੇ, ਅਸਲੀ ਸ਼ਿੰਗਾਰ ਤਾਂ ਹੁੰਦਾ ਹੈ, ਸੇਵਾ ਕਰਨੀ ਲੰਗਰ ਵਰਤਾਣੇ, ਤਿਰਬਾਉਲ ਦਾ ਮਿਠਾ, ਬਲਵਾਨ, ਸੁਆਦੀ ਕੜਾਹ ਪ੍ਰਸ਼ਾਦ ਛਕਾਉਣਾ ਤੇ ਇਉਂ ਆਪਣੀ ਸੁੰਦਰ ਦੇਣ ਤੇ ਆਚਰਣ ਨਾਲ ਦੂਜੇ ਦਾ ਮਨ ਪ੍ਰਸੰਨ ਕਰ ਕੇ ਦਿਲ ਜਿਤਣਾ।

ਸਤਵੇਂ ਪਾਤਸ਼ਾਹ ਦੇ ਦਰਬਾਰ ਵਿਚ ਪਹਾੜੀ ਰਾਜੇ ਆਏ ਤੇ ਸ਼ਾਹੀ ਜਲ ਜਲੌ ਦੇ ਨਾਲ ਨਿਮਰਤਾ, ਮਿਠਤ, ਆਗਤ ਭਾਗਤ, ਸੇਵਾ ਡਿਠੇ। ਉਨ੍ਹਾਂ ਦੇ ਮਨ ਜਿਤੇ ਗਏ। ਭਗਵਾਨ ਗਿਰ ਵਰਗੇ ਬੋਧਜ ਸੰਨਿਆਸੀ ਆਏ ਜਿਹੜੇ ਸਾਰੀ ਉਮਰ ਤਪਸਿਆ ਕਰ ਕੇ ਸ਼ਾਂਤੀ ਪ੍ਰਾਪਤ ਨਹੀਂ ਕਰ ਸਕੇ ਸਨ, ਸਤਿਗੁਰੂ ਦੇ ਦਰਬਾਰ ਵਿਚ ਸੇਵਾ ਤੇ ਸ਼ਾਂਤੀ ਵੇਖ ਕੇ ਨਿਹਾਲ ਹੋ ਗਏ। ਉਹ ਭਗਵਾਨ ਗਿਰ ਤੋਂ ਭਗਤ ਭਗਵਾਨ ਹੋਏ ਤੇ ਸਿਖੀ ਦੇ ਵੱਡੇ ਪ੍ਰਚਾਰਕ ਹੋਏ।

ਇਸੇ ਤਰ੍ਹਾਂ 'ਸੁਥਰੇ' ਨੂੰ ਬਖਸ਼ਿਸ਼ ਦੇ ਕੇ ਪ੍ਰਚਾਰ ਲਈ ਸੌਂਪਣਾ ਕੀਤੀ। ਪਿੰਡ ਪਿੰਡ 'ਸੁਥਰੇ' ਪਰਚਾਰਕ "ਹਰ ਦਮ ਨਾਨਕ ਸ਼ਾਹ ਧਰਮ ਦੇ ਬੇੜੇ ਬੰਨੇ ਲਾ" ਦੇ ਸਨੇਹੇ ਦਿੰਦੇ ਰਹੇ।

ਭਾਈ ਫੇਰੂ ਨੂੰ ਕੀਰਤਪੁਰ ਵਿਚ ਲੰਗਰ ਦਾ

ਅਭਿਆਸ ਦੇ ਕੇ ਲੰਗਰ ਦਾ ਧਨੀ ਬਣਾਇਆ ਤੇ ਬਖਸ਼ਿਸ਼ ਦੇ ਕੇ ਪਰਚਾਰ ਲਈ ਕਸੂਰ ਚੂਨੀਆਂ ਦੇ ਇਲਾਕੇ ਵਿਚ ਨੀਯਤ ਕੀਤਾ। ਭਾਈ ਫੇਰੂ ਦਾ ਟਿਕਾਣਾ ਸਿਖੀ ਪਰਚਾਰ ਦਾ ਮਹਾਨ ਅਮਲੀ ਕੇਂਦਰ ਰਿਹਾ। ਇਕ ਦਿਨ ਭਾਈ ਫੇਰੂ ਦੇ ਲੰਗਰ ਵਿਚੋਂ ਕਿਸੇ ਨੂੰ ਪ੍ਰਸ਼ਾਦ ਨਾ ਮਿਲਿਆ, ਵਰਤਾਵੇ ਨੇ ਕਿਸੇ ਲਿਹਾਜ਼ੀ ਨੂੰ ਛਕਾ ਦਿਤਾ। ਉਸ ਨੇ ਦੋਹੀ ਦਿਤੀ, 'ਫੇਰੂ ਦਾ ਲੰਗਰ ਕਾਣਾ'। ਭਾਈ ਫੇਰੂ ਨੇ ਇਹ ਸੁਣਿਆ ਤਾਂ ਕਿਹਾ, "ਭਾਈ, ਇੰਜ ਨਾ ਕਹੋ, ਮੈਂ ਕਾਣਾ ਹੋ ਜਾਵਾਂ, ਗੁਰੂ ਕਾ ਲੰਗਰ ਕਿਉਂ ਕਾਣਾ ਹੋਵੇ", ਤੇ ਉਸ ਸਿਖ ਦੀ ਬੜੀ ਸੇਵਾ ਕੀਤੀ। ਇਸੇ ਭਾਈ ਫੇਰੂ ਨੂੰ ਦਸਮ ਪਾਤਸ਼ਾਹ ਨੇ ਮਸੰਦਾਂ ਵਿਚ ਰਖ ਲਿਆ ਸੀ ਤੇ ਅਧੀ ਦਸਤਾਰ, ਨਗਾਰਾ ਤੇ ਨਿਸ਼ਾਨ ਬਖਸ਼ ਕੇ ਸੰਗਤ ਭਾਈ ਫੇਰੂ, ਸਚੀ ਦਾਹੜੀ ਦਾ ਖਿਤਾਬ ਦਿਤਾ ਸੀ।

ਫਿਰ ਸੰਗਤਾਂ ਨੂੰ ਨਿਹਾਲ ਕਰਨ ਲਈ ਸਤਵੇਂ ਪਾਤਸ਼ਾਹ ਆਪ ਦੌਰੇ ਤੇ ਚੜ੍ਹੇ। ਪਹਿਲੇ ਆਪਣੇ ਵਡੇ ਭਰਾ ਧੀਰ ਮੱਲ ਪਾਸ ਕਰਤਾਰਪੁਰ ਗਏ, ਜਿਹੜਾ ਗੁਰੂ ਹਰਿਗੋਬਿੰਦ ਪਾਸੋਂ ਆਕੀ ਹੋ ਕੇ ਸ਼ਾਹੀ ਹਾਕਮਾਂ ਨਾਲ ਸਾਜ਼ ਬਾਜ਼ ਕਰਦਾ ਰਿਹਾ ਸੀ। ਫਿਰ ਦੁਆਬੇ ਦਾ ਦੌਰਾ ਕੀਤਾ ਤੇ ਫਿਰ ਮਾਲਵੇ ਵਿਚ ਗਏ। ਨਥਾਣੇ ਪਾਸ ਉਹ ਸਰੋਵਰ ਦੇਖਿਆ, ਜਿਥੇ ਛੇਵੇਂ ਪਾਤਸ਼ਾਹ ਨੇ ਯੁਧ ਕੀਤਾ ਸੀ। ਇਥੇ ਸਤਿਗੁਰਾਂ ਦੀ ਅਸ਼ੀਰਵਾਦ ਨਾਲ ਮਰਾਝ ਕਬੀਲੇ ਦੇ ਦੋ ਭਰਾਵਾਂ ਕਾਲਾ ਤੇ ਕਰਮ ਚੰਦ ਨੇ ਪਿੰਡ ਮਰਾਝ ਵਸਾਇਆ ਸੀ। ਕਾਲਾ ਆਪਣੇ ਭਤੀਜਿਆਂ, ਫੂਲ ਤੇ ਸਾਂਦਲੀ ਨੂੰ ਲੈ ਕੇ ਸਤਿਗੁਰਾਂ ਦੇ ਦਰਸ਼ਨ ਨੂੰ ਆਇਆ। ਫੂਲ ਭੁਖ ਦੇ ਕਾਰਨ ਢਿਡ ਉਤੇ ਹਥ ਮਾਰ ਰਿਹਾ ਸੀ। ਸਤਿਗੁਰਾਂ ਪੁਛਿਆ, 'ਇਹ ਢਿਡ ਕਿਉਂ ਵਜਾਂਦਾ ਏ?' ਕਾਲੇ ਨੇ ਕਿਹਾ, 'ਮਹਾਰਾਜ, ਭੁਖ ਦੇ ਦੁਖੋਂ, ਖਾਲੀ ਢਿਡ ਵਜਾਂਦਾ ਏ।' ਸਤਿਗੁਰਾਂ ਮੇਹਰ ਦੀ ਨਜ਼ਰ ਕੀਤੀ। ਵਰ ਦਿਤਾ, 'ਇਹ ਭੁਖਾ ਨਹੀਂ ਰਹੇਗਾ, ਇਹ ਭੁਖਿਆਂ ਨੂੰ ਰਜਾਏਗਾ, ਇਸ ਦੀ ਔਲਾਦ ਰਾਜ ਕਰੇਗੀ ਉਨ੍ਹਾਂ ਦੇ ਘੋੜੇ ਜਮਨਾ ਤੇ ਪਾਣੀ ਪੀਣਗੇ।'

ਫੂਲ ਦੇ ਸਭ ਤੋਂ ਵਡੇ ਪੁਤਰ ਤ੍ਰਿਲੋਕੇ ਦੀ ਔਲਾਦ ਵਿਚੋਂ ਨਾਭ ਤੇ ਜੀਂਦ ਦੇ ਮਹਾਰਾਜੇ ਹੋਏ, ਜੋ 'ਤਿਲੋਕੇ ਕੇ' ਸਦੇ ਜਾਂਦੇ ਸਨ ਤੇ ਦੂਜੇ ਪੁਤਰ ਰਾਮੇ ਦੀ ਔਲਾਦ ਵਿਚੋਂ ਪਟਿਆਲੇ ਦੇ ਮਹਾਰਾਜੇ ਹੋਏ, ਜਿਹੜੇ 'ਰਾਮੇ ਕੇ' ਅਖਾਂਦੇ ਸਨ।

ਜਦ ਕਾਲੇ ਦੀ ਵਹੁਟੀ ਨੂੰ ਪਤਾ ਲਗਾ ਕਿ ਭਤੀਜਿਆਂ ਨੂੰ ਬਖਸ਼ਿਸ਼ ਹੋ ਗਈ ਹੈ ਤਾਂ ਉਸ ਨੇ ਕਾਲੇ ਨੂੰ ਕਿਹਾ, 'ਤੂੰ ਵੀ ਆਪਣੇ ਪੁਤਰਾਂ ਦੀ ਭੁਖ ਪ੍ਰਗਟ ਕਰਕੇ ਕੁਝ ਮੰਗ।' ਉਹ ਪੁਤਰਾਂ ਨੂੰ ਸਤਿਗੁਰਾਂ ਦੇ ਸਾਹਮਣੇ ਲੈ ਗਿਆ ਤੇ ਢਿਡ ਵਜਵਾਇਆ। ਸਤਿਗੁਰਾਂ ਕਿਹਾ, 'ਕਾਲਿਆ, ਉਹ ਸਮਾਂ ਤਾਂ ਲੰਘ ਗਿਆ ਹੈ, ਪਰ ਜਾਹ ਇਨ੍ਹਾਂ ਨੂੰ ਵੀ ਥੁੜ ਨਹੀਂ ਰਹੇਗੀ, ਜ਼ਮੀਨਾਂ ਦੇ ਮਾਲਕ ਹੋਣਗੇ।' ਇਉਂ ਸਿਖਾਂ ਨੂੰ ਪਿੰਡ ਵਸਾਉਣ, ਧਰਤੀਆਂ ਮਲਣ ਤੇ ਮੱਲਾਂ ਮਾਰਨ ਦੇ ਵਰ ਤੇ ਉਤਸ਼ਾਹ ਦੇਂਦੇ ਰਹੇ।

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਸਿਖਾਂ ਨੂੰ ਹਥਿਆਰਬੰਦ ਤੇ ਜਥੇਬੰਦ ਕਰ ਕੇ ਉਹਨਾਂ ਵਿਚ ਜ਼ੁਲਮ ਵਿਰੁਧ ਡਟਣ ਦੀ ਰੂਹ ਪੈਦਾ ਕਰ ਦਿਤੀ ਸੀ। ਸਤਵੇਂ ਪਾਤਸ਼ਾਹ ਇਸੇ ਰਾਹ ਤੇ ਅਗੇ ਚਲੇ ਤੇ ਧੱਕੇ ਵਿਰੁਧ ਮਜ਼ਾਹਮਤ ਦੀ ਸਪਿਰਿਟ ਨੂੰ ਹੋਰ ਉਤੇਜਤ ਕੀਤਾ।

ਏਹਨਾਂ ਦਿਨਾਂ ਵਿਚ, ਸੰਨ ੧੬੫੭ ਸੀ, ਜਦ ਸ਼ਾਹਜਹਾਨ ਸਖਤ ਬੀਮਾਰ ਪੈ ਗਿਆ। ਉਸ ਦਾ ਵਡਾ ਪੁਤਰ ਦਾਰਾ ਸ਼ਿਕੋਹ, ਜਿਸ ਨੂੰ ਉਹ ਬਹੁਤ ਚਾਹੁੰਦਾ ਸੀ ਤੇ ਗੱਦੀ ਦੇਣਾ ਚਾਹੁੰਦਾ ਸੀ, ਉਸ ਦੇ ਪਾਸ ਆਗਰੇ ਵਿਚ ਮੌਜੂਦ ਸੀ, ਜੋ ਉਨ੍ਹਾਂ ਦਿਨਾਂ ਵਿਚ ਰਾਜਧਾਨੀ ਸੀ। ਔਰੰਗਜ਼ੇਬ ਤੇ ਮੁਰਾਦ ਦੋ ਪੁਤਰ ਦਖਣ ਤੇ ਗੁਜਰਾਤ ਵਿਚ ਹਾਕਮ ਸਨ। ਚੌਥਾ ਸ਼ੁਜਾਅ ਬੰਗਾਲ ਵਿਚ ਹਾਕਮ ਨੀਯਤ ਕੀਤਾ ਹੋਇਆ ਸੀ। ਔਰੰਗਜ਼ੇਬ ਸ਼ਾਹਜਹਾਨ ਪਿਛੋਂ ਤਖਤ ਦਾ ਆਪ ਮਾਲਕ ਬਣਨਾ ਚਾਹੁੰਦਾ ਸੀ। ਉਸ ਨੇ ਮੁਰਾਦ ਨੂੰ ਗੰਢਿਆ ਤੇ ਦੋਵੇਂ ਫੌਜਾਂ ਲੈ ਕੇ ਆਗਰੇ ਉਤੇ ਚੜ੍ਹ ਆਏ। ਸ਼ਾਹਜਹਾਨ ਨੇ ਦਾਰਾ ਨੂੰ ਹੁਕਮ ਦੇ ਕੇ ਭੇਜਿਆ ਕਿ ਉਹ ਆਪਣੇ ਆਪਣੇ ਇਲਾਕਿਆਂ ਨੂੰ ਵਾਪਸ ਚਲੇ ਜਾਣ। ਪਰ ਉਹ ਨਾ ਮੰਨੇ। ਭਾਰਾ ਜੁਧ ਹੋਇਆ, ਜਿਸ ਵਿਚ ਔਰੰਗਜ਼ੇਬ ਜਿੱਤ ਗਿਆ ਤੇ ਉਸ ਨੇ ਰਾਜਧਾਨੀ ਤੇ ਕਬਜ਼ਾ ਕਰ ਕੇ ਪਿਉ ਨੂੰ ਕੈਦ ਕਰ ਲਿਆ। ਦਾਰਾ ਜਾਨ ਬਚਾ ਕੇ ਪੰਜਾਬ ਵਲ ਨਸਾ। ਪਿਉ ਵਲੋਂ ਦਾਰਾ ਨੂੰ ਪੰਜਾਬ ਦੀ ਹਾਕਮੀ ਮਿਲੀ ਹੋਈ ਸੀ। ਉਹ ਸੂਫ਼ੀ ਖਿਆਲਾਂ ਦਾ ਸੀ ਤੇ ਬੜਾ ਫ਼ਕੀਰ ਦੋਸਤ ਸੀ। ਸਤਿਗੁਰਾਂ ਨਾਲ ਉਸ



ਨੂੰ ਬਰਦਾ ਸੀ। ਇਸ ਸਮੇਂ ਸਤਿਗੁਰੂ ਖਡੂਰ ਸਨ। ਦਾਰਾ, ਦਰਯਾ ਬਿਆਸ ਲੰਘਿਆ ਤਾਂ ਸਤਿਗੁਰਾਂ ਤੋਂ ਮਦਦ ਮੰਗੀ। ਸਤਿਗੁਰਾਂ ਨੇ ਦੁਖੀ ਦਾਰਾ ਦੀ ਸੇਵਾ ਕੀਤੀ। ਔਰੰਗਜ਼ੇਬ ਦਾਰਾ ਦਾ ਪਿਛਾ ਦਬਾਈ ਮਗਰ ਆ ਰਿਹਾ ਸੀ। ਆਪ ਨੇ ਆਪਣੇ ੨੨੦੦ ਤਿਆਰ-ਬਰ-ਤਿਆਰ ਸਨੱਧ ਬੱਧ ਘੋੜ-ਸਵਾਰ ਬਿਆਸਾ ਤੋਂ ਪਾਰ ਉਤਾਰ ਕੇ ਲੜਾਈ ਦੀ ਤਰਤੀਬ ਵਿਚ ਜੋੜ ਦਿਤੇ। ਪਿਛਾ ਕਰਨ ਵਾਲੀ ਫੌਜ, ਬਧੀਆਂ ਹੋਈਆਂ ਫੌਜੀ ਸਫਾਂ ਨੂੰ ਵੇਖ ਕੇ ਦੂਰ ਰੁਕ ਗਈ। ਇੰਨੇ ਚਿਰ ਵਿਚ ਦਾਰਾ ਨੂੰ ਨਿਕਲ ਜਾਣ ਦਾ ਸਮਾਂ ਮਿਲ ਗਿਆ ਤੇ ਜਦੋਂ ਉਹ ਲਾਹੌਰੋਂ ਲੰਘਦਾ, ਮੁਲਤਾਨ ਵਲ ਨਿਕਲ ਗਿਆ, ਤਾਂ ਜਾ ਕੇ ਔਰੰਗਜ਼ੇਬ ਨੂੰ ਲੰਘਣ ਦਾ ਰਾਹ ਮਿਲਿਆ।

ਜਦ ਔਰੰਗਜ਼ੇਬ ਨੇ ਰਾਜ ਤੇ ਪੂਰਾ ਅਧਿਕਾਰ ਜਮਾ ਲਿਆ ਤਾਂ ਉਸ ਨੇ ਗੁਰੂ ਘਰ ਵਲ ਧਿਆਨ ਦਿਤਾ। ਉਹ ਗੁਰੂ ਜੀ ਨਾਲ ਲੜਨਾ ਨਹੀਂ ਚਾਹੁੰਦਾ ਸੀ। ਉਸ ਨੇ ਗੁਰੂ ਜੀ ਨੂੰ ਚਿਠੀ ਲਿਖੀ ਕਿ ਦਿਲੀ ਆਉਣ। ਸਤਿਗੁਰ ਨਾ ਗਏ, ਪਰ ਆਪਣੇ ਵਡੇ ਪੁਤਰ ਰਾਮਰਾਏ ਨੂੰ, ਜੋ ਜੋਗ ਅਭਿਆਸ ਤੇ ਰਿੱਧੀ ਸਿੱਧੀ ਦੀ ਨਿਪੁੰਨਤਾ ਵਲ ਬਹੁਤ ਸਮਾਂ ਦਿੰਦਾ ਸੀ, ਭੇਜ ਦਿਤਾ ਤੇ ਸਿਖਿਆ ਦਿਤੀ ਕਿ ਸਚਾਈ ਤੇ ਅਸੂਲ ਤੇ ਨਿਡਰ ਹੋ ਕੇ ਡਟਣਾ, ਕਰਾਮਾਤਾਂ ਤੇ ਆਸਰਾ ਨਾ ਰਖਣਾ, ਗੁਰੂ ਅੰਗ ਸੰਗ ਹੋਵੇਗਾ।

ਔਰੰਗਜ਼ੇਬ ਬੜਾ ਚਾਲਾਕ ਸੀ। ਉਹ ਗੁਰਗੱਦੀ ਨੂੰ ਆਪਣੇ ਹੱਥ ਕਰਨਾ ਚਾਹੁੰਦਾ ਸੀ। ਉਸਨੇ ਰਾਮਰਾਏ ਨੂੰ ਬੜਾ ਮਾਨ ਦਿਤਾ ਤੇ ਬਾਦਸ਼ਾਹੀ ਸਲੀਕੇ ਤੇ ਸ਼ਾਨ ਸ਼ੌਕਤ ਨਾਲ ਉਸ ਨੂੰ ਚੁੰਧਿਆ ਦਿਤਾ। ਉਸ ਨੇ ਵੀ ਬਾਦਸ਼ਾਹ ਨੂੰ ਯੋਗ-ਅਭਿਆਸ ਤੇ ਰਿਧੀਆਂ ਸਿਧੀਆਂ ਦੇ ਕੌਤਕ ਤੇ ਕਰਾਮਾਤਾਂ ਵਿਖਾ ਕੇ ਅਸਚਰਜ ਕੀਤਾ। ਬਾਦਸ਼ਾਹ ਨੇ ਰਾਮਰਾਏ ਨੂੰ ਮਾਨ ਤੇ ਦੋਸਤੀ ਨਾਲ ਕੀਲ ਲਿਆ। ਉਸ ਨੂੰ ਔਰੰਗਜ਼ੇਬ ਦਾ ਲਿਹਾਜ਼ ਪੈ ਗਿਆ।

ਇਕ ਦਿਨ ਬਾਦਸ਼ਾਹ ਨੇ ਰਾਮ ਰਾਏ ਨੂੰ ਪੁਛਿਆ, 'ਆਪ ਦੇ ਬਾਬੇ ਨਾਨਕ ਦੀ ਬਾਣੀ ਵਿਚ ਇਹ ਕੀ ਲਿਖਿਆ ਹੈ—

'ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ।
ਘੜਿ ਭਾਂਡੇ ਇਟਾ ਕੀਆ ਜਲਤੀ ਕਰੇ ਪੁਕਾਰ।'

ਰਾਮਰਾਏ ਸ਼ਾਹੀ ਰੋਅਬ ਵਿਚ ਆ ਗਿਆ। ਸੱਚ ਨੂੰ ਸੱਚ ਕਹਿਣ ਦੀ ਜੁਰਅਤ ਨਾ ਰਹੀ। ਕਮਜ਼ੋਰ ਮਨ ਲਿਹਾਜ਼ ਵਿਚ ਆ ਗਿਆ। ਕਹਿਣ ਲਗਾ, 'ਬਾਦਸ਼ਾਹ ਸਲਾਮਤ, ਮਿਟੀ ਮੁਸਲਮਾਨ ਕੀ ਨਹੀਂ, ਮਿਟੀ ਬੇਈਮਾਨ ਕੀ, ਲਿਖਿਆ ਹੈ।' (Expediency) ਹਿਕਮਤ ਅਮਲੀ ਵਰਤ ਗਿਆ। ਸਮਾਂ ਬਚਾਣ ਲਈ

ਢੰਗ ਵਰਤ ਗਿਆ। ਢੰਗ ਵਰਤਦਾ ਸੱਚ ਤੋਂ ਵੀ ਲਾਂਭੇ ਹੋ ਗਿਆ। ਰਾਮਰਾਏ ਆਤਮਕਤਾ ਦੀ ਨੀਵੀਂ ਪੱਧਰ ਤੇ ਸੀ ਹੀ, ਹੁਣ ਪ੍ਰਗਟ ਹੋ ਗਿਆ। ਬਾਦਸ਼ਾਹ ਦੀਆਂ ਨਜ਼ਰਾਂ ਵਿਚ ਵੀ ਨੀਵਾਂ ਹੋ ਗਿਆ। ਬਾਦਸ਼ਾਹ ਔਰੰਗਜ਼ੇਬ ਬੜਾ ਵਿਦਵਾਨ ਸੀ, ਜਾਣ ਗਿਆ ਕਿ ਰਾਮਰਾਏ ਝੂਠ ਬੋਲ ਗਿਆ ਹੈ। ਰੋਅਬ ਜਾਂ ਲਿਹਾਜ਼ ਵਿਚ ਆ ਕੇ ਥਿੜਕ ਗਿਆ। ਆਪਣੇ ਮਤ ਤੋਂ ਡੋਲ ਗਿਆ ਹੈ। ਸੋ ਇਸ ਪਸਪਾਈ ਦੀ ਬਾਦਸ਼ਾਹ ਨੇ ਖੂਬ ਚਰਚਾ ਚਲਾਈ। ਗੁਰਾਂ ਦੇ ਬੇਟੇ ਤੇ ਨੁਮਾਇੰਦੇ ਦੀ ਕਮਜ਼ੋਰੀ ਬੜੀ ਮਾਹਨੇ ਰਖਦੀ ਸੀ। ਇੰਨੀ ਚਰਚਾ ਚਲੀ ਕਿ ਦਿਲੀ ਦੀਆਂ ਸਿਖ ਸੰਗਤਾਂ ਨੂੰ ਇਸ 'ਈਮਾਨ ਤੋਂ ਡੋਲਣ' ਵਾਲੀ ਗਲ ਦੀ ਬੜੀ ਲੱਜਾ ਆਈ। ਉਹਨਾਂ ਨੇ ਸਤਿਗੁਰਾਂ ਨੂੰ ਲਿਖ ਭੇਜਿਆ ਕਿ ਰਾਮਰਾਏ ਤੁਹਾਡਾ ਸਿਖ ਨਹੀਂ ਰਿਹਾ, ਔਰੰਗਜ਼ੇਬ ਦਾ ਸਿਖ ਹੋ ਗਿਆ ਹੈ।

ਸਤਿਗੁਰਾਂ ਨੇ ਲਿਹਾਜ਼ ਵਿਚ ਡੋਲ ਜਾਣ ਵਾਲੇ ਨੂੰ ਤਾੜ ਲਿਆ ਕਿ ਇਹਨੂੰ ਗੁਰਗੱਦੀ ਸੌਂਪਣੀ ਤਾਂ ਕਿਤੇ ਰਹੀ, ਸਿਖ ਆਖਣਾ ਵੀ ਯੋਗ ਨਹੀਂ। ਸੋ ਉਨ੍ਹਾਂ ਨੇ ਕਹਿ ਦਿਤਾ, 'ਜਿਸ ਨੇ ਬਾਦਸ਼ਾਹ ਦੇ ਲਿਹਾਜ਼ ਪਿਛੇ ਜਗਤ-ਗੁਰੂ, ਗੁਰੂ ਨਾਨਕ ਦੀ ਬਾਣੀ ਉਲਟ ਕੇ ਉਸ ਨੂੰ ਪਿਠ ਦਿਤੀ ਹੈ, ਉਸ ਨੂੰ ਮੇਰੀ ਪਿਠ ਹੈ। ਰਾਮਰਾਏ ਮੇਰੇ ਮੱਥੇ ਨਾ ਲਗੇ।

ਜਦ ਰਾਮਰਾਏ ਦਿਲੀ ਦਰਬਾਰ ਤੋਂ ਮਾਣ ਲੈ ਕੇ ਪਰਤਿਆ, ਤਾਂ ਕੀਰਤਪੁਰੋਂ ਬਾਰਾਂ ਕੋਹ ਦੀ ਵਿੱਥ ਤੇ ਕੈਂਪ ਲਾ ਕੇ ਸਤਿਗੁਰਾਂ ਦੀ ਹਜ਼ੂਰੀ ਵਿਚ ਆਉਣ ਦੀ ਆਗਿਆ ਮੰਗੀ, ਪਰ ਸਤਿਗੁਰਾਂ ਕਹਾ ਭੇਜਿਆ, 'ਤੇਰਾ ਰਾਹ ਅਲਗ, ਮੇਰਾ ਅਲਗ, ਗੁਰੂ ਕੇ ਮਤ, ਗੁਰੂ ਕੀ ਬਾਣੀ ਨੂੰ ਉਲਟਾਣ ਵਾਲੇ ਨੂੰ ਮੈਂ ਮੂੰਹ ਨਹੀਂ ਲਾਣਾ।' ਤੇ ਮੂੰਹ ਨਾ ਲਾਇਆ। ਪਿਛੋਂ ਰਾਮਰਾਏ ਧੀਰਮਲ ਨਾਲ ਮਿਲ ਕੇ ਧਮਕੀਆਂ ਦੇਂਦਾ ਰਿਹਾ ਕਿ 'ਗੁਰਗੱਦੀ ਮੇਰਾ ਹੱਕ ਹੈ, ਮੈਨੂੰ ਦੇ ਦਿਓ, ਨਹੀਂ ਤਾਂ ਬੁਰੇ ਨਤੀਜੇ ਨਿਕਲਣਗੇ।' ਔਰੰਗਜ਼ੇਬ ਨੇ ਰਾਮਰਾਏ ਨੂੰ ਡੇਹਰਾਦੂਨ ਵਿਚ ਜਗੀਰ ਵੀ ਦਿਤੀ। 'ਸਜਾਦਾ-ਨਸ਼ੀਨ' ਦੀ ਪਦਵੀ ਵੀ ਦਿਤੀ, ਪਰ ਸਤਿਗੁਰੂ ਬਾਦਸ਼ਾਹ ਦੀ ਮਰਜ਼ੀ ਸਾਹਮਣੇ ਝੁਕੇ ਨਹੀਂ। ਆਪਣੇ ਛੋਟੇ, ਪੰਜ ਸਾਲਾਂ ਦੇ ਪੁਤਰ, 'ਹਰਿ ਕ੍ਰਿਸ਼ਨ' ਜੀ ਨੂੰ ਯੋਗ ਸਮਝ ਕੇ ਗੁਰਗੱਦੀ ਦੇ ਦਿਤੀ ਤੇ ਕਤਕ ਵਦੀ ੯ ਸੰਮਤ ੧੭੧੮ (ਸੰਨ ੧੬੬੧ ਈ: ਨੂੰ ਕੀਰਤਪੁਰ ਵਿਚ ਜੋਤੀ ਜੋਤ ਸਮਾ ਗਏ।

ਮੇਰੀ ਜ਼ਿੰਦਗੀ ਭਰ ਦੀ ਕਾਮਯਾਬ ਪ੍ਰੈਕਟਿਸ ਦਾ ਇਕ ਖਾਸ ਨੁਸਖਾ

ਜਗਤ–ਅੰਜਨ (ਸੁਰਮਾ)

ਜਗਤ ਅੰਜਨ (ਸੁਰਮਾ) ਦਿਨ ਵਿਚ ਦੋ ਵਾਰ ਇਕ ਇਕ ਸਲਾਈ ਪਾਣ ਨਾਲ ਫੋਲਾ, ਅੱਖਾਂ ਅਗੇ ਹਨੇਰਾ ਆਣਾ, ਪਾਣੀ ਆਣਾ, ਨਾਖੂਨਾ, ਕੁਕਰੇ, ਖਾਰਸ਼, ਅਖਾਂ ਅਗੇ ਕਾਲੀਆਂ ਬਿੰਦੀਆਂ, ਜਾਂ ਗੋਲ ਗੋਲ ਹਲਕੇ ਆਦਿ ਨੂੰ ਚੰਦ ਦਿਨਾਂ ਵਿਚ ਹੀ ਪੂਰਾ ਫਾਇਦਾ ਕਰ ਦੇਂਦਾ ਹੈ।

ਕੀਮਤ ਇਕ ਸ਼ੀਸ਼ੀ ੩) ਰੁਪੈ। ਡਾਕ ਖਰਚ ੧।।) ਵਖਰਾ।

ਜਗਤ ਸਿੰਘ ਹਕੀਮ ਹਾਜ਼ਕ, ੨੯ ਈਸਟ ਐਵੀਨੀਊ, ਪੰਜਾਬੀ ਬਾਗ, ਨਵੀਂ ਦਿਲੀ ੨੬

ਨਨਕਾਣੇ ਸਾਹਿਬ ਦੇ ਸ਼ਹੀਦੀ ਜਥੇ ਦੇ ਜਥੇਦਾਰ

ਸ਼ਹੀਦ ਭਾਈ ਲਛਮਣ ਸਿੰਘ ਜੀ ਧਾਰੋਵਾਲੀ

(੧੮੮੫–੧੯੨੧)

(੩)

ਪਿਛਲੇ ਦੋ ਮਹੀਨਿਆਂ ਵਿਚ ਅਸੀਂ ਨਨਕਾਣੇ ਸਾਹਿਬ ਦੇ ਸ਼ਹੀਦੀ ਜਥੇਦਾਰ, ਭਾਈ ਲਛਮਣ ਸਿੰਘ ਜੀ ਸ਼ਹੀਦ ਦੇ ਬਚਪਣ ਦੇ ਹਾਲਾਤ ਤੇ ਫਿਰ ਜੁਆਨੀ ਵਿਚ ਸਿਖੀ ਪ੍ਰਚਾਰ ਦੀ ਲਗਨ ਤੇ ਹਾਲਾਤ ਸੁਣਾਏ ਸਨ ਤੇ ਦਸਿਆ ਸੀ ਕਿ ਕਿਵੇਂ ਪਹਿਲੇ ਆਪ ਨੇ ਅੰਮ੍ਰਿਤ ਪ੍ਰਚਾਰ ਦੀ ਲਹਿਰ ਚਲਾਈ ਤੇ ਤਰਨ ਤਾਰਨ ਦੇ ਖਾਲਸਾ ਪ੍ਰਚਾਰਕ ਵਿਚ ਜਾ ਕੇ ਪੜ੍ਹਦੇ ਭੀ ਰਹੇ। ਖਾਸ ਕਰ ਕੇ ਅਖੌਤੀ ਅਛੂਤਾਂ ਨੂੰ ਨਾਲ ਰਲਾਣ ਵਿਚ ਕਿਵੇਂ ਜੋਸ਼ ਨਾਲ ਕੰਮ ਕੀਤਾ ਤੇ ਲੜਾਈ ਝਗੜੇ ਤੋਂ ਭੀ ਨਾ ਡਰੇ ਤੇ ਕੋਈ ਆਪ ਦੇ ਮੂੰਹ ਨਾ ਆਇਆ। ਫਿਰ ਆਪ ਨੇ ਵਿਦਿਅਕ ਆਸ਼ਰਮ ਚਲਾ ਕੇ ਘਰ ਦੀ ਜ਼ਮੀਨ ਭੀ ਗਹਿਣੇ ਰਖ ਦਿਤੀ ਤੇ ਵਿਦਿਅਕ ਸੇਵਾ ਵਿਚ ਈਸਾਈ ਮਿਸ਼ਨਰੀਆਂ ਨੂੰ ਭੀ ਮਾਤ ਪਾ ਦਿਤਾ। ਫਿਰ ਆਪ ਨੇ ਸਿਖ ਲੀਗ ਦੇ ਸਮਾਗਮਾਂ ਵਿਚ ਸ਼ਾਮਲ ਹੋਣਾ ਸ਼ੁਰੂ ਕੀਤਾ ਤੇ ਆਪ ਨੂੰ ਪੰਥਕ ਸੇਵਾ ਦੀ ਲਗਨ ਲਗ ਗਈ।

੧੯੨੦ ਵਿਚ ਆਪ ਨੇ ਆਪਣੇ ਪਿੰਡ ਵਿਚ ਤਿੰਨ ਦਿਨ ਏਡੀ ਭਾਰੀ ਪੰਥਕ ਕਾਨਫ੍ਰੰਸ ਕੀਤੀ ਕਿ ੪੦–੩੫ ਹਜ਼ਾਰ ਬੰਦੇ ਬਾਹਰੋਂ ਆਏ। ਤਿੰਨ ਦਿਨ ਇਹ ਕਾਨਫ੍ਰੰਸ ਹੁੰਦੀ ਰਹੀ। ਪੰਥਕ ਲੀਡਰ ਤੇ ਡਾਕਟਰ ਕਿਚਲੂ ਵਰਗੇ ਕਾਂਗਰਸੀ ਨੇਤਾ ਸ਼ਾਮਲ ਹੋਏ। ਲੰਗਰ ਦਾ ਏਡਾ ਵੱਡਾ ਪ੍ਰਬੰਧ ਸੀ ਕਿ ਹਜਾਰ ਹਜਾਰ ਦੀਆਂ ੩੦–੩੫ ਪੰਗਤਾਂ ਰੋਜ਼ ਲਗਦੀਆਂ। ੨੦੦ ਮਣ ਆਟਾ ਪਕਿਆ। ਪਾਣੀ ਦੇਣ ਵਾਲੇ ਖੂਹ ਦਾ ਪਾਣੀ ਸੁਕ ਗਿਆ। ੫੦–੬੦ ਪੀਪੇ ਘਿਉ ਲਗਾ।

ਇਸ ਕਾਨਫ੍ਰੰਸ ਵਿਚ ਸਿਖ ਲੀਡਰਾਂ ਵਲੋਂ ਗੁਰ-ਦੁਆਰਾ ਸੁਧਾਰ ਲਹਿਰ ਚਲਾਣ ਤੇ ਸ਼ਾਂਤਮਈ ਰਹਿ ਕੇ ਕੁਰਬਾਨੀਆਂ ਦੇਣ ਦੇ ਧੜਲੇਦਾਰ ਲੈਕਚਰ ਹੋਏ ਤੇ ਬੱਚੇ ਬੱਚੇ ਦਾ ਦਿਲ ਕੁਰਬਾਨੀ ਦੇਣ ਲਈ ਧੜਕ ਉਠਿਆ ਇਸ ਵਿਚ ਨਨਕਾਣੇ ਸਾਹਿਬ ਦੇ ਮਹੰਤ, ਨਰੈਣ ਦਾਸ ਦੀਆਂ ਕਰਤੂਤਾਂ ਅਤੇ ਅਤਿਆਚਾਰਾਂ ਦੇ ਪੜਦੇ ਪਾੜ ਕੇ ਦਸੇ ਗਏ ਕਿ ਕਿਵੇਂ ਉਸ ਬਦਮਾਸ਼ ਰਖੇ ਹੋਏ ਹਨ, ਉਨ੍ਹਾਂ ਨੂੰ ਸ਼ਰਾਬਾਂ ਪਿਲਾਂਦਾ ਹੈ ਤੇ ਗੁਰਦੁਆਰਾ ਜਨਮ-ਅਸਥਾਨ ਦੇ ਅਦਰ ਦੋ ਵਾਰ ਕੰਜਰੀਆਂ ਦੇ ਨਾਚ ਵੀ ਕਰਾਏ ਗਏ ਹਨ। ਉਦੋਂ ਉਦੋਂ ਹੀ ਜ਼ਿਲਾ ਲਾਇਲਪੁਰ ਦੀਆ ਛੇ ਬੀਬੀਆਂ ਗਡੀਓਂ ਰਹਿ ਗਈਆਂ ਸਨ ਤੇ ਉਨ੍ਹਾਂ ਨੂੰ ਗੁਰਦੁਆਰਾ ਜਨਮ ਅਸਥਾਨ ਵਿਚ ਮਹੰਤ ਵਲੋਂ ਠਹਿਰਾ ਕੇ ਉਨ੍ਹਾਂ ਦੀ ਪੱਤ ਲੁਟੀ ਗਈ ਸੀ—ਇਸ ਦਰਦਨਾਕ ਘਟਨਾ ਦੇ ਹਾਲ ਸੁਣਾਏ ਗਏ। ਇਕ ਸਿੰਧੀ ਸੇਠ ਜੋ ਗੁਰੂ ਘਰ ਦੀ ਸ਼ਰਧਾ ਧਾਰ ਕੇ ਸਣੇ ਪ੍ਰਵਾਰ ਦਰਸ਼ਨਾਂ ਲਈ ਆਇਆ ਸੀ, ਦੀ ਕੁਆਰੀ ਲੜਕੀ ਦਾ ਰਹਿਰਾਸਿ ਦੇ ਪਾਠ ਹੁੰਦੇ ਸੱਤ ਭੰਗ ਕੀਤਾ ਗਿਆ ਤੇ ੩–੪ ਦਿਨ ਲੁਕਾਈ ਰਖਿਆ ਗਿਆ। ਇਹ ਵਿਥਿਆਵਾਂ ਸੁਣ ਕੇ ਸੰਗਤਾਂ ਨੂੰ ਏਡਾ ਜੋਸ਼ ਆਇਆ ਕਿ ਭਾਈ ਟਹਿਲ ਸਿੰਘ ਸ਼ਹੀਦ ਨਜ਼ਾਮ ਪੁਰ ਦੇਵਾ ਨੇ ਏਲਾਨ ਕੀਤਾ ਕਿ ਉਹ ਦਿਨ ਚੜ੍ਹਦੇ ਨੂੰ ਮਹੰਤ ਦਾ ਸਿਰ ਵੱਢ ਲਿਆਵੇਗਾ, ਪਰ ਉਸ ਨੂੰ ਹੌਸਲਾ ਤੇ ਧੀਰਜ ਦੇ ਕੇ ਰੋਕ ਦਿਤਾ ਗਿਆ ਤੇ ਸ਼ਾਂਤਮਈ ਰਹਿ ਕੇ ਸ਼ਹੀਦੀ ਦੇਣ ਦੀ ਪ੍ਰੇਰਨਾ ਕੀਤੀ ਗਈ। ਇਸ ਪੁਰ ਬਹੁਤ ਸਾਰੇ ਸਿੰਘ ਉਥੇ

ਹੀ ਸ਼ਹੀਦੀਆਂ ਲਈ ਤਿਆਰ ਹੋ ਗਏ ਜੋ ਅਗਲੇ ਸਾਲ ਫਰਵਰੀ ਵਿਚ ਨਨਕਾਣੇ ਸਾਹਿਬ ਪਹੁੰਚ ਕੇ ਸ਼ਹੀਦ ਹੋ ਗਏ।

ਨਵੰਬਰ ੧੯੨੧ ਵਿਚ ਨਨਕਾਣੇ ਸਾਹਿਬ ਦੇ ਮੇਲੇ ਦੇ ਭਰੇ ਦੀਵਾਨ ਵਿਚ ਇਹ ਸ਼ਿਕਾਇਤ ਹੋਈ ਕਿ ਮਹੰਤ ਕਿਰਪਾਨਾ ਵਾਲ ਸਿੰਘਾਂ ਨੂੰ ਗੁਰਦੁਆਰਾ ਜਨਮ-ਅਸਥਾਨ ਵਿਚ ਦਰਸ਼ਨਾਂ ਲਈ ਨਹੀਂ ਜਾਣ ਦਿੰਦਾ। ਤਾਂ ਭਾਈ ਲਛਮਣ ਸਿੰਘ ਨੇ ਜੋਸ਼ਭਰੀ ਅਪੀਲ ਕੀਤੀ ਕਿ ਸਭ ਸਿਘ ਚਲੋ ਇਕਠ ਚਲੀਏ। ੨੦ ਹਜ਼ਾਰ ਦੇ ਲਗ ਪਗ ਸੰਗਤਾਂ ਆਪ ਦੀ ਜਥੇਦਾਰੀ ਵਿਚ ਸ਼ਬਦ ਪੜ੍ਹਦੀਆਂ ਗੁਰਦੁਆਰੇ ਅਗੇ ਜਾ ਇਕਠੀਆ ਹੋਈਆਂ। ਮਹੰਤ ਸ਼ੈ ਕੜੇ ਹਥਿਆਰ ਬੰਦ ਬਦਮਾਸ਼ਾਂ ਤੇ ਪਠਾਣ ਬੰਦੂਕਚੀਆਂ ਸਣੇ ਰੋਕਣ ਲਈ ਅਗੇ ਆ ਗਿਆ। ਇਹ ਵੇਖ ਪੁਲਸ ਅਫ਼ਸਰ ਪੁਲਸ ਲੈ ਕੇ ਨੱਠੇ ਆਏ। ਇਕੱਠ ਦਾ ਕਾਰਣ ਜਾਚ ਕੇ ਪੁਲਸ ਕਪਤਾਨ ਨੇ ਮੱਥਾ ਟੇਕਣ ਦੀ ਇਜਾਜ਼ਤ ਦੇ ਦਿਤੀ ਤੇ ਛਵ੍ਹੀਆਂ, ਗੰਡਾਸਿਆਂ, ਡਾਂਗਾਂ ਵਾਲੇ ਬਦਮਾਸ਼ ਪਿਛ ਹਟ ਗਏ। ਸੰਗਤਾਂ ਨੇ ਅੰਦਰ ਜਾ ਕੇ ਮੱਥਾ ਟੇਕਿਆ ਤੇ ਜਥੇਦਾਰ ਲਛਮਣ ਸਿੰਘ ਹੁਰਾਂ ਨੇ ਲੈਕਚਰ ਕੀਤਾ ਕਿ ਅਸੀਂ ਗੁਰਦੁਆਰੇ ਦੇ ਦਰਸ਼ਨ ਕਰਨੋਂ ਨਹੀਂ ਰਕ ਸਕਦੇ ਭਾਵੇਂ ਜਾਨ ਭੀ ਚਲੀ ਜਵੇ। ਇਥੇ ਭਾਈ ਲਛਮਣ ਸਿੰਘ ਜੀ ਨੇ ਸ੍ਰੀ ਜਨਮ-ਅਸਥਾਨ ਦੀ ਪਵਿਤਰਤਾ ਤੇ ਆਜ਼ਾਦੀ ਲਈ ਫਿਰ ਸ਼ਹੀਦੀ ਪ੍ਰਣ ਲਿਆ।

ਇਸ ਤੋਂ ਪਹਿਲਾਂ ਸਾਵਣ ਵਿਚ ਭਾਈ ਲਛਮਣ ਸਿੰਘ ਆਪਣੇ ਪਿੰਡ ਦੀਆਂ ਬੀਬੀਆ ਦੇ ਜਥੇ ਨਾਲ ਤਾਰਨ ਤਾਰਨ ਇਸ਼ਨਾਨ ਕਰਨ ਗਏ ਸਨ। ਬੀਬੀਆਂ ਨੇ ਸ੍ਰੀ ਦਰਬਾਰ ਸਾਹਬ ਅੰਦਰ ਕੀਰਤਨ ਕਰਨ ਦੀ ਖਾਹਸ਼ ਪ੍ਰਗਟ ਕੀਤੀ ਪਰ ਬੜੇ ਨਿਰਾਦਰ ਭਰੇ ਸ਼ਬਦਾਂ ਨਾਲ ਮਹੰਤਾਂ ਨੇ ਰੋਕ ਦਿਤਾ। ਤਾਂ ਜੋਸ਼ ਵਿਚ ਆ ਕੇ ਆਪ ਨੇ ਬੀਬੀਆਂ ਨੂੰ ਕੀਰਤਨ ਕਰਨ ਲਾ ਦਿਤਾ ਤੇ ਖੂੰਡਾ ਲੈ ਕੇ ਖੜੇ ਹੋ ਗਏ। ਆਪ ਦੇ ਦਬਦਬੇ ਅਗੇ ਕਿਸੇ ਚੂੰ ਤਕ ਨਾ ਕੀਤੀ। ਇਥੋਂ ਆਪ ਨੇ ਗੁਰਦੁਆਰਿਆਂ ਦੇ ਪ੍ਰਬੰਧ ਦਾ ਸੁਧਾਰ ਕਰਨ ਦਾ ਦ੍ਰਿੜ੍ਹ ਸੰਕਲਪ ਧਾਰ ਲਿਆ ਸੀ।

ਜਨਵਰੀ ਵਿਚ ਮਾਝੇ ਦੇ ਸਿੰਘ ਗੁਰਦੁਆਰਾ ਤਰਨ ਤਾਰਨ ਦੇ ਪ੍ਰਬੰਧ ਨੂੰ ਆਪਣੇ ਸੋਧਣ ਲਈ ਅਕਾਲੀ ਜੱਥਾ ਬੰਨ੍ਹ ਕੇ ਆਏ ਤੇ ਮਹੰਤਾਂ ਨੇ ਦੋ ਸਿੰਘ ਸ਼ਹੀਦ ਕਰ ਦਿਤੇ। ਪਰ ਸਿੰਘਾਂ ਗੁਰਦੁਆਰੇ ਪੁਰ ਕਬਜ਼ਾ ਕਰ ਲਿਆ। ੨੬ ਜਨਵਰੀ ੧੯੨੧ ਨੂੰ ਸ਼ਹੀਦ ਹੋਏ ਸਿੰਘਾਂ ਭਾਈ ਹਜ਼ਾਰਾ ਸਿੰਘ ਤੇ ਭਾਈ ਹੁਕਮ ਸਿਘ ਨਮਿਤ ਅਖੰਡ ਪਾਠ ਦਾ ਭੋਗ ਪਿਆ ਤਾਂ ਭਾਈ ਲਛਮਣ ਸਿੰਘ ਹੁਰਾਂ ਬੜਾ ਦਰਦਨਾਕ ਲੈਕਚਰ ਕੀਤਾ ਤੇ ਨਨਕਾਣਾ ਸਾਹਿਬ ਦੇ ਮਹੰਤ ਦੇ ਅਤਿਆਚਾਰ ਬਿਆਨ ਕਰ ਕੇ ਅਰਦਾਸ ਕੀਤੀ ਕਿ "ਹੇ ਸਤਿਗੁਰੂ ਸਾਨੂੰ ਭੀ ਮਾਝੇ ਦੇ ਸਿੰਘਾਂ ਵਾਂਗ ਆਪਣੇ ਇਲਾਕੇ ਦੇ ਗੁਰਦੁਆਰੇ ਜਨਮ ਅਸਥਾਨ ਨਨਕਾਣਾ ਸਾਹਿਬ ਨੂੰ ਸ਼ਹੀਦੀ ਦੇ ਕੇ ਆਜ਼ਾਦ ਕਰਵਾਉਣ ਦਾ ਬਲ ਬਖਸ਼। ਮੈਨੂੰ ਤਾਂ ਆਪਣੀ ਸੇਵਾ ਵਿਚ ਜ਼ਰੂਰੀ ਹੀ ਲਾ ਲੈਣਾ।"

੧੫ ਨਵੰਬਰ ਨੂੰ ਪੰਥਕ ਆਗੂਆਂ ਨੇ ਸਾਰੇ ਪੰਥ ਨੂੰ ਸਦਾ ਦੇ ਕੇ ਅਕਾਲ ਤਖਤ ਇਕਤਰ ਹੋਣ ਦਾ ਸੱਦਾ ਦਿਤਾ ਸੀ ਤੇ ੧੫-੧੬ ਨਵੰਬਰ ਨੂੰ ਪੰਥ ਨੇ ੧੭੫ ਆਦਮੀਆਂ ਦੀ ਇਕ ਪ੍ਰਤੀਨਿਧ ਕਮੇਟੀ ਚੁਣ ਲਈ ਸੀ ਜਿਸ ਦਾ ਨਾਮ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਖਿਆ ਗਿਆ। ਇਨ੍ਹਾਂ ਵਿਚੋਂ ਭਾਈ ਲਛਮਣ ਸਿੰਘ ਹੁਰਾਂ ਨੂੰ ਭੀ ਚੁਣਿਆ ਗਿਆ ਸੀ। ੨੩ ਜਨਵਰੀ ਨੂੰ ਆਪ ਪਿੰਡੋਂ ਅੰਮ੍ਰਿਤਸਰ ਜਾ ਰਹੇ ਸਨ ਤੇ ਰਸਤੇ ਵਿਚ ਸਭ ਨੂੰ ਕਹਿੰਦੇ ਸਨ ਕਿ "ਮੈਂ ਸ੍ਰੀ ਨਨਕਾਣਾ ਸਾਹਿਬ ਜਾ ਕੇ ਜ਼ਰੂਰ ਸ਼ਹੀਦ ਹੋ ਜਾਣਾ ਹੈ, ਹੋਰ ਭਾਵੇਂ ਕੋਈ ਹੋਵੇ ਨਾ ਹੋਵੇ।"

੨੩ ਜਨਵਰੀ ਦੀ ਸ੍ਰੋਮਣੀ ਕਮੇਟੀ ਦੀ ਇਕਤ੍ਰਤਾ ਵਿਚ ਸ੍ਰੀ ਨਨਕਾਣੇ ਸਾਹਿਬ ਲਈ ਪਾਸ ਕੀਤਾ ਗਿਆ ਕਿ ੪-੫-੬ ਮਾਰਚ ਨੂੰ ਸ੍ਰੀ ਨਨਕਾਣੇ ਸਾਹਿਬ ਇਕ ਸਭ ਵਰਗਾਂ ਦੇ ਸਿਖਾਂ ਦਾ ਭਾਰਾ ਦੀਵਾਨ ਕਰ ਕੇ ਮਹੰਤ ਨਰੈਣ ਦਾਸ ਨੂੰ ਗੁਰਦੁਆਰਾ ਪ੍ਰਬੰਧ ਦਾ ਸੁਧਾਰ ਕਰਨ ਲਈ ਕਿਹਾ ਜਾਵੇ। ਇਕ ਚਿੱਠਾ ਛਾਪ ਕੇ ਸਿਖ ਜਨਤਾ, ਰਾਜਿਆਂ ਮਹਾਰਾਜਿਆਂ ਤੇ ਸਰਕਾਰ ਅਗੇ ਅਪੀਲ ਕੀਤੀ ਗਈ ਕਿ ਉਹ ਇਸ ਪੁਰਅਮਨ ਅੰਦੋਲਨ ਵਿਚ ਸ੍ਰੋਮਣੀ ਕਮੇਟੀ ਦੀ ਮਦਦ ਕਰੇ। ਸੰਗਤਾਂ ਨੂੰ ਸ਼ਾਂਤ-ਮਈ ਰਹਿਣ ਦੀ ਅਪੀਲ ਕੀਤੀ ਗਈ। ਦੀਵਾਨ ਦਾ ਪ੍ਰਬੰਧ ਕਰਨ ਲਈ ਭਾਈ ਬੂਟਾ ਸਿੰਘ ਚਕ ੨੦੪, ਭਾ: ਤੇਜਾ ਸਿੰਘ ਸਮੁੰਦਰੀ, ਭਾ: ਲਛਮਣ ਸਿੰਘ ਧਾਰੋਵਾਲੀ ਤੇ ਭਾ: ਕਰਤਾਰ ਸਿੰਘ ਝੱਬਰ ਦੀਆਂ ਡਿਊਟੀਆਂ

ਲਾਈਆਂ ਗਈਆਂ। ਉਸੇ ਦਿਨ ਭਾਈ ਲਛਮਣ ਸਿੰਘ ਜੀ ਨੇ ਹਰਮੰਦਰ ਸਾਹਿਬ ਅਗੇ ਖਲੋ ਕੇ ਅਰਦਾਸ ਕੀਤੀ ਕਿ 'ਹੇ ਗੁਰੂ ਰਾਮਦਾਸ ਜੀ, ਮੇਰੇ ਤੇ ਮੇਹਰ ਕਰਨੀ ਤੇ ਸ੍ਰੀ ਨਨਕਾਣੇ ਸਾਹਿਬ ਲਈ ਸ਼ਹੀਦੀ ਦਾ ਗੱਫਾ ਬਖਸ਼ ਕੇ ਆਪਣੇ ਪਵਿਤਰ ਚਰਨਾਂ ਕਮਲਾਂ ਵਿਚ ਥਾਂ ਦੇ ਕੇ ਨਿਵਾਜ ਲੈਣਾ।"

ਮਹੰਤ ਨਰੈਣਦਾਸ ਨੂੰ ਸਭ ਰਪੋਟਾਂ ਉਨ੍ਹਾਂ ਦਾ ਇਕ ਸੂਹੀਆ ਪਹੁਚਾਂਦਾ ਸੀ ਜੋ ਅਕਾਲੀਆਂ ਵਿਚ ਰਲਿਆ ਹੋਇਆ ਸੀ। ਉਸ ਆਪਣੇ ਹਥਆਰਾਂ ਅਤੇ ਗੁੰਡਿਆਂ ਤੇ ਮਾਰਖੋਰੇ ਬੰਦਿਆਂ ਦੀ ਗਿਣਤੀ ਵਧਾ ਲਈ। ਉਸ ਦੇ ਅਧੀਨ ਸ੍ਰੀ ਨਨਕਾਣਾ ਸਾਹਿਬ ਦੇ ਹਜ਼ਾਰ ਕੁ ਮੁਰੱਬੇ ਜ਼ਮੀਨ ਦੀ ਆਮਦਨੀ ਤੇ ਮੁਜ਼ਾਰੇ ਆਦਿ ਮਾਰ-ਖੋਰੇ ਬੰਦੇ ਸਨ। ਉਸ ਨੇ ਉਨ੍ਹਾਂ ਨਾਲ ਮਾਰਚ ਦੇ ਪੰਥ ਦੀਵਾਨ ਤੇ ਹਮਲਾ ਕਰ ਕੇ ਸਭ ਲੀਡਰਾਂ ਨੂੰ ਮਾਰ ਮੁਕਾਣ ਦਾ ਪਲਾਨ ਬਣਾ ਲਿਆ। ਇਧਰੋਂ ਭਾਈ ਲਛਮਣ ਸਿੰਘ ਜੀ ਨੇ ਸੋਚਿਆ ਕਿ ਮਾਰਚ ਦੇ ਪੰਥਕ ਦੀਵਾਨ ਵਿਚ ਮਹੰਤ ਪੰਥ ਦੇ ਵਡੇ ਵਡੇ ਲੀਡਰਾਂ ਨੂੰ ਜ਼ਰੂਰ ਕਤਲ ਕਰਾ ਦੇਏਗਾ। ਕਿਉਂ ਨਾ ਹੁਣੇ ਅਛੋਪਲੀ ਜਾ ਕੇ ਅਸੀਂ ਗੁਰਦੁਆਰੇ ਤੇ ਕਬਜ਼ਾ ਕਰ ਲਈਏ ਤੇ ਸ਼ਹੀਦ ਹੋ ਜਾਈਏ ਤੇ ਇਉਂ ਪੰਥ ਦੇ ਆਗੂਆਂ ਦੀਆਂ ਕੀਮਤੀ ਜਾਨਾਂ ਬਚਾ ਲਈਏ। ਸੋ ਉਨ੍ਹਾਂ ਭਾਈ ਕਰਤਾਰ ਸਿੰਘ ਝਬਰ ਨਾਲ ਭੀ ਗਲ ਕਰ ਕੇ ਇਸ ਪ੍ਰੋਗਰਾਮ ਤੇ ਰਾਜ਼ੀ ਕਰ ਲਿਆ। ਇਸ ਉਪਰੰਤ ਭਾਈ ਲਛਮਣ ਸਿੰਘ ਤੇ ਭਾਈ ਕਰਤਾਰ ਸਿੰਘ ਝੱਬਰ ਇਲਾਕੇ ਦੇ ਗੁਰਦੁਆਰਿਆਂ ਤੇ ਮੇਲਿਆਂ ਇਕਠਾ ਉਤੇ ਪੰਥ ਦੇ ਫੈਸਲ, ਮਹੰਤ ਦੇ ਖੂਨੀ ਇਰਾਦਿਆਂ ਤੇ ਤਿਆਰੀਆਂ ਦਾ ਵਿਰਤਾਤ ਸੁਣਾ-ਉਂਦੇ ਤੇ ਸ਼ਹੀਦੀ ਚਾਅ ਸੰਗਤਾਂ ਵਿਚ ਪੈਦਾ ਕਰਦੇ। ਉਨ੍ਹਾਂ ਸ਼ਹੀਦੀ ਦੇਣ ਦੇ ਇਛਾਵਾਨਾਂ ਦੀ ਭਰਤੀ ਕਰਨੀ ਆਰੰਭ ਦਿਤੀ। ਭਾਈ ਕਰਤਾਰ ਸਿੰਘ ਝਬਰ ਨੇ ਕਿਹਾ ਕਿ ਮੈਂ ਭੀ ਬਹੁਤ ਫਿਰਿਆ ਹਾਂ, ਸਾਡਾ ਤਾਂ ਸਾਰਾ ਇਲਾਕਾ ਹੀ ਭਰਤੀ ਹੈ, ਪਰ ਅਸੀਂ ਸ਼੍ਰੋਮਣੀ ਕਮੇਟੀ ਦੀ ਆਗਿਆ ਲੈ ਕੇ ਕੁਝ ਕਰਾਂਗੇ। ਸੋ ਝਬਰ ਜੀ ਨਾਲ ਫੈਸਲਾ ਹੋਇਆ ਕਿ ਝਬਰ ਜੀ ਸ਼੍ਰੋਮਣੀ ਕਮੇਟੀ ਦੀ ਮਨਜ਼ੂਰੀ ਲੈਣ ਅੰਮ੍ਰਿਤਸਰ ਜਾਣ ਤੇ ਜੇ ਮਨਜ਼ੂਰੀ ਮਿਲ ਜਾਏ, ਤਾਂ ਇਹ ਤਾਰ ਸਾਂਗਲੇ ਸਟੇਸ਼ਨ ਤੇ ਦੇਣ ਕਿ "ਕੰਬਲ ਗੁਆਚੇ ਲਭ ਪਏ ਹਨ" ਤੇ ਜੇ ਨਾ ਮਿਲੇ ਤਾਂ "ਨਹੀਂ ਲਭੇ" ਤਾਰ ਦੇਣ।

੧੯ ਫਰਵਰੀ ਨੂੰ ਸਾਂਗਲੇ ਤਾਰ ਪਹੁੰਚੀ ਕਿ "ਕੰਬਲ ਗੁਆਚੇ ਲਭ ਪਏ ਹਨ"। ਸਪੈਸ਼ਲ ਬੰਦੇ ਰਾਹੀਂ ਇਹ ਤਾਰ ਧਾਰੋਵਾਲੀ ਭਾਈ ਲਛਮਣ ਸਿੰਘ ਜੀ ਨੂੰ ਪਹੁੰਚੀ, ਤਾਂ ਉਨ੍ਹਾਂ ਸ਼ਹੀਦੀ ਲਈ ਨਾਮ ਲਿਖਾਉਣ ਵਾਲਿਆਂ ਨੂੰ ਚਿਠੀਆਂ ਦੇ ਕੇ ਆਦਮੀ ਪਿੰਡਾਂ ਵਿਚ ਭਜਾ ਦਿਤੇ।

ਝੱਬਰ ਜੀ ਨੂੰ ਅੰਮ੍ਰਿਤਸਰ ਭੇਜਣ ਬਾਦ ਉਹ ਦਿਨ ਰਾਤ ਪਿੰਡਾਂ ਵਿਚ ਫਿਰ ਕੇ ਸਭ ਨੂੰ ਫ਼ੌਰਨ ਤਿਆਰ ਰਹਿਣ ਦੀ ਇਤਲਾਹ ਦੇ ਚੁਕੇ ਸਨ। ਆਪਣੇ ਪਿੰਡੋਂ ਤੁਰ ਕੇ ਪਿੰਡੋ ਪਿੰਡੀ ਹੁੰਦੇ, ਸਭ ਨੂੰ ਨਾਲ ਲੈਂਦੇ, ਨਨਕਾਣੇ ਸਾਹਿਬ ਪੁਜਣ ਦਾ ਰਾਹ ਭੀ ਨਿਯਤ ਕਰ ਚੁਕੇ ਸਨ। ਸੁਨੇਹੇ ਪਹੁੰਚਣ ਉਤੇ, ਰਸਤੇ ਦੇ ਪਿੰਡਾਂ ਵਿਚੋਂ ਸਭ ਤਿਆਰ ਹੋ ਗਏ। ਬਾਹਰ ਦੇ ਇਲਾਕੇ ਵਿਚ ਗਡੀ ਤੇ ਆਦਮੀ ਭੇਜ ਕੇ ਗਡੀ ਤੇ ਜੜ੍ਹਾਂਵਾਲੇ ਸਾਹਿਬ ਪਹੁੰਚਣ ਦਾ ਟਾਈਮ ਤੇ ਟਿਕਾਣਾ ਨਿਯਤ ਕਰ ਦਿਤਾ ਗਿਆ। ਸ਼ਾਮ ਨੂੰ ਭਾਈ ਲਛਮਣ ਸਿੰਘ ਜੀ ਆਪਣੇ ਪਿੰਡ ਦਾ ਜਥਾ ਲੈ ਕੇ ਤੁਰ ਪਏ।

ਭਾਈ ਬੂਟਾ ਸਿੰਘ ੨੦੪ ਚਕ ਵਾਲਿਆਂ ਨੂੰ ਜੱਥਾ ਲਿਆਉਣ ਲਈ ਲਾਇਲਪੁਰ ਭੇਜਿਆ ਗਿਆ ਸੀ। ਉਨ੍ਹਾਂ ਲਾਇਲਪੁਰ ਸ਼ਹਿਰ ਦੇ ਸਿੰਘ ਸਭਾ ਦੇ ਗੁਰ-ਦੁਆਰੇ ਆਦਮੀ ਇਕਠੇ ਕੀਤੇ ਤੇ ਜਥਾ ਲਿਜਾਣ ਲਈ ਸਲਾਹਾਂ ਹੋਣ ਲਗੀਆਂ। ਉਨ੍ਹਾਂ ਸਭ ਨੂੰ ਦਸਿਆ ਕਿ ਭਾਈ ਲਛਮਣ ਸਿੰਘ ਜੀ ਅਰਦਾਸਾ ਸੋਧ ਚੁਕੇ ਹਨ ਤੇ ਭਾਈ ਕਰਤਾਰ ਸਿੰਘ ਝਬਰ ਭੀ ਫ਼ੈਸਲਾ ਕਰ ਚੁਕੇ ਹਨ। ਮੈਂ ਉਨ੍ਹਾਂ ਪਾਸੋਂ ਅਜ ਇਸੇ ਮਤਲਬ ਲਈ ਏਥੇ ਆਇਆ ਹਾਂ ਕਿ ਜਥਾ ਤਿਆਰ ਕਰ ਕੇ ਨਨਕਾਣੇ ਸਾਹਿਬ ਕਬਜ਼ੇ ਲਈ ਚਲੀਏ। ਚੌਧਰੀ ਪਾਲ ਸਿੰਘ ਤੇ ਭਾਈ ਬੂਟਾ ਸਿੰਘ ਜੀ ਇਥੇ ਸਲਾਹ ਵਲਾਹ ਕਰ ਕੇ ਸ: ਹਰਚੰਦ ਸਿੰਘ ਜੀ ਰਈਸ ਦੀ ਕੋਠੀ ਨੂੰ ਤੁਰ ਪਏ ਕਿ ਉਥੇ ਉਨ੍ਹਾਂ ਨਾਲ ਜਾ ਕੇ ਪਿੰਡਾਂ ਵਿਚੋਂ ਹੋਰ ਬੰਦੇ ਮੰਗਾ-ਉਣ ਲਈ ਸਲਾਹ ਮਸ਼ਵਰਾ ਕਰ ਲਈਏ। ਇਹ ਦੋਵੇਂ ਸਜਨ ਅਜੇ ਗੁਰਦੁਆਰੇ ਵਿਚੋਂ ਨਿਕਲ ਕੇ ਘੰਟੇ ਘਰ ਹੀ ਪੁਜੇ ਹੋਣਗੇ ਕਿ ਇਨ੍ਹਾਂ ਨੂੰ ਇਥੇ ਹੀ ਸ: ਜੀਵਾ ਸਿੰਘ ਜੀ ਤੇ ਸ: ਹਰਚੰਦ ਸਿੰਘ ਜੀ ਮਿਲ ਪਏ। ਇਨ੍ਹਾਂ ਨੂੰ ਸਾਰੀ ਸਕੀਮ ਦਸੀ ਗਈ ਤਾਂ ਉਨ੍ਹਾਂ ਕਿਹਾ ਕਿ ਤੁਸੀਂ

ਬੇਸ਼ਕ ਜਾਓ ਪਰ ਲੋਕਾਂ ਵਿਚ ਇਸ ਗਲ ਦੀ ਚਰਚਾ ਨਾ ਕਰੋ, ਐਵੇਂ ਵਾਧੂ ਦਾ ਰੌਲਾ ਪਵੇਗਾ, ਜੇਹੜੀ ਗਲ ਭੀ ਕਰੋ ਪੂਰੀ ਸੋਚ ਵਿਚਾਰ ਨਾਲ ਪੱਕਾ ਫ਼ੈਸਲਾ ਕਰ ਕੇ ਕਰੋ। ਭਾਈ ਬੂਟਾ ਸਿੰਘ ਨੇ ਕਿਹਾ ਕਿ ਅਸੀਂ ਸਵੇਰੇ ਇਕੱਠੇ ਹੀ ਗਡੀ ਤੇ ਆਏ ਸੀ, ਭਾਈ ਟਹਿਲ ਸਿੰਘ ਅਤੇ ਝਬਰ ਜੀ ਤਾਂ ਸਾਂਗਲੇ ਉਤਰ ਗਏ ਸਨ ਅਤੇ ਭਾਈ ਲਛਮਨ ਸਿੰਘ ਜੀ ਅਗੇ ਪਿੰਡ ਜਹਾਂਗੀਰ ਨੂੰ ਚਲੇ ਗਏ ਹਨ, ਕਿਉਂਕਿ ਉਥੇ ਭਾਈ ਮੰਗਲ ਸਿਘ ਜੀ ਕਿਰਪਾਨ ਬਹਾਦਰ ਦੇ ਸੌਹਰਿਆਂ ਦਾ ਕੁਝ ਘਰੋਗੀ ਝਗੜਾ ਰਗੜਾ ਜਿਹਾ ਸੀ। ਉਨ੍ਹਾਂ ਨੇ ਅਜ ਸ਼ਾਮ ਨੂੰ ਸਤ ਵਜੇ ਦੀ ਗੱਡੀ ਵਾਪਸ ਆਉਣਾ ਹੈ ਤੇ ਸਟੇਸ਼ਨ ਲਾਇਲਪੁਰ ਤੇ ਮੈਂ ਉਨ੍ਹਾਂ ਦੇ ਇਕਰਾਰ ਮੁਜਬ ਉਹਨਾਂ ਨੂੰ ਮਿਲਣ ਜਾਣਾ ਹੈ। ਇਹ ਗਲਾਂ ਬਾਤਾਂ ਕਰ ਕੇ ਭਾਈ ਬੂਟਾ ਸਿੰਘ ਜੀ ਖਾਲਸਾ ਹਾਈ ਸਕੂਲ ਚਲੇ ਗਏ। ਉਥੇ ਅਗੇ ਮਾ: ਤਾਰਾ ਸਿੰਘ ਜੀ, ਸ: ਤੇਜਾ ਸਿੰਘ ਜੀ ਸਮੁੰਦਰੀ, ਸ: ਤੇਜਾ ਸਿੰਘ ਜੀ ਚੂਹੜਕਾਣਾ ਤਿੰਨੇ ਇਕੱਠੇ ਬੈਠੇ ਸਨ। ਪਰ ਸ: ਬੂਟਾ ਸਿੰਘ ਜੀ ੨੦੪ ਦੇ ਜਾਣ ਤੋਂ ਪਹਿਲਾਂ ਸ: ਤੇਜਾ ਸਿੰਘ ਜੀ ਸਮੁੰਦਰੀ ਆਪ ਨੂੰ ਇਹ ਸਾਰੀ ਗਲ ਦਸ ਚੁਕੇ ਸਨ, ਕਿਉਂਕਿ ਇਨ੍ਹਾਂ ਨੂੰ ਸ: ਤੇਜਾ ਸਿੰਘ ਜੀ ਚੂਹੜ-ਕਾਣੇ ਤੋਂ ਸਮੁੰਦਰੀ ਵਲੋਂ ਆਉਂਦਿਆਂ ਰਾਹ ਵਿਚ ਇਸ ਗਲ ਦਾ ਪਤਾ ਲਗ ਚੁਕਾ ਸੀ। ਸਮੁੰਦਰੀ ਜੀ ਬੜੇ ਘਬਰਾਏ ਹੋਏ ਸਨ ਤੇ ਇਸ ਗਲ ਦਾ ਬਾਰ ਬਾਰ ਤੌਖਲਾ ਕਰਦੇ ਸਨ ਕਿ ਜਿਹੜੇ ਸਿੰਘ ੧੯ ਫਰਵਰੀ ਨੂੰ ਜਾਣਗੇ ਉਹਨਾਂ ਨੇ ਉਥੇ ਜ਼ਰੂਰ ਵਢੇ ਜਾਣਾ ਹੈ ਕਿਉਂਕਿ ਮਹੰਤ ਦੀ ਬੜੀ ਭਾਰੀ ਤਿਆਰੀ ਹੈ, ਹੋਵੇ ਨਾ ਤੇ ਕਿਸੇ ਤਰ੍ਹਾਂ ਇਨ੍ਹਾਂ ਨੂੰ ਰੋਕੀਏ। ਇਹ ਗਲਾਂ ਅਜੇ ਹੋ ਹੀ ਰਹੀਆਂ ਸਨ ਜੁ ਸ: ਬੂਟਾ ਸਿੰਘ ੨੦੪ ਨੇ ਸਾਰੀ ਕਹਾਣੀ ਜਾ ਦਸੀ। ਇਨ੍ਹਾਂ ਨੇ ਸ. ਬੂਟਾ ਸਿੰਘ ਨੂੰ ਨਨਕਾਣੇ ਸਾਹਿਬ ਜਾਣੋਂ ਨਾ ਰੋਕਿਆ, ਉਸ ਦੇ ਸ਼ਹਿਰ ਵਲ ਨੂੰ ਚਲੇ ਆਉਣ ਦੇ ਪਿਛੋਂ ਬੜੀ ਚਿੰਤਾ ਕਰਨ ਲਗੇ ਕਿ ਇਸ ਤਰ੍ਹਾਂ ਕੌਮ ਦਾ ਬੜਾ ਭਾਰਾ ਨੁਕਸਾਨ ਹੋਵੇਗਾ। ਅਖੀਰ ਇਨ੍ਹਾਂ ਨੇ ਸੋਚ ਵਿਚਾਰ ਕੇ ਗੁ: ਸਚੇ ਸੌਦੇ ਭਾਈ ਕਰਤਾਰ ਸਿੰਘ ਜੀ ਝਬਰ ਨੂੰ ਤਾਰ ਦਿਤੀ ਕਿ ਉਹ ਅਜ ਰਾਤ ਦੀ ਗਡੀ ਸਟੇਸ਼ਨ ਤੇ ਆ ਕੇ ਸਾਨੂੰ ਮਿਲੇ, ਕਿਉਂਕਿ ਇਹ ੧੯ ਤਾਰੀਖ ਨੂੰ ਸ਼੍ਰੋ: ਕਮੇਟੀ ਦੀ ਮੀਟਿੰਗ ਵਿਚ ਸ਼ਾਮਲ ਹੋਣ ਲਈ ਜਾ ਰਹੇ ਸਨ। ਚੂਹੜਕਾਣੇ ਸਟੇਸ਼ਨ ਤੇ ਪੁਜੇ ਤਾਂ ਝਬਰ ਜੀ ਆਪ ਤੇ ਨਾ ਆਏ ਪਰ ਸ: ਸੁਚਾ ਸਿੰਘ ਜੀ ਜੈ ਚਕ ਵਾਲੇ ਆਏ। ਇਨ੍ਹਾਂ ਨੂੰ ਮਾਸਟਰ ਤਾਰਾ ਸਿੰਘ ਜੀ ਨੇ ਪਕੀ ਕੀਤੀ ਕਿ ਉਹ ਝਬਰ ਜੀ ਤੇ ਜ਼ੋਰ ਪੌਣ ਕਿ ਉਹ ਸ੍ਰੀ ਨਨਕਾਣੇ ਸਾਹਿਬ ਜਥੇ ਲਿਜਾਣੇ ਰੋਕ ਦੇਣ। ਭਾ: ਬੂਟਾ ਸਿੰਘ ਜੀ ਨੇ ਖਾਲਸਾ ਹਾਈ ਸਕੂਲੋਂ ਵਾਪਸ ਆ ਕੇ ਭਾਈ ਤੇਜਾ ਸਿੰਘ ਜੀ ਨੂੰ ਕਿਹਾ ਕਿ ਜਿਸ ਦੀ ਮਰਜ਼ੀ ਹੈ ਜਾਵੇ, ਜਿਸ ਦੀ ਨਹੀਂ ਮਰਜ਼ੀ ਨਾ ਜਾਵੇ, ਹੁਣ ਵਾਧੂ ਰੌਲਾ ਗੌਲਾ ਤੇ ਖੜਖਸ ਪਾਉਣ ਦੀ ਲੋੜ ਨਹੀਂ ਹੈ। ਤ੍ਰਿਕਾਲਾਂ ਵੇਲੇ ਗਿ: ਤੇਜਾ ਸਿੰਘ ਜੀ ਨੇ ਇਕ ਸਿੰਘਾਂ ਦੀ ਮੀਟਿੰਗ ਰਖ ਦਿਤੀ, ਜਿਸ ਵਿਚ ਨੌਜਵਾਨ ਵਿਦਿਆਰਥੀਆਂ ਨੇ ਬੜੀ ਖਪ ਸ਼ਪ ਪਾ ਦਿਤੀ ਕਿ ਜਦ ਪਹਿਲਾਂ ਫੈਸਲਾ ਹੋ ਚੁਕਾ ਹੈ ਤਾਂ ਕਿਉਂ ਲਲੋ-ਪਪੀਆਂ ਕੀਤੀਆਂ ਜਾ ਰਹੀਆਂ ਹਨ, ਭਾਵੇਂ ਕੁਝ ਭੀ ਹੋ ਜਾਵੇ ਅਸੀਂ ਜ਼ਰੂਰ ਨਨਕਾਣੇ ਸਾਹਿਬ ਜਾਵਾਂਗੇ। ਭਾਈ ਤੇਜਾ ਸਿੰਘ ਜੀ ਨੇ ਕਿਹਾ ਕਿ ਜੇ ਸ਼੍ਰੋਮਣੀ ਕਮੇਟੀ ਜਾਣ ਦੀ ਆਗਿਆ ਦੇਵੇ ਤਾਂ ਉਹਨਾਂ ਦੀ ਕੋਈ ਚਿਠੀ ਜਾਂ ਤਾਰ ਆਉਣੀ ਜ਼ਰੂਰੀ ਹੈ, ਨਹੀਂ ਤਾਂ ਬਿਲਕੁਲ ਜਾਣ ਦੀ ਲੋੜ ਨਹੀਂ। ਤਦ ਦੋ ਵਿਦਿਆਰਥੀਆਂ ਨੇ ਇਕ ਫਰਜ਼ੀ ਤਾਰ ਬਣਾ ਲਈ। ਤਦ ਭਾਈ ਤੇਜਾ ਸਿੰਘ ਭੀ ਤਿਆਰ ਹ ਪਏ।

੧੮ ਫਰਵਰੀ ਨੂੰ ਭਾਈ ਲਛਮਣ ਸਿੰਘ ਚਕ ੮੬ ਤੋਂ ਸਾਂਗਲੇ, ਗੱਡੀ ਰਾਹੀਂ ਜਾ ਰਹੇ ਸਨ। ਲਾਇਲ-ਪੁਰ ਸਟੇਸ਼ਨ ਤੋਂ ਲੰਘੇ ਤਾਂ ਭਾ: ਬੂਟਾ ਸਿੰਘ ੨੦੪, ਭਾਈ ਤੇਜਾ ਸਿੰਘ ਚੂਹੜਕਾਣਾ, ਸ: ਤੇਜਾ ਸਿੰਘ ਸਮੁੰਦਰੀ ਤੇ ਚੌਧਰੀ ਪਾਲ ਸਿੰਘ ਲਾਇਲਪੁਰ ਇਨ੍ਹਾਂ ਨੂੰ ਮਿਲੇ ਤੇ ਗਡੀ ਤੋਂ ਥਲੇ ਲੈ ਆਏ। ਸਮੁੰਦਰੀ ਜੀ ਨੇ ਉਹਨਾਂ ਨੂੰ ਕਿਹਾ ਕਿ ਤੁਸੀਂ ਪੰਥ ਦੀ ਸਲਾਹ ਨਾਲ ਕੰਮ ਕਰੋ, ਐਦਾਂ ਮਨ-ਆਈ ਨਾ ਕਰੋ, ਇਹ ਆਪੋਧਾਪੀ ਠੀਕ ਨਹੀਂ। ਭਾਈ ਲਛਮਣ ਸਿੰਘ ਨੇ ਇਹ ਗਲ ਮੰਨਣੋਂ ਨਾਹ ਕਰ ਦਿਤੀ। ਤਾਂ ਉਹਨਾਂ ਨੂੰ ਗਡੀ ਚਲਣ ਲਗਿਆਂ ਜ਼ਰਾ ਮਾਰ ਖੜਿਆਂ ਕਰ ਲਿਆ। ਜਦ ਗੱਡੀ ਪਲੇਟ-ਫ਼ਾਰਮ ਲੰਘ ਗਈ ਤਾਂ ਭਾਈ ਲਛਮਣ ਸਿੰਘ ਆਖਣ ਲਗੇ, ਹੁਣ ਤਾਂ ਮੈਨੂੰ ਛਡ ਦਿਓ। ਜਦ ਛਡਿਆ, ਤਾਂ ਬੜੇ ਜ਼ੋਰ ਨਾਲ ਭੱਜ ਕੇ ਗਡੀ ਦੀ ਸੀਖ ਫੜ ਕੇ ਗਾਰਡ ਦੇ ਡਬ ਵਿਚ ਚੜ੍ਹ ਬੈਠੇ ਤੇ ਕਿਹਾ ਕਿ ਜਿਹੜੀ ਪਕੀ ਸਲਾਹ ਹੋਵੇਗੀ ਤੁਹਾਨੂੰ ਰਾਤ ਨੂੰ ਸਾਂਗਲੇ ਸਟੇਸ਼ਨ ਤੇ

ਦਸਾਂਗੇ। ਸਾਂਗਲੇ ਉਤਰ ਕੇ ਆਪ ਸਿਧੇ ਧਾਰੋਵਾਲੀ ਨੂੰ ਚਲੇ ਗਏ ਤੇ ਭਾਈ ਸੰਤਾ ਸਿੰਘ ਬਚਾਚ ਨੂੰ ਸੁਨੇਹਾ ਦੇ ਗਏ ਕਿ ਰਾਤ ਦੀ ਗੱਡੀ ਤੇ ਜਾ ਕੇ ਮਾਸਟਰ ਤਾਰਾ ਸਿੰਘ ਤੇ ਭਾਈ ਬੂਟਾ ਸਿੰਘ ੨੦੪ ਨੂੰ ਕਹਿਣਾ ਕਿ ਲਛਮਣ ਸਿੰਘ ਨਨਕਾਣੇ ਜਾਣੋਂ ਨਹੀਂ ਟਲਦਾ।

ਲਾਇਲਪੁਰੋਂ ਮਾਸਟਰ ਤਾਰਾ ਸਿੰਘ ਤੇ ਉਨ੍ਹਾਂ ਦੇ ਨਾਲ ਭਾਈ ਬੂਟਾ ਸਿੰਘ ਚੌਧਰੀ ਪਾਲ ਸਿੰਘ ਆਦਿ ਰਾਤ ਦੀ ਲਹੌਰ ਜਾਣ ਵਾਲੀ ਗੱਡੀ ਚੜ੍ਹੇ। ਸਾਂਗਲੇ ਦਾ ਸੁਨੇਹਾ ਪਾ ਕੇ ਮਾਸਟਰ ਜੀ ਨੇ ਸੋਚਿਆ ਕਿ ਛੇਤੀ ਸ਼੍ਰੋਮਣੀ ਕਮੇਟੀ ਦਾ ਹੁਕਮ ਘਲਾ ਕੇ ਖੂਨ ਖਰਾਬਾ ਰੋਕਣਾ ਚਾਹੀਦਾ ਹੈ। ਸਲਾਹ ਬਣਾਈ ਕਿ ਮਾਸਟਰ ਜੀ ਤਾਂ ਸਿਧ ਅੰਮ੍ਰਿਤਸਰ ਜਾਣ ਪਰ ਬਾਕੀ ਦੋਨੋਂ ਨਨਕਾਣੇ ਸਾਹਿਬ ਪਹੁੰਚ ਕੇ ਚੰਦਰਕੋਟ ਦੀ ਝਾਲ ਉਤੇ ਜਾ ਬੈਠਣਗੇ ਤੇ ਉਥੇ ਜਥਿਆਂ ਨੂੰ ਅਟਕਾਉਣਗੇ। ਝਬਰ ਹੁਰਾਂ ਨੇ ਰਸਤੇ ਵਿਚ ਮਿਲਣਾ ਸੀ ਪਰ ਉਹ ਬੀਮਾਰ ਹੋ ਗਏ ਤੇ ਉਹਨਾਂ ਹੋਰ ਆਦਮੀ ਭੇਜ ਦਿਤਾ ਜੋ ਝਾਲ ਦਾ ਰਸਤਾ ਵਖਾਵੇ।

ਮਾਸਟਰ ਜੀ ਅਗਲੇ ਦਿਨ ਵਾਪਸ ਮੁੜੇ ਤੇ ਭਾਈ ਹਾਕਮ ਸਿੰਘ ਨਨਕਾਣਾ ਸਾਹਿਬ ਦੇ ਪਾਰਲੇ ਸਟੇਸ਼ਨ ਜੜ੍ਹਾਂਵਾਲੇ ਭੇਜ ਦਿਤਾ ਕਿ ਉਹ ਅਤੇ ਰਾਜਾ ਸਿੰਘ ਸਮੁੰਦਰੀ ਤੇ ਲਾਇਲਪੁਰ ਦੇ ਜਥਿਆ ਨੂੰ ਜੋ ਜੜ੍ਹਾਂਵਾਲੇ ਉਤਰਣ ਬੁਚਿਆਣੇ ਨਹਿਰ ਦੀ ਪੁਲੀ ਤੇ ਭਿਜਵਾ ਦੇਣ। ਹੁੰਦੇ ਹੁੰਦੇ ਸਲਾਹ ਇਹ ਬਣੀ ਕਿ ਥੋੜੇ ਆਦਮੀ ਹੋਣ ਤਾਂ ਮੋੜ ਦਿਤੇ ਜਾਣ ਪਰ ਹਜ਼ਾਰ ਤੋਂ ਉਪਰ ਹੋ ਜਾਣ ਤਾਂ ਕਬਜ਼ੇ ਲਈ ਗੁਰਦੁਆਰਾ ਜਨਮ ਅਸਥਾਨ ਵਲ ਚਲਿਆ ਜਾਵੇ। ਅੰਦਰ ਜਾਣ ਲਈ ਪਉੜੀਆਂ ਦਾ ਪ੍ਰਬੰਧ ਭੀ ਹੋ ਗਿਆ।

ਉਧਰ ਮਹੰਤ ਨੂੰ ਭੀ ਏਹਨਾਂ ਜਥਿਆਂ ਦੇ ਪ੍ਰੋਗ੍ਰਾਮ ਦਾ ਪਤਾ ਲੱਗ ਗਿਆ ਕਿ ਸਿੰਘ ਬੁਚਿਆਣੇ ਦੀ ਨਹਿਰ ਤੇ ਇਕੱਠੇ ਹੋ ਰਹੇ ਹਨ। ਉਸ ਨੇ ਗੁਰਦੁਆਰੇ ਜਨਮ ਅਸਥਾਨ ਵਿਚ ੧੪ ਪੀਪੇ ਤੇਲ ਮਿਟੀ ਤੇ ਕਈ ਗੱਡੇ ਲਕੜਾਂ ਦੇ ਅੰਦਰ ਸੁਟਵਾ ਦਿਤੇ ਤਾਂ ਜੋ ਕਬਜ਼ਾ ਕਰਨ ਆਉਣ ਵਾਲਿਆਂ ਨੂੰ ਮਾਰ ਕੇ ਸਾੜ ਦਿਤਾ ਜਾਵੇ ਤੇ ਨਾਮ ਨਿਸ਼ਾਨ ਮਿਟਾ ਦਿਤਾ ਜਾਵੇ।

ਬਹੁਤੇ ਜਥੇ ਵਾਪਸ

੧੯ ਫਰਵਰੀ ਦੀ ਰਾਤ ਨੂੰ ਬੁਚਿਆਣੇ ਦੀ ਪੁਲੀ ਤੇ ੧੫੦ ਸਿੰਘ ਕੱਠੇ ਹੋ ਗਏ। ਜਦ ਭਾਈ ਬੂਟਾ ਸਿੰਘ ਤੇ ਜਥੇਦਾਰ ਦਲੀਪ ਸਿੰਘ ਸਾਹੋਕੇ ਘੋੜੀਆਂ ਤੇ ਉਥੇ ਪੁਜੇ ਤਾਂ ਸਿੰਘ ਉਹਨਾਂ ਦੀ ਇੰਤਜ਼ਾਰ ਕਰ ਰਹੇ ਸਨ, ਉਹਨਾਂ ਇਨ੍ਹਾਂ ਨੂੰ ਵੇਖ ਕੇ ਜੈਕਾਰੇ ਛਡੇ। ਇਨ੍ਹਾਂ ਨੇ ਘੋੜੀਆਂ ਤੋਂ ਉਤਰ ਕੇ ਕਿਹਾ ਕਿ ਪੰਥ ਦੇ ਹੁਕਮ ਅਨੁਸਾਰ ਸਭ ਜਥੇ ਰੋਕ ਦਿਤੇ ਗਏ ਹਨ, ਸਭ ਸਿੰਘ ਅਮਨ ਨਾਲ ਘਰੋਘਰੀ ਵਾਪਸ ਚਲੇ ਜਾਓ ਤੇ ਫੇਰ ਸ਼੍ਰੋਮਣੀ ਕਮੇਟੀ ਦੀਆਂ ਨਿਯਤ ਤਾਰੀਖਾਂ ਤੇ ਭਾਰੀ ਗਿਣਤੀ ਵਿਚ ਆਓ। ਸਿੰਘ ਮਾਯੂਸ ਹੋਏ ਪਰ ਪੰਥ ਦਾ ਹੁਕਮ ਮੰਨ ਕੇ ਵਾਪਸ ਹੋ ਗਏ। ਦੋਵੇਂ ਜਥੇਦਾਰ ਘੋੜੀਆਂ ਉਤੇ ਨਨਕਾਣੇ ਸਾਹਿਬ ਚਲੇ ਗਏ। ਚੌਧਰੀ ਪਾਲ ਸਿੰਘ ਤੇ ਭਾਈ ਵਰਿਆਮ ਸਿੰਘ ਪੈਦਲ ਨਨਕਾਣੇ ਸਾਹਿਬ ਵਲ ਤੁਰੇ।

ਭਾਈ ਲਛਮਣ ਸਿੰਘ ਦਾ ਜੱਥਾ

ਭਾਈ ਲਛਮਣ ਸਿੰਘ ਹੁਰਾਂ ਨੂੰ ਇਕ ਤਾਂ ਸ਼ਹੀਦੀ ਪਾਣ ਦਾ ਚਾ ਸੀ ਜਿਸ ਦੇ ਬਲ ਤੇ ਉਹ ਗੁਰਦੁਆਰਾ ਜਨਮ ਅਸਥਾਨ ਨੂੰ ਆਜ਼ਾਦ ਕਰਾਉਣਾ ਚਾਹੁੰਦੇ ਸਨ, ਦੂਜੇ ਉਹ ਆਪਣੀ ਬਲੀ ਦੇ ਕੇ ਮਿਥੀ ਕਾਨਫ੍ਰੰਸ ਉਪਰ ਵਡੇ ਖੂਨ ਖਰਾਬੇ ਨੂੰ ਰੋਕਣਾ ਤੇ ਪੰਥ ਦੇ ਦਮਾਗ ਨੂੰ ਨੂੰ ਮਰਨੋਂ ਬਚਾਣਾ ਚਾਹੁੰਦੇ ਸਨ। ਸਾਕੇ ਤੋਂ ਪੰਜ ਸਤ ਦਿਨ ਪਹਿਲਾਂ ਓਹਨਾਂ ਆਪਣੀ ਧਰਮ ਪਤਨੀ ਨੂੰ ਇਹ ਗੱਲ ਨਿਸਚੇ ਕਰਵਾ ਦਿਤੀ ਸੀ ਕਿ ਅਸਾਂ ਸ੍ਰੀ ਨਨਕਾਣੇ ਸਾਹਬ ਜਾ ਕੇ ਸ਼ਹੀਦੀਆਂ ਪ੍ਰਾਪਤ ਕਰ ਜਾਣੀਆਂ ਹਨ।

ਜਦ 'ਕੰਬਲ ਲਭ ਪਏ ਹਨ" ਦੀ ਤਾਰ ਭਾਈ ਲਛਮਣ ਸਿੰਘ ਹੁਰਾਂ ਨੂੰ ਮਿਲੀ ਤਾਂ ਉਹਨਾਂ ਬੜੀ ਖੁਸ਼ੀ ਮਨਾਈ ਤੇ ਦੋ ਬੰਦੇ ਘੋੜੀਆ ਉਤੇ ਅਤੇ ਇਕ ਨੂੰ ਸਾਈਕਲ ਉਤੇ ਚਿਠੀਆਂ ਅਤੇ ਸੁਨੇਹੇ ਦੇ ਕੇ ਭੇਜ ਦਿਤਾ ਕਿ ਸ਼ਹੀਦੀ ਜੱਥਾ ਆ ਰਿਹਾ ਹੈ, ਤਿਆਰ ਰਹੋ ਤੇ ਇਸ ਨਾਲ ਸ਼ਾਮਲ ਹੁੰਦੇ ਜਾਓ। ਕੋਈ ੧੫-੧੬ ਪਿੰਡਾਂ ਵਿਚ ਪ੍ਰੋਗ੍ਰਾਮ ਬਣਿਆ ਹੋਇਆ ਸੀ, ਸਭ ਨੂੰ ਸੁਨੇਹੇ ਭੇਜ ਦਿਤੇ ਗਏ। ਰਾਤ ਦੇ ਸਾਢੇ ਅਠ ਵਜੇ ਵੀਹ ਸਿੰਘਾਂ ਤੇ ਤਿੰਨ

ਬੀਬੀਆਂ ਦਾ ਜਥਾ ਆਪ ਦੇ ਪਿੰਡੋਂ ਸ਼ਬਦ ਪੜ੍ਹਦਾ ਤੁਰਿਆ। ਧਾਰੋਵਾਲ ਦੇ ਲੋਕ ਦੂਰ ਬਾਹਰ ਤਕ ਤੋਰਨ ਗਏ। ਜਥਾ ਨੌਂ ਵਜੇ ਪਿੰਡ ਨਜ਼ਾਮਪੁਰ ਦੇਵਾ ਪਹੁੰਚਿਆ ਇਥੇ ਭੀ ਗੁਰਦੁਆਰੇ ਸਿੰਘ ਜਮ੍ਹਾਂ ਹੋਏ ਹੋਏ ਸਨ ਤੇ ਲੰਗਰ ਵਰਤ ਰਿਹਾ ਸੀ। ਪਿੰਡ ਦਾ ਜੱਥਾ ਨਾਲ ਸ਼ਾਮਲ ਹੋ ਕੇ ਦਸ ਵਜੇ ਅਗੇ ਤੁਰਿਆ। ਪਿੰਡ ਦੀ ਹਦ ਤਕ ਲੋਕੀ ਤੋਰਨ ਗਏ। ਇਸੇ ਤਰ੍ਹਾਂ ਰਾਹ ਵਿਚ ਬੜੇ ਉਤਸ਼ਾਹ ਨਾਲ ਜਥੇ ਉਡੀਕ ਕਰਦੇ ਤੇ ਨਾਲ ਸ਼ਾਮਲ ਹੁੰਦੇ ਗਏ। ਰਸਤੇ ਵਿਚ ਭਾਈ ਲਛਮਣ ਸਿੰਘ ਨੂੰ ਪੂਰਾ ਪਤਾ ਲਗ ਗਿਆ ਕਿ ਮਹੰਤ ਨੇ ਭੀ ਅਗੋਂ ਪੂਰੀ ਤਿਆਰੀ ਕੀਤੀ ਹੋਈ ਹੈ। ਪਰ ਆਪ ਜ਼ਰਾ ਨਾ ਡਰੇ, ਸਗੋਂ ਸ਼ਹੀਦੀ ਚਾਓ ਹੋਰ ਭੱਖ ਪਿਆ ਜਿਸ ਨੇ ਸਾਰੇ ਜਥੇ ਨੂੰ ਭੀ ਸ਼ਹੀਦੀ ਪ੍ਰਣ ਵਿਚ ਨਿਰਭੈ ਤੇ ਦ੍ਰਿੜ੍ਹ ਕਰ ਦਿਤਾ। ਇਓਂ ਅੱਧੀ ਰਾਤ ਤਕ ਜਥੇ ਨਾਲ ਰਲਦੇ ਗਏ। ਕੋਈ ਰਾਤ ਦੇ ਤਿੰਨ ਵਜੇ ਸਾਰਾ ਜਥਾ ਨਹਿਰ ਦੇ ਮੋਲਣ-ਵਾਲੇ ਪੁਲ ਤੇ ਪੁਜਾ ਤੇ ਭਾਈ ਕਰਤਾਰ ਸਿੰਘ ਝੱਬਰ ਵਾਲੇ ਜਥੇ ਦੀ ਖਬਰ ਲੈਣ ਚੰਦਰਕੋਟ ਦੀ ਝਾਲ ਵਲ ਦੋ ਬੰਦੇ ਭੇਜੇ ਗਏ। ਘੰਟਾ ਕੁ ਆਰਾਮ ਤੇ ਉਡੀਕ ਕਰਨ ਪਿਛੋਂ ਸਲਾਹ ਬਣੀ ਕਿ ਸਾਰਾ ਜਥਾ ਹੀ ਚੰਦਰ-ਕੋਟ ਚਲੇ ਪਰ ਦੋ ਜੋਸ਼ੀਲੇ ਸਿੰਘ ਅਗੇ ਹੋ ਖਲੋਤੇ ਤੇ ਕਹਿਣ ਲਗੇ ਕਿ ਜਦ ਅਸੀਂ ਘਰੋਂ ਸਿਰ ਦੇਣ ਲਈ ਅਰਦਾਸ ਸੋਧ ਕੇ ਤੁਰੇ ਹਾਂ, ਤਦ ਫੇਰ ਕਿਸੇ ਦੀ ਕੀ ਓਟ ਰਖਣੀ ਹੈ? ਚਲੋ, ਕੁਵੇਲਾ ਹੁੰਦਾ ਜਾਂਦਾ ਹੈ। ਭਾਈ ਟਹਿਲ ਸਿੰਘ ਸ਼ਹੀਦ ਨੇ ਕਿਹਾ ਕਿ ਇਹ ਕਰਮ ਗੁਰ-ਸਿਖਾਂ ਵਾਲਾ ਨਹੀਂ, ਜਿਸ ਦੇ ਦਿਲ ਵਿਚ ਕੋਈ ਹੋਰ ਗਲ ਹੋਵੇ, ਉਹ ਪਿਛਾਂਹ ਘਰ ਨੂੰ ਮੁੜ ਜਾਏ, ਇਥੇ ਕਿਸੇ ਦੀ ਬੰਦੇਗੀਰੀ ਨਹੀਂ। ਇਹ ਸੁਣ ਕੇ ਸਾਰੇ ਸਿੰਘ ਪਿਛਾਂਹ ਭੌਂ ਕੇ ਨਨਕਾਣੇ ਸਾਹਿਬ ਦੀ ਸੇਧ ਵਿਚ ਤੁਰ ਪਏ।

ਨਨਕਾਣੇ ਸਾਹਿਬ ਦੇ ਨੇੜੇ ਇਕ ਮੈਦਾਨ ਆ ਗਿਆ। ਇਥੇ ਸਿੰਘਾਂ ਨੂੰ ਬਹਾ ਕੇ ਭਾਈ ਲਛਮਣ ਸਿੰਘ ਨੇ ਜਥੇ ਪਾਸੋਂ ਸ਼ਾਂਤਮਈ ਰਹਿਣ ਦਾ ਪ੍ਰਣ ਲਿਆ। ਕੁਝ ਸਿੰਘਾਂ ਨੇ ਕਿਹਾ, ਸ਼ਾਂਤਮਈ ਸਾਡੀ ਸਰਕਾਰ ਨਾਲ ਹੈ ਮਹੰਤਾਂ ਨਾਲ ਨਹੀਂ। ਤਾਂ ਭਾਈ ਲਛਮਣ ਸਿੰਘ ਨੇ ਉਤਰ ਦਿਤਾ, "ਭਰਾਓ, ਜੇ ਇਹ ਗੱਲ ਹੈ ਤਾਂ ਤੁਸੀਂ ਆਪਣਾ ਹੋਰ ਕੋਈ ਜਥੇਦਾਰ ਚੁਣ ਲਓ, ਜਾਂ ਘਰਾਂ ਨੂੰ ਵਾਪਸ ਮੁੜ ਚਲੋ।" ਉਹਨਾਂ ਖੂੰਡੇ ਨਾਲ ਲਕੀਰ ਖਿਚ ਕੇ ਕਿਹਾ, "ਜਿਨ੍ਹਾਂ ਗੁਰੂ ਕੇ ਪਿਆਰਿਆਂ, ਸ਼ਾਂਤਮਈ ਰਹਿ ਕੇ ਸ਼ਹੀਦੀਆਂ ਪਾਉਣੀਆਂ ਹਨ, ਹੱਥ ਨਹੀਂ ਚੁਕਣਾ, ਵਾਰ ਨਹੀਂ ਕਰਨਾ, ਪਰ ਆਪ ਗੁਰੂ ਲੇਖੇ ਲਗ ਜਾਣਾ ਹੈ, ਉਹ ਲੀਕ ਟਪ ਚਲਣ ਬਾਕੀ ਬੇਸ਼ਕ ਪਿਛਾਂਹ ਪਿੰਡਾਂ ਨੂੰ ਮੁੜ ਜਾਣ"। ਸਭ ਸਿੰਘ ਛਾਲਾਂ ਮਾਰ ਕੇ ਲੀਕ ਟਪ ਗਏ ਤੇ ਆਖਣ ਲੱਗੇ, 'ਇਥੋਂ ਹੁਣ ਲੀਕ ਲੁਆ ਕੇ ਘਰਾਂ ਨੂੰ ਮੁੜਨਾ ਸੂਰਮਿਆਂ ਤੇ ਮਰਦਾਂ ਦਾ ਕੰਮ ਨਹੀਂ।"

ਜੱਥਾ ਅਗੇ ਤੁਰਿਆ ਤੇ ਨਨਕਾਣੇ ਸਾਹਿਬ ਪਾਸ ਭਠਿਆਂ ਕੋਲ ਪਹੁੰਚ ਪਿਆ। ਇਥੋਂ ਬੀਬੀਆਂ ਨੂੰ ਗੁਰ-ਦੁਆਰਾ ਤੰਬੂ ਸਾਹਿਬ ਘਲਾ ਦਿਤਾ ਗਿਆ। ਸਵੇਰ ਦੇ ਛੇ ਕੁ ਵਜ ਗਏ ਸਨ ਤੇ ਧੁੰਧ ਬਹੁਤ ਪੈ ਰਹੀ ਸੀ, ਦੂਰੋਂ ਦਿਸਦਾ ਕੁਝ ਨਹੀਂ ਸੀ। ਸੋ ਤਿੰਨਾਂ ਜ਼ਣਿਆਂ ਨੂੰ ਗੁਰ-ਦੁਆਰਾ ਜਨਮ ਅਸਥਾਨ ਵਲ ਭੇਜਿਆ ਗਿਆ ਤੇ ਇਹ ਸ਼ਬਦ ਨਿਯਤ ਕੀਤੇ ਗਏ ਕਿ ਜੇ ਦਰਵਾਜ਼ਾ ਖੁਲ੍ਹਾ ਹੋਵੇ ਤਾਂ ਆਖ ਦੇਣਾ, "ਟਿਕਟ ਖੁਲ੍ਹ ਗਈ ਹੈ, ਚਲੋ ਭੱਜ ਕੇ ਗਡੀ ਚੜ੍ਹੀਏ"। ਅਗੋਂ ਦਰਵਾਜ਼ਾ ਖੁਲ੍ਹਾ ਸੀ ਤੇ ਦੂਰੋਂ "ਟਿਕਟ ਖੁਲ੍ਹ ਗਈ ਹੈ..." ਦੀ ਅਵਾਜ਼ ਦਿਤੀ ਗਈ।

ਇਹ ਇਸ਼ਾਰਾ ਪਾ ਕੇ ਜਥੇ ਨੇ ਦੌੜ ਲਾ ਦਿਤੀ। ਇਸ ਵੇਲੇ ਤਕ ਚੌਧਰੀ ਪਾਲ ਸਿੰਘ ਤੇ ਭਾਈ ਵਰਿਆਮ ਸਿੰਘ ਭੀ ਪਹੁੰਚ ਪਏ ਸਨ ਤੇ ਸਲਾਹਾਂ ਕਰ ਰਹੇ ਸਨ। ਚੌਧਰੀ ਪਾਲ ਸਿੰਘ ਨੇ ਜਥੇ ਨੂੰ ਜਾਂਦਿਆਂ ਡੱਕਿਆ, ਭਾਈ ਲਛਮਣ ਸਿੰਘ ਹੁਰਾਂ ਨੂੰ ਪਛਾਣ ਲਿਆ ਤੇ ਦੌੜ ਕੇ ਉਨ੍ਹਾਂ ਦੇ ਲਕ ਨੂੰ ਜਫਾ ਪਾ ਲਿਆ ਤੇ ਕਿਹਾ, "ਪੰਥ ਦਾ ਹੁਕਮ ਅਜ ਜਥਾ ਲਿਜਾਣ ਦਾ ਨਹੀਂ" ਪਰ ਵਿਚੋਂ ਇਕ ਸਿੰਘ ਨੇ ਝੰਜੋੜ ਕੇ ਚੌਧਰੀ ਜੀ ਨੂੰ ਲਾਂਭੇ ਕਰ ਦਿਤਾ ਤੇ ਕਿਹਾ 'ਤੂੰ ਕੌਣ ਹੈਂ ਸਾਨੂੰ ਡਕਣ ਵਾਲਾ?" ਜੱਥਾ ਭਜ ਕੇ ਗੁਰਦੁਆਰਾ ਜਨਮ ਅਸਥਾਨ ਦੇ ਅੰਦਰ ਵੜ ਗਿਆ ਤੇ ਦਰਸ਼ਨੀ ਡਿਉੜੀ ਦਾ ਬੂਹਾ ਅੰਦਰੋਂ ਬੰਦ ਕਰ ਲਿਆ। ਛੇ ਸਿੰਘ ਬਾਹਰ ਰਹਿ ਗਏ, ਉਹਨਾਂ ਵਾਜਾਂ ਮਾਰੀਆਂ ਪਰ ਅੰਦਰੋਂ ਬੂਹਾ ਨਾ ਖੁਲ੍ਹਾ। ਇਹ ਹਾਰ ਕੇ ਵਾਪਸ ਪਰਤ ਗਏ।

ਜਥੇ ਦੀ ਸ਼ਹੀਦੀ

ਜਥਾ ਸਿੱਧਾ ਗੁਰਦੁਆਰੇ ਦੀ ਡਿਉੜੀ ਤੋਂ ਲੰਘ

ਕੇ ਬਾਰਾਂ ਦਰੀ ਨੂੰ ਚਲਾ ਗਿਆ। ਅਗੇ ਭਾਈ ਠਾਕਰ ਦਾਸ ਗ੍ਰੰਥੀ ਮਹਾਰਾਜ ਦੀ ਤਾਬਿਆ ਬੈਠਾ ਸੁਖਮਨੀ ਸਾਹਿਬ ਦਾ ਪਾਠ ਕਰ ਰਿਹਾ ਸੀ। ਇਕ ਸਿੰਘ ਨੇ ਉਸ ਨੂੰ ਉਠਾ ਦਿਤਾ ਤੇ ਉਸ ਦੀ ਥਾਂ ਭਾਈ ਲਛਮਣ ਸਿੰਘ ਬੈਠ ਗਏ। ਜਥੇ ਨੇ ਜ਼ੋਰ ਨਾਲ ਜੈਕਾਰਾ ਛਡਿਆ। ਕੁਝ ਯਾਤਰੂ ਤੇ ਪਾਠ ਸੁਨਣ ਵਾਲੇ ਬੰਦੇ ਤੇ ਮਾਈਆਂ ਉਠ ਕੇ ਦਖਣੀ ਡਿਉੜੀ ਥਾਣੀਂ ਬਾਹਰ ਨਿਕਲ ਗਏ। ਵੀਹ ਪੰਜੀ ਬੰਦੇ, ਜੋ ਮਹੰਤ ਨੇ ਮੰਗਵਾਏ ਸਨ, ਉਹਨਾਂ ਵਿਚੋਂ ਬਹੁਤੇ ਜੈਕਾਰਾ ਸੁਣਦੇ ਦਖਣੀ ਡਉਢੀ ਵਿਚੋਂ ਨਿਕਲ ਕੇ ਨਸ ਗਏ।

ਭਾਈ ਲਛਮਣ ਸਿੰਘ ਹੁਰਾਂ ਨੇ ਵਾਕ ਲਿਆ ਤੇ ਬਾਹਰ ਨਿਕਲ ਆਏ। ਆ ਕੇ ਸਭ ਦਰਵਾਜ਼ਿਆਂ ਅਗੇ ਸਿੰਘ ਪਹਿਰੇ ਤੇ ਖੜੇ ਕਰ ਦਿਤੇ। ਕੁਝ ਛਵ੍ਹੀਆਂ ਵਾਲੇ ਬੰਦੇ ਜੋ ਮਹੰਤ ਦੇ ਮੁਜ਼ਾਰੇ ਸਨ, ਸਿੰਘਾਂ ਦੇ ਰਿਸ਼ਤੇਦਾਰ ਨਿਕਲ ਪਏ, ਉਹ ਛਵ੍ਹੀਆਂ ਸਿੰਘਾਂ ਦੇ ਹਵਾਲੇ ਕਰ ਕੇ ਉਥੇ ਹੀ ਬਹਿ ਗਏ।

ਸੂਰਜ ਦੀ ਟਿਕੀ ਨਿਕਲ ਆਈ, ਤਾਂ ਮਹੰਤ ਦੀ ਬੈਠਕ, ਜ ਦਰਸ਼ਨੀ ਡਿਉੜੀ ਤੋਂ ਉਪਰ ਸੀ, ਤੋਂ ਇਕ ਗੋਲੀ ਚਲੀ। ਮਹੰਤ ਨੇ ਦੋ ਦਿਨ ਤੋਂ ਆਪਣੇ ਕੋਈ ਤਿਨ ਸੌ ਪਿੰਡਾਂ ਦੇ ਮੁਜ਼ਾਰੇ, ਕੁਝ ਨਾਮੀ ਡਾਕੂ ਜੋ ਬਹੁਤ ਰੁਪੈ ਦੇ ਕੇ ਬਾਹਰੋਂ ਮੰਗਾਏ ਹੋਏ ਸਨ, ਮਹਿਮਾਨ-ਖਾਨੇ ਤੇ ਸਰਾਂ ਦੀਆਂ ਕੋਠੀਆਂ ਵਿਚ ਸਵਾਏ ਹੋਏ ਸਨ। ਸਵੇਰ ਹੋਣ ਸਾਰ ਉਹ ਨਿਸਚਿੰਤ ਹੋ ਕੇ ਬਾਹਰ ਨਿਕਲ ਗਏ ਕਿ ਹੁਣ ਦੋ ਦਿਨ ਲੰਘ ਗਏ ਹਨ, ਅਕਾਲੀ ਨਹੀਂ ਆਉਂਦੇ। ਜਥੇ ਦੇ ਆਉਣ ਤੇ ਉਹਨਾਂ ਮਗਰ ਆਦਮੀ ਭਜਾਏ ਗਏ। ਮਹੰਤ ਦੀ ਗੋਲੀ ਚਲਣ ਤਕ ਸਭ ਮੁੜ ਆਏ ਪੌੜੀਆਂ ਲਾ ਕੇ ਛਤਾਂ ਤੇ ਚੜ੍ਹ ਗਏ ਤੇ ਉਥੋਂ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿਤੀਆਂ।

ਹੁਣ ਸਾਢੇ ੭ ਵਜ ਚੁਕੇ ਸਨ। ਵਣ ਕੋਲ ਇਕ ਗੋਲੀ ਇਕ ਸਿੰਘ ਨੂੰ ਲਗੀ ਤੇ ਉਹ ਸ਼ਹੀਦ ਹੋ ਗਿਆ। ਅਗੋਂ ਜਵਾਬ ਨਾ ਮਿਲਣ ਕਰ ਕੇ ਗੁੰਡਿਆਂ ਦੇ ਹੌਸਲੇ ਵਧੇ। ਮਹੰਤ ਨੇ ਹੱਲਾ ਸ਼ੇਰੀ ਦਿਤੀ, ਤਾਂ ਪਠਾਣਾਂ ਤੇ ਡਾਕੂਆਂ ਨੇ ਰੱਲ ਕੇ ਗੋਲੀਆਂ ਦੀ ਬਾਹੜ ਝਾੜੀ। ਪੰਜ ਸਤ ਸਿੰਘ ਹੋਰ ਸ਼ਹੀਦ ਹੋ ਗਏ। ਗੋਲੀਆਂ ਚਲਾਣ ਵਾਲੇ ਗਾਹਲਾਂ ਕਢ ਕਢ ਕੇ ਬੜ੍ਹਕਾਂ ਮਾਰਨ ਲਗੇ, ਤਾਂ ਸਿੰਘਾਂ ਜਥੇਦਾਰ ਤੋਂ ਆਗਜ਼ਾ ਮੰਗੀ ਕਿ ਏਹਨਾਂ ਨੂੰ ਸੋਧਣ ਦਿਤਾ ਜਾਵੇ, ਜਾਂ ਘਟੋਘਟ ਇਨ੍ਹਾਂ ਤੋਂ ਬੰਦੂਕਾਂ ਹੀ ਖੋਹ ਲਿਆਈਏ, ਮਰਨਾ ਤਾਂ ਹਰ ਸੂਰਤ ਹੈ, ਜ਼ਰਾ ਇਨ੍ਹਾਂ ਨੂੰ ਆਪਣੀ ਤਾਕਤ ਤਾਂ ਦਿਖਲਾ ਦੇਈਏ। ਪਰ ਭਾਈ ਲਛਮਣ ਸਿੰਘ ਨੇ ਆਗਿਆ ਨਾ ਦਿਤੀ ਤੇ ਕਿਹਾ ਕਿ ਅਸਾਂ ਸਭਨਾਂ ਨੇ ਸ਼ਾਂਤਮਈ ਰਹਿ ਕੇ ਸ਼ਹੀਦ ਹੋ ਜਾਣਾ ਹੈ। ਇਸ ਤੇ ੩੦-੩੫ ਸਿੰਘ ਬਾਰਾਂਦਰੀ ਵਿਚੋਂ ਬਾਹਰ ਨਿਕਲ ਕੇ ਗੋਲੀਆਂ ਸਾਹਮਣੇ ਛਾਤੀਆਂ ਤਾਣ ਕੇ ਜੈਕਾਰੇ ਛਡਦੇ ਆਣ ਖਲੋਤੇ ਤੇ ਬੜੀ ਸੂਰਮਗਤੀ ਨਾਲ ਸ਼ਹੀਦ ਹੋ ਗਏ।

ਗੋਲੀਆਂ ਚਲਾਣ ਵਾਲੇ ਹੋਰ ਨਿਡਰ ਹੋ ਗਏ ਤੇ ਬਾਰਾਂਦਰੀ ਵਿਚ ਬੈਠੇ ਸਿੰਘ ਭੀ ਗੋਲੀਆਂ ਦਾ ਨਿਸ਼ਾਨਾ ਬਨਣ ਲੱਗੇ। ਗੋਲੀਆਂ ਚੌਖੰਡੀ, ਜਿਥੇ ਮਹਾਰਾਜ ਦਾ ਪ੍ਰਕਾਸ਼ ਸੀ, ਦੇ ਅੰਦਰ ਜਾਣ ਲਗੀਆਂ। ਗੁਰੂ ਗ੍ਰੰਥ ਸਾਹਿਬ ਨੂੰ ਗੋਲੀਆਂ ਤੋਂ ਬਚਾਣ ਲਈ ਚੌਖੰਡੀ ਦਾ ਬੂਹਾ ਅਦਰੋਂ ਮਾਰ ਕੇ ਸਿੰਘ ਦੁਆਲੇ ਤੇ ਭਾਈ ਲਛਮਣ ਸਿੰਘ ਤਾਬਿਆ ਬੈਠ ਗਏ। ਗੋਲੀਆਂ ਚਲਾਣ ਵਾਲੇ ਹੁਣ ਪੈਹਰੇ ਤੇ ਖੜੇ ਡਿਉੜੀ ਵਾਲੇ ਸਿੰਘਾਂ ਨੂੰ ਭੀ ਨਿਸ਼ਾਨਾ ਬਨਾਣ ਲੱਗੇ ਤੇ ਉਹ ਭੀ ਕੁਝ ਸ਼ਾਂਤਮਈ ਰਹਿੰਦੇ ਸ਼ਹੀਦ ਹੋ ਗਏ। ਬਰਾਂਡਿਆਂ ਵਿਚ ਖੜੇ ਸਿੰਘਾਂ ਨੂੰ ਇਟਾਂ ਵੱਟੇ ਮਾਰ ਕੇ ਫਟੜ ਕਰ ਦਿਤਾ ਗਿਆ। ਇਉਂ ਹਰ ਥਾਂ ਤੇ ਖੜੇ ਸਿੰਘ ਤੇ ਹਮਲਾ ਹੋਣ ਲੱਗਾ। ਤਾਂ ਡਿਉੜੀ ਵਿਚ ਬੈਠੇ ਮੁਜ਼ਾਰਿਆਂ ਨੂੰ ਸਿੰਘਾਂ ਨੇ ਕਿਹਾ ਕਿ 'ਲਓ ਭਾਈ ਜੀ, ਅਸੀਂ ਤਾਂ ਹੁਣ ਇਥੇ ਸ਼ਹੀਦੀਆਂ ਪਾਵਾਂਗੇ ਪਰ ਤੁਸੀਂ ਕਿਉਂ ਸਾਡੇ ਨਾਲ ਅਣਆਈ ਮੌਤੇ ਮਰਦੇ ਹੋ? ਦਰਸ਼ਨੀ ਡਿਉੜੀ ਦਾ ਅੰਦਰੋਂ ਕੁੰਡਾ ਖੋਹਲ ਕੇ ਬਾਹਰ ਨਿਕਲ ਜਾਓ। ਉਹ ਤੇ ਦੋ ਤਿੰਨ ਬੰਦੇ ਹੋਰ ਬਾਹਰ ਨਿਕਲ ਗਏ, ਪਰ ਸਿੰਘ ਨਹੀਂ ਨਿਕਲੇ। ਉਹ ਤਾਂ ਸ਼ਹੀਦੀਆਂ ਦੇਣੀਆਂ ਮਿਥ ਕੇ ਆਏ ਸਨ।

ਜਦ ਕਾਫ਼ੀ ਸਿੰਘ ਸ਼ਹੀਦ ਹੋ ਗਏ ਤਾਂ ਮਹੰਤ ਦੇ ਬੰਦੇ ਥਲੇ ਉਤਰ ਆਏ ਤੇ ਦਖਣੀ ਡਿਉੜੀ ਦਾ ਬੂਹਾ ਖੋਲ੍ਹ ਕੇ ਆਪਣੇ ਤਰੇਹਠ ਛਵ੍ਹੀਆਂ ਵਾਲੇ ਤੇ ਹੋਰ ਬੰਦੇ ਹਾਤੇ ਵਿਚ ਵਾੜ ਲਏ ਤੇ ਬੂਹੇ ਬੰਦ ਕਰ ਦਿਤੇ। ਇਨ੍ਹਾਂ ਨੇ ਅੰਦਰ ਵੜ ਕੇ ਦਰਸ਼ਨੀ ਡਿਉੜੀ ਵਲ ਧਾਵਾ ਕੀਤਾ ਤੇ ਪਹਿਰੇ ਤੇ ਖੜੇ ਤਿੰਨਾਂ ਸਿੰਘਾਂ ਨੂੰ ਵਢ ਸੁਟਿਆ। ਉਹਨਾਂ ਸਿੰਘਾਂ ਪਾਸ ਭੀ ਸਫਾਜੰਗ ਸਨ ਪਰ ਉਹਨਾਂ

ਕੋਈ ਵਾਰ ਨਾ ਕੀਤਾ।

ਹੁਣ ਕਾਤਲਾਂ ਦੀ ਧਾੜ ਬਿਲਕੁਲ ਬੇਝਕ ਹੋ ਗਈ। ਉਹ ਟਾਹਰਾਂ ਮਾਰਨ ਲਗੇ ਕਿ ਕੋਈ ਸਿੰਘ ਜੀਉਂਦਾ ਨਾ ਛਡੋ, ਖੂਨ ਇਕ ਕੀ ਤੇ ਸੌ ਕੀ, ਇਕੋ ਹੀ ਗਲ ਹੈ। ਅਗੇ ਅਗੇ ਕੁਝ ਕਾਤਲ ਬੰਦੂਕਾਂ ਤੇ ਪਸਤੌਲਾਂ ਨਾਲ ਸਿੰਘਾਂ ਨੂੰ ਜ਼ਖਮੀ ਕਰੀ ਜਾਂਦੇ ਸਨ ਤੇ ਪਿਛੇ ਛਵ੍ਹੀਆਂ ਵਾਲੇ ਉਹਨਾਂ ਨੂੰ ਵੱਢੀ ਜਾਂਦੇ ਸਨ। ਇਉਂ ਜੋ ਸਿੰਘ ਨਜ਼ਰੀਂ ਪਿਆ ਸ਼ਹੀਦ ਕਰ ਦਿਤਾ ਗਿਆ।

ਹੁਣ ਲਕੜਾਂ ਇਕਠੀਆਂ ਕਰ ਕੇ ਇਕ ਵੱਡੀ ਚਿਖਾ ਬਣਾਈ ਗਈ ਤੇ ਮਰੇ ਹੋਏ ਤੇ ਸਿਸਕਦਿਆਂ ਨੂੰ ਵਿਚ ਪਾ ਕੇ ਉਪਰ ਮਿਟੀ ਦੇ ਤੇਲ ਦੇ ਪੀਪੇ ਲੁਦ ਦਿਤੇ ਗਏ। ਫਿਰ ਚਿਖਾ ਨੂੰ ਅਗ ਲਾ ਦਿਤੀ ਗਈ।

ਅੱਗ ਦੇ ਭਾਂਬੜ ਬਲ ਰਹੇ ਸਨ, ਤਾਂ ਪਤਾ ਲਗਾ ਕਿ ਚੌਖੰਡੀ ਦੇ ਅੰਦਰ ਭੀ ਸਿੰਘ ਦਰਵਾਜ਼ੇ ਮਾਰ ਕੇ ਬੈਠੇ ਹੋਏ ਹਨ। ਦਰਵਾਜ਼ਿਆਂ ਪੁਰ ਤਾਂਬੇ ਤੇ ਚਾਂਦੀ ਦੇ ਮੋਟੇ ਪਤਰੇ ਚੜ੍ਹੇ ਹੋਏ ਸਨ ਤੇ ਉਹ ਬੜੇ ਮਜ਼ਬੂਤ ਸਨ। ਜ਼ੁਬੀਆਂ ਪੁਟੀਆਂ ਨਾ ਜਾ ਸਕੀਆਂ। ਤਰਖਾਣ ਭੀ ਦਰਵਾਜ਼ੇ ਦੇ ਦਿਲੇ ਨਾ ਲਭ ਸਕਿਆ ਤੇ ਝਾੜ ਨਾ ਸਕਿਆ। ਅੰਤ ਛੇਤੀ ਛੇਤੀ ਉਸ ਨੇ ਸਥਰੇ ਨਾਲ ਅੱਠ ਇੰਚੀ ਚੌਰਸ ਮਘੋਰਾ ਇਕ ਦਰਵਾਜ਼ੇ ਵਿਚ ਕਰ ਘਤਿਆ। ਇਸ ਖੱਪੇ ਥਾਣੀ ੫੦ ਕੁ ਪਸਤੌਲ ਦੇ ਫਾਇਰ ਤੇ ਫਿਰ ਬੰਦੂਕਾਂ ਦੇ ਬੇਸ਼ੁਮਾਰ ਫਾਇਰ ਕੀਤੇ ਗਏ ਜੋ ਕਈ ਸਿੰਘਾਂ ਨੂੰ ਲਗੇ। ਪਰ ਅੰਦਰੋਂ 'ਧਨ ਗੁਰੂ ਨਾਨਕ' ਦੇ ਜੈਕਾਰਿਆਂ ਦੀ ਅਵਾਜ਼ ਆਉਂਦੀ ਰਹੀ। ਸ਼ਹੀਦਾਂ ਦਾ ਖੂਨ ਚੌਖੰਡੀ ਤੋਂ ਬਾਹਰ ਨਿਕਲ ਤੁਰਿਆ।

ਭਾਈ ਲਛਮਣ ਸਿੰਘ ਤਾਬਿਆ ਬੈਠੇ ਗੋਲੀਆਂ ਖਾਂਦੇ ਰਹੇ ਪਰ ਇਕ ਇੰਚ ਨਾ ਹਿਲੇ। ਇੰਨੇ ਨੂੰ ਇਕ ਦਰਵਾਜ਼ਾ ਟੁੱਟ ਗਿਆ ਤੇ ਕਾਤਲਾਂ ਦੀ ਧਾੜ ਅੰਦਰ ਵੜ ਕੇ ਅੰਨ੍ਹੇ ਵਾਹ ਗੋਲੀਆਂ ਚਲਾਣ ਲਗੀ। ਭਾਈ ਲਛਮਣ ਸਿੰਘ ਗੁਰੂ ਮਹਾਰਾਜ ਨੂੰ ਗੋਲੀਆਂ ਤੋਂ ਬਚਾਣ ਲਈ ਹੱਥ ਤੇ ਬਾਹਵਾਂ ਅਗੇ ਕਰ ਦੇਂਦੇ ਸਨ। ਅਖੀਰ ਆਪ ਨਿਢਾਲ ਹੋ ਗਏ ਤੇ ਕਾਤਲਾਂ ਨੇ ਧੂਹ ਕੇ ਆਪ ਨੂੰ ਬਾਹਰ ਲਿਆਂਦਾ ਤੇ ਫ਼ਰਸ਼ ਤੇ ਪਟਕਾ ਮਾਰਿਆ। ਆਪ ਦਾ ਮੱਥਾ ਪਾਟ ਗਿਆ ਤੇ ਖੂਨ ਪਰਲ ਪਰਲ ਵਗਣ ਲਗਾ। ਜਥੇਦਾਰ ਜੀ ਨੇ ਸਿਰ ਉਤਾਂਹ ਚੁਕਿਆ, ਤਾਂ ਇਕ ਕਾਤਲ ਨੇ ਛਵ੍ਹੀ ਮਾਰ ਕੇ ਸਿਰ ਧੌਣ ਤੋਂ ਵਖ ਕਰ ਦਿਤਾ। ਫਿਰ ਆਪ ਦਾ ਸਰੀਰ ਘਸੀਟ ਕੇ, ਸਿਸਕਦੀਆਂ ਲਾਸ਼ਾਂ ਨਾਲ ਰਖ ਕੇ, ਮਿਟੀ ਦਾ ਤੇਲ ਪਾ ਕੇ ਜੰਡ ਥਲੇ ਅੱਗ ਲਾ ਦਿਤੀ ਗਈ; ਅਗ ਦੇ ਭਬਾਕਿਆਂ ਨਾਲ ਜੰਡ ਭੀ ਕਾਫੀ ਸੜ ਗਿਆ। ਬਾਕੀ ਸਿੰਘ ਭੀ ਸਭ ਸ਼ਹੀਦ ਕਰ ਕੇ ਸਾੜ ਦਿਤੇ ਗਏ।

ਇਉਂ, ਭਾਈ ਲਛਮਣ ਸਿੰਘ ਸ਼ਹੀਦ ਆਪਣਾ ਸ਼ਹੀਦੀ ਪ੍ਰਣ ਤੇ ਸ਼ਾਂਤਮਈ ਰਹਿਣ ਦੀ ਪ੍ਰਤਿਗਜਾ ਓੜਕ ਨਿਬਾਹ ਗਏ ਤੇ ਨਾਲ ਹੀ ਉਹਨਾਂ ਦੇ ਲਗ ਪਗ ੯੦ ਹੋਰ ਸਾਥੀ ਸਿੰਘਾਂ ਵਾਲੇ ਗੁਰੂ ਦੇ ਸਿਦਕ ਤੇ ਸ਼ਰਧਾ ਵਾਲੀ ਪ੍ਰੀਤ ਰੀਤ ਸਿਰ ਵਾਰ ਕੇ ਪੂਰੀ ਕਰ ਗਏ।

ਇਨ੍ਹਾਂ ਮਿੱਥ ਕੇ ਦਿਤੀਆਂ ਸ਼ਹੀਦੀਆਂ ਨਾਲ ਅੰਗਰੇਜ਼ੀ ਹਾਕਮਾਂ ਤੇ ਮਹੰਤ ਨਰੈਣ ਦਾਸ ਅਤੇ ਉਸ ਦੇ ਕਾਤਲ ਟੋਲ ਦੇ ਪਾਪ ਕੰਬ ਗਏ। ਗੁਰਦੁਆਰਾ ਜਨਮ ਅਸਥਾਨ ਪੰਥ ਦੇ ਹਵਾਲੇ ਕਰ ਦਿਤਾ ਗਿਆ ਤੇ ਮਹੰਤ ਅਤੇ ਉਸ ਦੇ ਕਾਤਲ ਟੋਲੇ ਨੂੰ ਢੂੰਡ ਢੂੰਡ ਕੇ ਪਕੜ ਕੇ ਉਹਨਾਂ ਉਤੇ ਮੁਕਦਮੇ ਚਲਾਏ ਗਏ।

ਇਹ ੨੦ ਫਰਵਰੀ ਸੰਨ ੧੯੨੧ ਦਾ ਸ਼ਹੀਦੀ ਸਾਕਾ ਅਜ ਤਕ ਹਰ ਸਿੰਘ ਆਪਣੀ ਅਰਦਾਸ ਵਿਚ ਯਾਦ ਕਰਦਾ ਹੈ ਤੇ ਨਨਕਾਣੇ ਸਾਹਿਬ ਵਿਚ ਸ਼ਹੀਦੀਆਂ ਦੇਣ ਵਾਲੇ ਸਿੰਘਾਂ ਦੀ ਕੁਰਬਾਨੀ ਨੂੰ ਸ਼ਰਧਾਂਜਲੀ ਭੇਟ ਕਰਦਾ ਹੈ।

ਸੋ ਨਨਕਾਣੇ ਸਾਹਿਬ ਦੇ ਸ਼ਹੀਦਾਂ ਦੀ ਅਦੁਤੀ ਸ਼ਹੀਦੀ ਦਾ ਧਿਆਨ ਧਰ ਕੇ, ਖਾਲਸਾ ਜੀ ਸਾਹਿਬ, ਬੋਲੋ ਜੀ, ਵਾਹਿਗੁਰੂ! ਵਾਹਿਗੁਰੂ!! ਵਾਹਿਗੁਰੂ!!!

ਨੋਟ: ਇਹ ਸ਼ਹੀਦੀ ਸਾਕਾ ੨੦ ਫਰਵਰੀ ਸੰਨ ੧੯੨੧ ਨੂੰ ਹੋਇਆ ਪਰ ਜੈਤੋ ਦਾ ਖੂਨੀ ਸਾਕਾ ੨੧ ਫਰਵਰੀ ਸੰਨ ੧੯੨੪ ਨੂੰ ਹੋਇਆ। ਪੰਥ ਦੇ ਫੈਸਲੇ ਅਨੁਸਾਰ ਦੋਹਾਂ ਸ਼ਹੀਦੀ ਸਾਕਿਆਂ ਦਾ ਯਾਦਗਾਰੀ ਦਿਵਸ ਹਰ ਸਾਲ ੨੧ ਫਰਵਰੀ ਨਿਯਤ ਕੀਤਾ ਗਿਆ।

੨੧ ਫ਼ਰਵਰੀ ਸੰਨ ੧੯੨੪ ਦਾ

ਜੈਤੋ (ਨਾਭਾ) ਦਾ ਸ਼ਹੀਦੀ ਸਾਕਾ

ਫਰਵਰੀ ਦਾ ਮਹੀਨਾ ਸਿੰਘਾਂ ਲਈ ਅਜ਼ਮਾਇਸ਼ ਦਾ ਸਮਾਂ ਰਿਹਾ ਹੈ। ਇਸੇ ਮਹੀਨੇ ਵਡਾ ਘਲੂਘਾਰਾ ਹੋਇਆ ਸੀ ਤੇ ਧਰਮ ਲਈ ਲੜਨ ਵਾਲੇ ਖਾਲਸਾ ਦੱਲ ਵਿਚੋਂ ਅਧੇ ਦੇ ਲਗ ਪਗ ਕੁਪ ਰੁਹੀੜ ਦੇ ਮੈਦਾਨ ਵਿਚ ਸ਼ਹੀਦ ਹੋ ਗਏ ਸਨ।

ਨੇੜੇ ਦੇ ਇਤਿਹਾਸ ਵਿਚ ਸੰਨ ੧੯੨੧ ਦੀ ੨੦ ਫਰਵਰੀ ਨੂੰ ਨਨਕਾਣੇ ਸਾਹਿਬ ਦਾ ਸ਼ਹੀਦੀ ਸਾਕਾ ਹੋਇਆ ਜਿਸ ਦਾ ਸੰਖੇਪ ਵਿਰਤਾਂਤ ਇਸੇ ਮਹੀਨੇ ਦੇ ਸੰਤ ਸਿਪਾਹੀ ਵਿਚ ਸੁਣਾਇਆ ਜਾ ਚੁਕਾ ਹੈ। ੨੧ ਫਰਵਰੀ ਸੰਨ ੧੯੨੪ ਨੂੰ ਨਾਭੇ ਦੇ ਮੋਰਚੇ ਵਿਚ ੫੦੦ ਦੇ ਸ਼ਹੀਦੀ ਜਥੇ ਪੁਰ ਰਿਆਸਤ ਦੇ ਅੰਗਰੇਜ਼ੀ ਸਰਕਾਰ ਦੇ ਹਾਕਮਾਂ ਨੇ ਗੋਲੀ ਚਲਾ ਦਿਤੀ ਜਿਸ ਵਿਚ ੫੦ ਕੁ ਸਿੰਘ ਸ਼ਹੀਦ ਹੋ ਗਏ। ਥਲੇ ਉਸ ਦਾ ਸੰਖੇਪ ਵਿਰਤਾਂਤ ਸੁਣਾਉਂਦੇ ਹਾਂ।

ਅੰਗਰੇਜ਼ੀ ਰਾਜ ਦੇ ਸਮੇਂ ਪੰਜਾਬ ਦੀਆਂ ਰਿਆ- ਸਤਾਂ ਵਿਚੋਂ ਫੂਲਕੀਆਂ ਰਿਆਸਤਾਂ ਸਿਖਾਂ ਲਈ ਖਾਸ ਮਹਤਵ ਰਖਦੀਆਂ ਸਨ ਤੇ ਇਨ੍ਹਾਂ ਵਿਚੋਂ ਪਟਿਆਲੇ ਤੇ ਨਾਭੇ ਦੀਆਂ ਰਿਆਸਤਾਂ ਲਈ ਤਾਂ ਸਿਖਾਂ ਵਿਚ ਬੜਾ ਮਾਣ ਤੇ ਸਤਕਾਰ ਰਿਹਾ ਹੈ। ਇਹਨਾਂ ਦੋਹਾਂ ਰਿਆਸਤਾਂ ਦੇ ਮਹਾਰਾਜੇ ਦੋ ਸਕੇ ਭਰਾਵਾਂ ਰਾਮ ਸਿੰਘ ਤੇ ਤਿਲੋਕ ਸਿੰਘ ਦੀ ਸੰਤਾਨ ਹਨ, ਜਿਨ੍ਹਾਂ ਦੇ ਵਡੇ ਫੂਲ ਨੂੰ ਸ੍ਰੀ ਗੁਰੂ ਹਰਿ ਰਾਏ ਜੀ ਦੇ ਵੱਰ ਨਾਲ ਰਾਜ ਸਤਾ ਪ੍ਰਾਪਤ ਹੋਈ ਸਿਖਾਂ ਵਿਚ ਮੰਨੀ ਜਾਂਦੀ ਹੈ। ਪਰ ਇਨ੍ਹਾਂ ਦੋਹਾਂ ਰਾਜਿਆਂ ਵਿਚਕਾਰ ਸਦਾ ਹੀ ਸ਼ਰੀਕਾ ਤੇ ਝਗੜਾ ਰਿਹਾ ਹੈ।

ਗੁਰਦੁਆਰਾ ਸੁਧਾਰ ਲਹਿਰ ਸਿਖਰ ਤੇ ਸੀ ਤੇ ਗੁਰੂ ਕੇ ਬਾਗ਼ ਦਾ ਮੋਰਚਾ ਚਲ ਰਿਹਾ ਸੀ ਜਦ ਪਟਿਆਲੇ ਦੇ ਮਹਾਰਾਜੇ ਭੁਪਿੰਦਰ ਸਿੰਘ ਤੇ ਨਾਭੇ ਦੇ ਮਹਾਰਾਜੇ ਰਿਪੁਦਮਨ ਸਿੰਘ ਵਿਚਕਾਰ ਝਗੜਾ ਤਿਖਾ ਹੋ ਗਿਆ। ਪ੍ਰੈਸ ਵਿਚ ਭੀ ਇਕ ਦੂਜੇ ਵਿਰੁਧ ਚੰਗੇ ਮੰਦੇ ਸ਼ਬਦ ਵਰਤੇ ਜਾਂਦੇ ਰਹੇ। ਮਹਾਰਾਜਾ ਭੁਪਿੰਦਰ ਸਿੰਘ ਚੈਂਬਰ ਔਫ ਪ੍ਰਿੰਸਿਜ਼ (ਮਹਾਰਾਜਿਆਂ ਦੀ ਸੰਸਥਾ) ਦਾ ਚਾਂਸਲਰ ਸੀ ਤੇ ਅੰਗਰੇਜ਼ ਦਾ ਬੜਾ ਖੁਸ਼ਾਮਦੀ ਸੀ। ਉਹ ਅਕਾ- ਲੀਆਂ ਵਿਰੁਧ ਕਾਰਵਾਈਆਂ ਕਰ ਕੇ ਅੰਗਰੇਜ਼ਾਂ ਨੂੰ ਖੁਸ਼ ਕਰਨਾ ਚਾਹੁੰਦਾ ਸੀ ਅਤੇ ਆਪਣੀ ਰਿਆਸਤ ਵਿਚ ਤਾਂ ਅਕਾਲੀਆਂ ਨੂੰ ਉਹ ਸਿਰ ਨਹੀਂ ਚੁਕਣ ਦੇਂਦਾ ਸੀ। ਮਾਸਟਰ ਤਾਰਾ ਸਿੰਘ ਜੀ ਨੂੰ ਵੀ ਕਤਲ ਕਰਾਉਣ ਦੀ ਧਮਕੀ ਉਸ ਭੇਜੀ ਤੇ ਮਹੰਤਾਂ ਦੀ ਭੀ ਹਿਮਾਇਤ ਕੀਤੀ। ਜਥੇਦਾਰ ਸੇਵਾ ਸਿੰਘ ਠੀਕਰੀਵਾਲੇ ਦੀ ਸ਼ਹੀਦੀ ਦਾ ਵਡਾ ਜ਼ਿਮੇਂਵਾਰ ਵੀ ਉਹੋ ਹੀ ਸੀ। ਇਸ ਦੇ ਉਲਟ ਨਾਭੇ ਦਾ ਮਹਾਰਾਜਾ ਕੁਝ ਸਿਖੀ ਸਪਿਰਿਟ ਰਖਦਾ ਸੀ। ਉਸ ਦੇ ਬਾਪੂ ਮਹਾਰਾਜਾ ਹੀਰਾ ਸਿੰਘ ਪਾਸੋਂ ਜਦ ਅੰਗਰੇਜ਼ਾਂ ਨੇ ਸ਼ਿਮਲੇ ਦਾ ਇਲਾਕਾ ਠਗੀ ਨਾਲ ਲੈ ਲਿਆ ਤਾਂ ਉਹ ਇਸ ਮੌਕੇ ਲੜਾਈ ਲਈ ਭੀ ਤਿਆਰ ਹੋ ਗਿਆ ਸੀ। ਮਹਾਰਾਜਾ ਰਿਪੁਦਮਨ ਸਿੰਘ ਅਜੇ ਟਿੱਕਾ ਸੀ ਜਦ ਅੰਗਰੇਜ਼ਾਂ ਨੇ ਇਸ ਦੀ ਰੁਚੀ ਬਦਲਣ ਦੀ ਕੋਸ਼ਿਸ਼ ਕੀਤੀ, ਅੰਗਰੇਜ਼ੀ ਤਾਲੀਮ ਤੇ ਤਰਬੀਅਤ ਦੁਆ ਕੇ ਵਾਇਸਰਾਏ ਦੀ ਕੌਂਸਲ ਦਾ ਮੈਂਬਰ ਭੀ ਬਣਾਇਆ। ਪਰ ਇਸ ਦੀ ਸੰਗਤ ਸੰਤ ਭਾਈ ਅਤਰ ਸਿੰਘ ਜੀ ਮਸਤੂਆਣਾ ਤੇ ਭਾਈ ਦਿਤ ਸਿੰਘ ਗਿਆਨੀ ਨਾਲ ਹੋ ਗਈ। ਸੋ ਇਸ ਨੇ ਵਾਇਸਰਾਏ ਦੀ ਕੌਂਸਲ ਵਿਚ ਸਿਖੀ ਵਿਵਾਹ ਦੀ ਮਰਯਾਦਾ (ਅਨੰਦ ਕਾਰਜ) ਨੂੰ ਅਨੰਦ ਮੈਰਿਜ ਬਿਲ ਪੇਸ਼ ਕਰ ਕੇ ਕਾਨੂੰਨੀ ਮਾਨਤਾ ਦਿਵਾਉਣ ਦੀ ਬੜੀ ਕੋਸ਼ਿਸ਼ ਕੀਤੀ। ਅੰਗਰੇਜ਼ਾਂ ਨੇ ਪਹਿਲੇ ਤਾਂ ਇਹ ਪਾਸ ਨਾ ਹੋਣ ਦਿਤਾ ਪਰ ਜਦ ਸਿਖ ਕੌਮ ਦੀ ਅਵਾਜ਼ ਇਸ ਦੇ ਹੱਕ ਵਿਚ ਉਠੀ ਤਾਂ ਅਨੰਦ ਮੈਰਿਜ ਬਿਲ ਪਾਸ

ਹੋ ਕੇ ਐਕਟ ਬਣ ਗਿਆ। ਇਸ ਤੇ ਮਹਾਰਾਜੇ ਰਿਪੁ-ਦਮਨ ਸਿੰਘ ਨੂੰ ਸਿਖਾਂ ਵਿਚ ਚੰਗੀ ਭੱਲ ਮਿਲੀ। ਅੰਗਰੇਜ਼ੀ ਹਾਕਮਾਂ ਨੂੰ ਟਿਕੇ ਦੀ ਇਹ ਭੱਲ ਚੰਗੀ ਨਾ ਲਗੀ। ਆਜ਼ਾਦ ਤਬੀਅਤ ਵਾਲੇ ਮਹਾਰਾਜੇ ਅੰਗਰੇਜ਼ ਦੇ ਬਾਂਹ ਬਾਜ਼ੂ ਨਹੀਂ ਬਣਦੇ ਸਨ ਇਸ ਲਈ ਅੰਗਰੇਜ਼ ਮੁਢ ਤੋਂ ਹੀ ਮਜ਼ਬੂਤ ਚਿਰਿਤਰ ਵਲੇ ਮਹਾਰਾਜਿਆਂ ਨੂੰ ਵੱਲ ਛੱਲ ਨਾਲ ਖਰਾਬ ਕਰਦੇ ਰਹੇ ਹਨ।

ਮਹਾਰਾਜਾ ਰਿਪੁਦਮਨ ਸਿੰਘ ਨੇ ਰਾਜ ਗੱਦੀ ਤੇ ਬੈਠਣ ਸਮੇਂ ਅੰਗਰੇਜ਼ੀ ਪੋਲੀਟਲ ਏਜਟ ਨੂੰ ਨਜ਼ਰਾਨਾ ਦੇਣੋਂ ਨਾਂਹ ਕਰ ਦਿਤੀ। ਉਹਆਮ ਤੌਰ ਤੇ ਗੱਦੀ-ਨਸ਼ੀਨੀ ਵੇਲੇ ਮਹਾਰਾਜੇ ਦੇ ਸਿਰ ਤੇ ਆਪਣੇ ਹੱਥ ਨਾਲ ਤਾਜ ਧਰਿਆ ਕਰਦੇ ਸਨ। ਇਸ ਨੇ ਅਜਿਹਾ ਵੀ ਨਾ ਹੋਣ ਦਿਤਾ। ਨਨਕਾਣੇ ਸਾਹਿਬ ਦੇ ਸ਼ਹੀਦੀ ਸਾਕੇ ਸਮੇਂ ਪੰਥ ਦੇ ਹੁਕਮ ਅਨੁਸਾਰ ਇਸ ਨੇ ਭੀ ਕਾਲੀ ਪੱਗ ਬੰਨ ਕੇ ਕੌਮੀ ਸ਼ੋਕ ਵਿਚ ਭਾਗ ਲਿਆ।

ਇਸ ਤੋਂ ਪਹਿਲਾਂ ਜਦ ਦਿਲੀ ਦੇ ਗੁਰਦਆਰਾ ਰਿਕਾਬਗੰਜ ਦੀ ਕੰਧ ਡੇਗ ਕੇ ਸੈਕਟੇਰੀਏਟ ਦੀ ਸੜਕ ਵਿਚ ਗੁਰਦੁਆਰਾਰੇ ਦੀ ਥਾਂ ਸੜਕਵਿਚ ਮਿਲਾਈ ਗਈ ਤੇ ਫਲ ਸਰੂਪ ਸਿਖਾਂ ਵਿਚ ਭਾਰੀ ਐਜੀਟੇਸ਼ਨ ਚਲੀ ਤਾਂ ਇਸ ਮਹਾਰਾਜੇ ਨੇ ਗਵਰਨਰ ਤੇ ਵਾਇਸ਼ਰਾਏ ਨੂੰ ਸਿਖਾਂ ਦੇ ਰੋਸ ਦੂਰ ਕਰਨ ਲਈ ਕਿਹਾ। ਇਉਂ ਅੰਗਰੇਜ਼ੀ ਸਰਕਾਰ ਇਸ ਨਾਲ ਰਾਜ਼ੀ ਨਹੀਂ ਸੀ। ਮਹਾਰਾਜੇ ਪਟਿਆਲੇ ਤੇ ਇਸ ਮਹਾਰਾਜੇ ਵਿਚਕਾਰ ਤਿਖਾ ਝਗੜਾ ਹੋ ਜਾਣ ਤੇ ਮਹਾਰਾਜਾ ਪਟਿਆਲਾ ਨੇ ਇਸ ਵਿਰੁਧ ਛੇ ਸਤ ਮੁਕਦਮੇ ਦਾਇਰ ਕਰ ਦਿਤੇ ਜਿਸ ਦੇ ਫੈਸਲੇ ਲਈ ਅਲਾਹਬਾਦ ਹਾਈ ਕੋਰਟ ਦੇ ਇਕ ਅੰਗਰੇਜ਼ ਜੱਜ ਨੂੰ ਕਮਿਸ਼ਨ ਮੁਕੱਰਰ ਕੀਤਾ ਗਿਆ ਜਿਸ ਨੇ ਮਹਾਰਾਜੇ ਨਾਭੇ ਵਿਰੁਧ ਫੈਸਲਾ ਦੇ ਦਿਤਾ। ਉਸ ਤੋਂ ਅੰਗਰੇਜ਼ਾਂ ਨੇ ਧਮਕੀ ਦਿਤੀ ਕਿ ਜਾਂ ਉਹ ਗੱਦੀ ਤੋਂ ਉਤਰ ਜਾਏ ਜਾਂ ਉਸ ਤੇ ਖੁਲ੍ਹੀ ਅਦਾਲਤ ਵਿਚ ਮੁਕਦਮਾ ਚਲਾਇਆ ਜਾਏਗਾ। ਗੱਦੀ ਤਿਆਗਣ ਲਈ ਦਬਾਓ ਪਵਾ ਕੇ ਉਸ ਤੋਂ ਤਿਆਗ ਪਤਰ ਤੇ ਦਸਖਤ ਕਰਾ ਲਏ ਗਏ ਤੇ ਕਿਸੇ ਨੂੰ ਮਿਲਣ ਨਾ ਦਿਤਾ ਗਿਆ। ੯ ਜੁਲਾਈ ਸੰਨ ੧੯੨੩ ਨੂੰ ਉਸ ਨੂੰ ਰਾਜਗੱਦੀ ਤੋਂ ਉਤਾਰ ਕੇ ਰਿਆਸਤੋਂ ਕਢ ਕੇ ਡੇਹਰਾਦੂਨ ਪਹੁੰਚਾ ਦਿਤਾ ਗਿਆ।

ਮਹਾਰਾਜਾ ਰਿਪੁਦਮਨ ਸਿੰਘ ਨੂੰ ਗੱਦੀਓਂ ਲਾਹੁਣ ਦੀ ਖਬਰ ਤੇ ਸਾਰੇ ਸਿਖ ਜਗਤ ਵਿਚ ਥਲਕਾ ਮੱਚ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਭੀ ਇਸ ਦਾ ਬੜਾ ਅਸਰ ਹੋਇਆ ਤੇ ਉਸ ਨੇ ਮਹਾਰਾਜੇ ਦੇ ਤਿਆਗ ਪਤਰ ਦੀ ਅਦਾਲਤੀ ਇਨਕੁਆਰੀ ਕਰਾਣ ਦੀ ਮੰਗ ਕੀਤੀ ਤੇ ਮਹਾਰਾਜਾ ਰਿਪਦਮਨ ਸਿੰਘ ਨੂੰ ਰਾਜ ਤੇ ਬਹਾਲ ਕਰਨ ਦੀ ਮੰਗ ਕੀਤੀ। ਗਵਰਨਰ ਪੰਜਾਬ ਤੇ ਵਾਇਸਰਾਏ ਨੇ ਕੋਈ ਸੁਣਾਈ ਨਾ ਕੀਤੀ। ਰਿਆਸਤ ਨਾਭੇ ਵਿਚ ਲੋਕਾਂ ਵਿਚ ਹਾਹਾਕਾਰ ਮੱਚੀ ਹੋਈ ਸੀ ਕਿ ਮਹਾਰਾਜੇ ਨਾਭੇ ਨੂੰ ਆਜ਼ਾਦੀ ਪਸੰਦ ਤੇ ਪੰਥ ਦਰਦੀ ਹੋਣ ਦੀ ਸਜ਼ਾ ਦਿਤੀ ਗਈ ਹੈ। ਇਨ੍ਹਾਂ ਗੁਣਾਂ ਕਰ ਕੇ ਉਹ ਲੋਕਾਂ ਵਿਚ ਹਰਮਨ ਪਿਆਰਾ ਸੀ। ਇਕ ਘਟਨਾ ਹੋਰ ਹੋਈ ਜਿਸ ਨੇ ਲੋਕਾਂ ਵਿਚ ਗੁਸੇ ਦੀ ਲਹਿਰ ਚਲਾ ਦਿਤੀ। ਰਿਆਸਤ ਦੇ ਅੰਗਰੇਜ਼ ਐਡਮਨਿਸਟ੍ਰੇਟਰ ਤੇ ਉਸ ਦੇ ਨਾਜ਼ਮ ਨੇ ਮਹਾਰਾਣੀ ਨਾਭਾ ਤੇ ਉਸ ਦੀ ਲੜਕੀ ਨਾਲ ਬਦਸਲੂਕੀ ਕੀਤੀ। ਇਸ ਰੋਸ ਵਿਚ ਨਾਭੇ ਵਿਚ ਥਾਂ ਥਾਂ ਸਿਖਾਂ ਨੇ ਗੁਰਦੁਆਰਿਆਂ ਵਿਚ ਰੋਸ-ਦੀਵਾਨ ਕਰ ਕੇ ਦੁਖ ਦਾ ਪ੍ਰਗਟਾਵਾ ਕੀਤਾ ਤੇ ਮਹਾਰਾਜੇ ਨੂੰ ਬਹਾਲ ਕਰਨ ਦੇ ਮਤੇ ਕੀਤੇ। ਜੈਤੋ ਮੰਡੀ ਵਿਚ ਪੁਲਸ ਗੁਰ-ਦੁਆਰੇ ਗੰਗਸਰ ਵਿਚ ਵੜ ਗਈ ਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚੋਂ ਗਿ: ਇੰਦਰ ਸਿੰਘ ਮੌੜ ਨੂੰ ਗ੍ਰਿਫਤਾਰ ਕਰ ਕੇ ਦੀਵਾਨ ਨੂੰ ਜਬਰਨ ਬੰਦ ਕਰ ਦਿਤਾ। ਇਹ ੨੭ ਅਗਸਤ ੧੯੨੪ ਦੀ ਗੱਲ ਹੈ ਜਿਸ ਤੋਂ ਇਸ ਅੰਦੋਲਨ ਨੇ ਧਾਰਮਕ ਰੰਗਤ ਲੈ ਲਈ। ਸੁਆਲ ਉਠਿਆ ਕਿ ਕੀ ਗੁਰਦੁਆਰੇ ਵਿਚ ਸਿਖਾਂ ਨੂੰ ਦੀਵਾਨ ਕਰਨ ਤੋਂ ਰੋਕਿਆ ਜਾ ਸਕਦਾ ਹੈ?

ਜੈਤੋ ਦੀ ਸੰਗਤ ਨੇ ਦੀਵਾਨ ਜਾਰੀ ਰਖਣ ਦਾ ਏਲਾਨ ਕਰ ਦਿਤਾ ਤੇ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਵਲ ਆਦਮੀ ਭੇਜ ਦਿਤੇ। ਸ਼੍ਰੋਮਣੀ ਕਮੇਟੀ ਨੇ ਹਾਲਤ ਨੂੰ ਪੜਚੋਲਣ ਤੇ ਸੁਲਝਾਉਣ ਲਈ ਆਪਣਾ ਖਾਸ ਆਦਮੀ ਰਸਾਲਦਾਰ ਰਣਜੋਧ ਸਿੰਘ ਤੇ ਨਾਲ ਦੋ ਤਿੰਨ ਆਦਮੀ ਭੇਜੇ। ਫਿਰੋਜ਼ਪੁਰ ਤੋਂ ਸ: ਦਲਜੀਤ ਸਿੰਘ ਜੈਤੋ ਵਲ ਇਸੇ ਸਬੰਧ ਵਿਚ ਜਾਂਦੇ ਹੋਏ ਗ੍ਰਿਫਤਾਰ ਕਰ ਲਏ ਗਏ। ਸ: ਦੀਸ਼ਰ ਸਿੰਘ ਮਝੈਲ ਤੇ ਗਿ: ਹਰਚਰਨ ਸਿਘ ਨਾਭੇ ਵਿਚ ਪਹੁੰਚਦਿਆਂ ਫੜ ਲਏ ਗਏ। ਰਸਾਲਦਾਰ ਰਣਜੋਧ ਸਿੰਘ ਨੂੰ ਦੀਵਾਨ ਕਰਨ ਤੇ ਪੜਤਾਲ ਕਰਨ ਦੀ ਆਗਿਆ ਨਾ ਦਿਤੀ ਗਈ, ਸਗੋਂ ਗ੍ਰਿਫਤਾਰ ਕਰ ਲੈਣ

ਦੀ ਧਮਕੀ ਦਿਤੀ ਗਈ। ਰਸਾਲਦਾਰ ਹੁਰੀਂ ਵਾਪਸ ਅੰਮ੍ਰਿਤਸਰ ਮੁੜ ਗਏ ਤੇ ਰਪੋਟ ਕਰ ਦਿਤੀ ਕਿ ਜੈਤੋ ਵਿਚ ਸ਼ਿਖਾਂ ਨੂੰ ਧਾਰਮਕ ਆਜ਼ਾਦੀ ਨਹੀਂ।

੫ ਸਤੰਬਰ ਨੂੰ ਰਸਾਲਦਾਰ ਰਣਜੋਧ ਸਿੰਘ ਨੂੰ ਦੁਬਾਰਾ ਜੈਤੋ ਭੇਜਿਆਂ ਗਿਆ। ਉਹਨਾਂ ਪ੍ਰਬੰਧ ਕਰ ਕੇ ਸ਼੍ਰੋਮਣੀ ਕਮੇਟੀ ਵਲੋਂ ਗੁਰਦੁਆਰਾ ਗੰਗਸਰ ਜੈਤੋ ਵਿਚ ਦੀਵਾਨ ਰਖਾ ਦਿਤਾ। ੯ ਸਤੰਬਰ ਨੂੰ ਰਸ਼ਾਲਦਾਰ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਉਹ ਗੁਰਦੁਆਰੇ ਅੰਦਰ ਚਲਾ ਗਿਆ। ੧੩ ਸਤੰਬਰ ਨੂੰ ਗੁਰਦੁਆਰੇ ਵਿਚ ਅਖੰਡ ਪਾਠ ਹੋ ਰਿਹਾ ਸੀ ਕਿ ਆਹਲਾ ਅਫਸਰਾਂ ਨਾਲ ਬਹੁਤ ਸਾਰੀ ਪੁਲਸ ਗੁਰਦੁਆਰੇ ਵਿਚ ਦਾਖਲ ਹੋ ਗਈ, ਰਸਾਲਦਾਰ ਰਛਪਾਲ ਸਿੰਘ ਤੇ ਹੋਰ ਪ੍ਰਬੰਧਕਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ, ਦੀਵਾਨ ਜ਼ਬਰਨ ਬੰਦ ਕਰ ਦਿਤਾ ਤੇ ਅਖੰਡ ਪਾਠ ਖੰਡਤ ਕਰ ਦਿਤਾ ਗਿਆ। ਸਿਖਾਂ ਦੀ ਧਾਰਮਕ ਮਰਯਾਦਾ ਭੰਗ ਕਰਨ ਦਾ ਸੁਆਲ ਨਿਖਰ ਕੇ ਸਾਹਮਣੇ ਆ ਗਿਆ। ਇਸ ਪੁਰ ੧੪ ਸਤੰਬਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਏਲਾਨ ਕਰ ਦਿਤਾ ਕਿ ਹੁਣ ਉਹ ਗੁਰ-ਦੁਆਰਾ ਗੰਗਸਰ ਜੈਤੋ ਵਿਚ ਦੀਵਾਨ ਜਾਰੀ ਕਰਾਣ ਲਈ ੨੫-੨੫ ਸਿੰਘਾਂ ਦੇ ਜੱਥੇ ਭੇਜੇਗੀ ਤੇ ਪਹਿਲਾ ਜਥਾ ਸ੍ਰੀ ਅਕਾਲ ਤਖਤ ਤੋਂ ੧੫ ਸਤੰਬਰ ਨੂੰ ਚਲੇਗਾ। ਮੋਰਚਾ ਲਗ ਗਿਆ।

੧੫ ਸਤੰਬਰ ਸੰਨ ੧੯੨੩ ਨੂੰ ਜੱਥਾ ਚਲਿਆ ਜੋ ਨਾਭੇ ਪੁਜਾ, ਤਾਂ ਉਸ ਨੂੰ ਗ੍ਰਿਫਤਾਰ ਕਰ ਕੇ ਦੂਰ ਜਗਲਾਂ ਬੀਆਬਾਨਾਂ ਵਿਚ ਜਾ ਛਡਿਆ। ਫਿਰ ਹੋਰ ਜਥੇ ਚਲੇ ਜਿਨ੍ਹਾਂ ਦਾ ਭੀ ਇਹੋ ਹਾਲ ਹੋਇਆ ਤੇ ਮਾਰ ਕੁਟਾਈ ਭੀ ਹੋਈ। ਸਿਖ ਜਗਤ ਵਿਚ ਭਾਰਾ ਜੋਸ਼ ਫੈਲ ਗਿਆ। ੨੧ ਸਤੰਬਰ ਨੂੰ ਗਏ ਜਥੇ ਨਾਲ ਪੰਡਤ ਨਹਿਰੂ, ਪ੍ਰਿੰਸੀਪਲ ਗਿਡਵਾਨੀ ਤੇ ਸ੍ਰੀ ਕੇ. ਸੰਤਾਨਮ ਭੀ ਗ੍ਰਿਫਤਾਰ ਕਰ ਲਏ ਗਏ ਜੋ ੨੩ ਨੂੰ ਛਡੇ ਗਏ।

ਪੰਜਾਬ ਸਰਕਾਰ ਬੜੀ ਘਬਰਾਈ ਤੇ ੧੩ ਅਕਤੂਬਰ ਨੂੰ ਉਸ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਗੈਰ ਕਾਨੂੰਨੀ ਜਮਾਤਾਂ ਕਰਾਰ ਦੇ ਕੇ ਇਨ੍ਹਾਂ ਦੇ ੫੯ ਮੁਖੀਆਂ ਨੂੰ ਗ੍ਰਿਫਤਾਰ ਕਰ ਲਿਆ। ਇਨ੍ਹਾਂ ਪੁਰ ਬਗ਼ਾਵਤ ਦਾ ਮੁਕ-ਦਮਾ ਚਲਾਇਆ ਗਿਆ ਜੋ ੧੯੨੬ ਤਕ ਚਲਦਾ ਰਿਹਾ।

ਵਿਚੋਂ ਇਕ ਹੋਰ ਮੋਰਚਾ

ਨਾਭੇ ਦਾ ਮੋਰਚਾ ਚਲ ਰਿਹਾ ਸੀ ਕਿ ਦੂਜੇ ਪਾਸੇ ਗੁਰਦੁਆਰਾ ਭਾਈ ਫੇਰੂ ਦਾ ਮੋਰਚਾ ੧੫ ਦਸੰਬਰ ੧੯੨੩ ਨੂੰ ਸ਼ੁਰੂ ਹੋ ਗਿਆ। ਜ਼ਿਲਾ ਲਹੌਰ ਦੇ ਇਸ ਵਡੇ ਗੁਰਦੁਆਰੇ ਦੇ ਮਹੰਤ ਨੇ ਸਾਲ ਕੁ ਪਹਿਲਾਂ ਗੁਰ-ਦੁਆਰੇ ਦਾ ਕਬਜ਼ਾ ਦੇਣਾ ਮੰਨ ਕੇ ਬਹੁਤਾ ਕਬਜ਼ਾ ਦੇ ਦਿਤਾ ਸੀ, ਪਰ ਹੁਣ ਸਰਕਾਰੀ ਸ਼ਰਾਰਤ ਕਰ ਕੇ ਅੜ ਗਿਆ। ਇਹ ਮੋਰਚਾ ਭੀ ਨਾਭੇ ਦੇ ਮੋਰਚੇ ਨਾਲ ੨੦ ਸਤੰਬਰ ੧੯੨੫ ਤਕ (ਲਗ ਪਗ ਦੋ ਸਾਲ) ਚਲਦਾ ਰਿਹਾ ਤੇ ਇਸ ਵਿਚ ੪ ਹਜ਼ਾਰ ਸਿੰਘ ਗ੍ਰਿਫਤਾਰ ਹੋਏ। ਬਿਨਾ ਲੀਡਰਾਂ ਤੋਂ ਸਿਖ ਕੌਮ ਨੇ ਦੋ ਸਾਲ, ਦੋ ਮੁਹਾਜ਼ਾਂ ਤੇ, ਮੋਰਚਾ ਜਾਰੀ ਰਖਿਆ ਤੇ ਕਿਸੇ ਵਿਚ ਵੀ ਢਿਲ ਨਾ ਆਉਣ ਦਿਤੀ। ੨੯-੩੦ ਦਸੰਬਰ ੧੯੨੩ ਨੂੰ ਕਾਂਗ੍ਰਸ ਦਾ ਜਨਰਲ ਸਮਾਗਮ ਕੋਕੋਨਾਡਾ (ਦਖਣ) ਵਿਚ ਹੋਇਆ, ਤਾਂ ਵੱਡੇ ਵੱਡੇ ਕਾਂਗ੍ਰਸੀ ਲੀਡਰਾਂ, ਮਹਾਤਮਾ ਗਾਂਧੀ, ਮੌਲਾਨਾ ਮੁਹੰਮਦ ਅਲੀ, ਡਾਕਟਰ ਕਿਚਲੂ, ਸ੍ਰੀ ਰਾਜਗੁਪਾਲਾਚਾਰੀ ਆਦਿ ਨੇ ਸਿਖਾਂ ਦੀ ਬਹਾਦਰੀ, ਡਿਸਿਪਲਿਨ ਤੇ ਸ਼ਾਂਤਮਈ ਦੀ ਬੜੇ ਸੁਹਣੇ ਸ਼ਬਦਾਂ ਵਿਚ ਸ਼ਲਾਘਾ ਕੀਤੀ ਤੇ ਇਸ ਨੂੰ ਆਜ਼ਾਦੀ ਦੀ ਲੜਾਈ ਮਿਥਦਿਆਂ ਹੋਇਆਂ, ਸਭ ਆਜ਼ਾਦੀ ਪਸੰਦ ਸੰਸਥਾਵਾਂ ਨੂੰ ਇਸ ਦੀ ਮਦਦ ਕਰਨ ਦੀ ਅਪੀਲ ਕੀਤੀ।

੭ ਜਨਵਰੀ ੧੯੨੪ ਨੂੰ ਦੂਜੀ ਵਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਨਰਲ ਕਮੇਟੀ ਦੀ ਜਨਰਲ ਚੋਣ ਹੋਈ ਤੇ ਚੁਣੇ ਹੋਏ ਮੈਂਬਰ ਸਾਰੇ ਗ੍ਰਿਫਤਾਰ ਕਰ ਲਏ ਗਏ। ਇਹਨਾਂ ਪੁਰ ਭੀ ਗੈਰ ਕਾਨੂੰਨੀ ਜਮਾਤ ਦੇ ਮੈਂਬਰ ਹੋਣ ਦਾ ਮੁਕਦਮਾ ਚਲਾ ਕੇ ਜੁਰਮਾਨੇ ਤੇ ਕੈਦ ਦੀ ਸਜ਼ਾ ਸੁਣਾ ਦਿਤੀ ਗਈ।

ਦੂਜੀ ਸ਼੍ਰੋਮਣੀ ਕਮੇਟੀ ਦੇ ਪਕੜੇ ਜਾਣ ਉਤੇ ਏਡਾ ਰੋਸ ਜਾਗਿਆ ਕਿ ਉਸੇ ਵੇਲੇ ਪੰਜ ਪੰਜ ਸੌ ਸਿੰਘਾਂ ਦੇ ਸ਼ਹੀਦੀ ਜਥੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਤੋਰਨ ਦਾ ਏਲਾਨ ਹੋ ਗਿਆ ਤੇ ੯ ਫਰਵਰੀ, ਬਸੰਤ ਪੰਚਮੀ ਵਾਲੇ ਦਿਨ ਪਹਿਲਾ ਸ਼ਹੀਦੀ ਜਥਾ ਜਥੇਦਾਰ ਊਧਮ ਸਿੰਘ ਨਾਗੋਕੀ ਦੀ ਜਥੇਦਾਰੀ ਵਿਚ ਭੇਜਣ ਦੀ ਤਿਆਰੀ ਭੀ ਹੋ ਗਈ। ਪਰ ੮ ਫਰਵਰੀ ਨੂੰ ਜਥੇਦਾਰ ਊਧਮ ਸਿੰਘ ਨਾਗੋਕੀ ਗ੍ਰਿਫਤਾਰ ਹੋ ਗਏ, ਤਾਂ ਜਥੇਦਾਰ ਊਧਮ ਸਿੰਘ

ਵਰਪਾਲ ਨੂੰ ਉਹਨਾਂ ਦੀ ਜਥੇਦਾਰੀ ਸੌਂਪੀ ਗਈ। ਸ਼ਹੀਦੀ ਜਥੇ ਨੂੰ ਅਕਾਲ ਤਖਤ ਤੋਂ ਇਹ ਹੁਕਮ ਮਹਾ- ਰਾਜ ਦਾ ਸੁਣਾਇਆ ਗਿਆ :—

ਕਬੀਰ ਜੋ ਤੋਹਿ ਸਾਧ ਪਿਰੰਮ ਕੀ ਸੀਸੁ ਕਾਟਿ
ਕਰਿ ਗੋਇ॥ ਖੇਲਤ ਖੇਲਤ ਹਾਲ ਕਰਿ
ਜੋ ਕਿਛੁ ਹੋਇ ਤ ਹੋਇ॥

ਭਾਵ—ਜੇ ਤੈਨੂੰ ਸਧਰ ਹੈ ਪ੍ਰੇਮ ਦੀ ਤਾਂ ਸੀਸ ਕਟ ਕੇ ਗੇਂਦ ਬਣਾ ਦੇ ਤੇ ਇਸ ਨਾਲ ਖੇਡ। ਫਿਰ ਖੇਡਦਿਆਂ ਖੇਡਦਿਆਂ ਤੈਨੂੰ ਹਾਲ (ਫਕੀਰਾਨਾ ਮਸਤੀ ਦੀ ਬੇਸੁਧੀ) ਪੈ ਜਾਏ ਤੇ ਫਿਰ ਜੋ ਹੋਇ ਸੁ ਹਏ।

ਸ਼ਹੀਦੀ ਜਥੇ ਵਲੋਂ ਜਵਾਬ ਵਿਚ ਇਹ ਅੰਤਮ ਸੰਦੇਸ਼ ਪੜ੍ਹ ਕੇ ਸੁਣਾਇਆ ਗਿਆ ਜੋ ਕਈ ਸਾਲ ਸਿਖ ਬੱਚੇ ਬੱਚੇ ਦੀ ਜ਼ੁਬਾਨ ਚੋਂ ਗੂੰਜਦਾ ਰਿਹਾ :—

ਸੁਣੋ ਖਾਲਸਾ ਜੀ, ਸਾਡੇ ਕੂਚ ਡੇਰੇ
ਅਸੀਂ ਆਖਰੀ ਫਤਹ ਬੁਲਾ ਚਲੇ।
ਪਾਓ ਬੀ ਤੇ ਸਾਂਭ ਕੇ ਫਸਲ ਵੱਢੋ
ਅਸੀਂ ਡੋਲ੍ਹ ਕੇ ਰਤ ਪਿਆ ਚਲੇ।
ਚੋਬਦਾਰ ਦੇ ਵਾਂਗ ਅਵਾਜ਼ ਦੇ ਕੇ,
ਧੌਂਸੇ ਕੂਚ ਦੇ ਅਸੀਂ ਵਜਾ ਚਲੇ।
ਤੁਸੀਂ ਆਪਣੀ ਅਕਲ ਦਾ ਕੰਮ ਕਰਨਾ,
ਅਸੀਂ ਆਪਣੀ ਤੋੜ ਨਿਭਾ ਚਲੇ।
ਬੇੜਾ ਜ਼ੁਲਮ ਦਾ ਅੰਤ ਨੂੰ ਗਰਕ ਹੋਸੀ,
ਹੜ੍ਹ ਖੂਨ ਦੇ ਅਸਾਂ ਵਹਾ ਚਲੇ।
ਪੰਥ ਗੁਰੂ ਦਾ ਆਪ ਦਸਮੇਸ਼ ਰਾਖਾ,
ਕੰਡੇ ਹੂੰਝ ਕੇ ਕਰ ਸਫਾ ਚਲੇ।
ਅੰਗ ਸਾਕ ਕਬੀਲੜਾ ਬਾਲ ਬੱਚਾ,
ਬਾਂਹ ਤੁਸਾਂ ਦੇ ਹੱਥ ਫੜਾ ਚਲੇ।
ਨਦੀ ਨਾਵ ਸੰਜੋਗ ਦੇ ਹੋਣ ਮੇਲੇ,
ਸਤਿ ਸ੍ਰੀ ਅਕਾਲ ਗਜਾ ਚਲੇ।

ਇਹ ਅੰਤਮ ਸੰਦੇਸਾ ਸੁਣ ਸੰਗਤਾਂ ਨੇ ਨੀਰ ਵਗਾਉਂਦਿਆਂ, 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਦੀ ਗੂੰਜਾਂ ਵਿਚ ਜਥੇ ਨੂੰ ਦੂਰ ਤਕ ਵਿਦਾ ਕੀਤਾ। ਜਥਾ ਸ਼ਬਦ ਪੜ੍ਹਦਾ ਤੇ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਦਾ, ਪਿੰਡੋ ਪਿੰਡੀ ਹੁੰਦਾ ੨੧ ਫਰਵਰੀ ੧੯੨੪ ਨੂੰ ਜੈਤੋ ਪੁਜਾ। ਹੋਰ ਭੀ ਬਹੁਤ ਸਾਰੀ ਸੰਗਤ ਇਸ ਜਥੇ ਨਾਲ ਸ਼ਾਮਲ ਸੀ।

ਇਹ ਜੱਥਾ ਤੇ ਸੰਗਤ ਦੁਪਹਿਰ ਦੇ ਢਾਈ ਕੁ ਵਜੇ ਗੁਰਦੁਆਰਾ ਟਿੱਬੀ ਸਾਹਿਬ ਵਲ ਮਾਰਚ ਕਰਨ ਲਗੀ। ਇਹ ਗੁਰਦੁਆਰਾ ਗੰਗਸਰ ਦੇ ਰਾਹ ਵਿਚ ਤੇ ਨੇੜੇ ਪੈਂਦਾ ਹੈ। ਅਗੋਂ ਹਥਿਆਰਬੰਦ ਪੁਲਸ ਅਤੇ ਫੌਜ ਦੇ ਦਸਤੇ ਬੰਦੂਕਾਂ ਤਾਣੀ ਖੜੇ ਸਨ। ਜੱਥਾ ਅਤੇ ਸੰਗਤਾਂ ਡਰੀਆਂ ਨਹੀਂ, ਸਗੋਂ ਮਾਰਚ ਕਰਦੀਆਂ ਗਈਆਂ। ਇਸ ਉਤੇ ਪੁਲਸ ਅਤੇ ਫ਼ੌਜ ਨੇ ਨਿਹੱਥੇ ਜਥੇ ਅਤੇ ਸੰਗਤ ਉਤੇ ਤਾੜ੍ਹ ਤਾੜ੍ਹ ਗੋਲੀਆਂ ਚਲਾ ਦਿਤੀਆਂ। ਲਾਸ਼ਾਂ ਧੜਾਧੜ ਜ਼ਮੀਨ ਤੇ ਡਿਗਣ ਲਗ ਪਈਆਂ ਪਰ ਫੇਰ ਭੀ ਜਥਾ ਸੰਗਤਾ ਸਣੇ ਬੜੇ ਹੌਸਲੇ ਨਾਲ ਵਰ੍ਹਦੀਆਂ ਗੋਲੀਆਂ ਵਿਚ ਅਗੇ ਵਧਦਾ ਚਲਾ ਗਿਆ। ਇਕ ਬੀਬੀ ਭੀ ਜਥੇ ਦੇ ਨਾਲ ਸੀ ਜਿਸ ਦੇ ਕੁਛੜ ਦੁਧ ਚੁੰਘਦਾ ਬੱਚਾ ਸੀ। ਉਹ ਬੱਚੇ ਨੂੰ ਛਾਤੀ ਨਾਲ ਲਾਈ ਜਥੇ ਨਾਲ ਚਲਦੀ ਗਈ। ਇਕਦਮ ਇਕ ਗੋਲੀ ਮਸੂੰਮ ਬੱਚੇ ਨੂੰ ਵਜੀ ਅਤੇ ਉਹ ਸ਼ਹੀਦ ਹੋ ਗਿਆ। ਪਰ ਉਹ ਬੀਬੀ ਡੋਲੀ ਡਰੀ ਜ਼ਰਾ ਨਾਂਹ, ਸਗੋਂ ਉਸ ਨੇ ਅਕਾਲ ਪੁਰਖ ਦੇ ਭਾਣੇ ਅੰਦਰ ਆਪਣੇ ਜਿਗਰ ਦੇ ਟੁਕੜੇ ਨੂੰ ਜ਼ਮੀਨ ਤੇ ਲਿਟਾ ਦਿਤਾ ਤੇ ਆਪ ਜਥੇ ਨਾਲ ਦੌੜਦੀ ਵਧਦੀ ਗਈ।

ਦੌੜਦੇ ਜਥੇ ਨੇ ਟਿਬੀ ਸਾਹਿਬ ਉਤੇ ਸ੍ਰੀ ਕਲਗੀਧਰ ਦਾ ਝੰਡਾ ਜਾ ਗੱਡਿਆ। ਜਿੰਨੇ ਕੁ ਜ਼ਖਮੀ ਸਿੰਘ ਇਥੇ ਲਿਆਂਦੇ ਜਾ ਸਕੇ, ਚੁਕ ਕੇ ਲਿਆਂਦੇ ਗਏ ਤੇ ਟਿਕਾ ਦਿਤੇ ਗਏ। ਹੁਣ ਜਥਾ ਗੁਰਦੁਆਰਾ ਗੰਗਸਰ ਨੂੰ ਚਾਲੇ ਪਾਣ ਲਗਾ। ਅਗੋਂ ਰਸਾਲੇ ਤੇ ਹਥਿਆਰਬੰਦ ਛਾਛੀ ਪੁਲਸ ਨੇ ਫਿਰ ਜਥੇ ਨੂੰ ਘੇਰ ਲਿਆ ਤੇ ਇਕ ਇਕ ਸਿੰਘ ਨੂੰ ਪੰਜ ਪੰਜ ਛੇ ਛੇ ਸਵਾਰਾਂ ਨੇ ਮਾਰ ਕਟਾਈ ਕੀਤੀ। ਸਿੰਘ ਬੇਹੋਸ਼ ਹੋ ਹੋ ਡਿਗਣ ਲਗੇ, ਤਾਂ ਉਹਨਾਂ ਨੂੰ ਰੱਸਿਆਂ ਨਾਲ ਜੂੜ ਕੇ ਗੱਡਿਆਂ ਵਿਚ ਪਾਇਆ ਗਿਆ ਤੇ ਬੋਰੀਆਂ ਵਾਗ ਲੱਦ ਕੇ ਕਿਲ੍ਹੇ ਵਿਚ ਪਹੁੰਚਾ ਦਿਤਾ ਗਿਆ। ੨੪ ਘੰਟੇ ਜ਼ਖ਼ਮੀਆਂ ਤੇ ਜਾਨ ਤੋੜਦਿਆਂ ਦੀ ਖਬਰਗੀਰੀ ਨਾ ਤਾਂ ਸਰਕਾਰੀ ਅਧਿਕਾਰੀਆਂ ਨੇ ਕੀਤੀ ਤੇ ਨਾ ਕਿਸੇ ਹੋਰ ਨੂੰ ਕਰਨ ਦਿਤੀ। ਕਿਸੇ ਨੂੰ ਨੇੜੇ ਨਾ ਆਣ ਦਿਤਾ ਗਿਆ। ਇਸ ਕਰ ਕੇ ਕਈ ਜ਼ਖਮੀ ਤਾਂ ਪਾਣੀ ਖੁਣੋਂ ਜਾਨ ਤੋੜ ਗਏ ਤੇ ਕਈ ਜ਼ਖਮੀ

ਸੱਟਾਂ ਕਰ ਕੇ ਸ਼ਹੀਦ ਹੋ ਗਏ।

ਜਿਹੜੇ ਜ਼ਖਮੀ ਟਿੱਬੀ ਸਾਹਿਬ ਤੇ ਟਿਕਾਏ ਗਏ ਸਨ, ਉਹਨਾਂ ਦੀ ਸੇਵਾ ਸੰਭਾਲ ਲਈ ਸੰਗਤ ਪਹੁੰਚੀ ਤੇ ਸੇਵਾ ਕਰਨ ਲਗ ਪਈ, ਪਰ ਛੇਤੀ ਹੀ ਰਸਾਲੇ ਦਾ ਤੁਰਪ ਉਹਨਾ ਤੇ ਭੀ ਟੁਟ ਕੇ ਜਾ ਪਿਆ। ਕਈ ਘੜਿਆਂ ਦੇ ਮੂੰਮਾਂ ਥਲੇ ਕੁਚਲੇ ਗਏ ਤੇ ਬਾਕੀਆਂ ਨੂੰ ਦੂਰ ਦੂਰ ਭਜਾ ਦਿਤਾ ਗਿਆ। ਅੰਦਾਜ਼ਾ ਹੈ ਕਿ ਤਿੰਨ ਕੁ ਸੌ ਸਿੰਘ ਤੇ ਦਰਸ਼ਕ ਜ਼ਖਮੀ ਹੋਏ, ਜਿਨ੍ਹਾਂ ਵਿਚੋਂ ੫੦ ਕੁ ਤਾਂ ਗੋਲੀਆਂ ਨਾਲ ਤੇ ੪੦-੫੦ ਸੱਟਾਂ ਜ਼ਖਮਾਂ ਕਰ ਕੇ ਸ਼ਹੀਦ ਹੋ ਗਏ। ਇਤਨੀ ਸਖਤੀ ਤੇ ਬੇਰਹਿਮੀ ਹੁੰਦਿਆਂ ਭੀ ਜਥਾ ਬਿਲਕੁਲ ਸ਼ਾਂਤਮਈ ਰਿਹਾ। ਇਸ ਸਮੇਂ ਅਮਰੀਕਾ ਦੇ ਅਖਬਾਰ 'ਸ਼ਿਕਾਗੋ ਟ੍ਰਿਬਯੂਨ' ਦਾ ਪਤਰਪ੍ਰੇਰਕ, ਮਿਸਟਰ ਜ਼ੀਮਾਂਡ ਜਥੇ ਦੇ ਨਾਲ ਸੀ। ਉਸ ਨੇ ਆਪਣੀ ਰਪੋਟ ਵਿਚ ਸਾਰਾ ਹਾਲ ਲਿਖਿਆ ਕਿ ਜਥਾ ਬਿਲਕੁਲ ਸ਼ਾਂਤਮਈ ਰਿਹਾ। ਫਿਰ ਭੀ ਜਥੇ ਦੇ ਜਥੇਦਾਰ ਊਧਮ ਸਿੰਘ ਵਰਪਾਲ, ਮਾਈ ਕਿਸ਼ਨ ਕੌਰ ਤੇ ੨੧ ਹੋਰ ਸਿੰਘਾਂ ਤੇ ਤਸ਼ੱਦਦ ਦੇ ਮੁਕਦਮੇ ਚਲਾਏ ਗਏ ਤੇ ਲੰਮੀਆਂ ਕੈਦਾਂ ਦੀਆਂ ਸਜ਼ਾਵਾਂ ਦਿਤੀਆਂ ਗਈਆਂ।

ਇਹ ਹੈ ਸੰਖੇਪ ਵਿਰਤਾਂਤ ੨੧ ਫਰਵਰੀ ਸੰਨ ੧੯੨੪ ਦੇ ਜੈਤੋ ਦੇ ਸ਼ਹੀਦੀ ਸਾਕੇ ਦਾ।

ਏਡੀ ਸਖਤੀ ਦੇ ਭੈ ਤੋਂ ਭੀ ਸਿੰਘ ਢਿਲੇ ਨਹੀਂ ਪਏ। ਉਦੋਂ ਮਹਾਤਮਾਂ ਗਾਂਧੀ ਜੀ ਨੇ ਅਕਾਲੀਆਂ ਨੂੰ ਲਿਖਿਆ ਕਿ ਹੋਰ ਜੱਥਾ ਨਾ ਭੇਜਿਆ ਜਾਵੇ, ਕਿਉਂਕਿ ਉਹ ਭੀ ਗੋਲੀਆਂ ਦਾ ਨਿਸ਼ਾਨਾ ਹੀ ਬਣੇਗਾ, ਪਰ ਸਿੰਘਾਂ ਜਥੇ ਭੇਜਣੇ ਜਾਰੀ ਰਖੇ। ਹਫਤੇ ਬਾਦ ਦੂਜਾ ਸ਼ਹੀਦੀ ਜੱਥਾ, ਨਿਰੇ ਜਵਾਨਾਂ ਦਾ ੨੮ ਫਰਵਰੀ ਨੂੰ ਤੁਰ ਕੇ ੧੪ ਮਾਰਚ ਨੂੰ ਜੈਤੋ ਪੁਜਾ ਪਰ ਇਹ ਬਿਨਾ ਸਖਤੀ ਤੋਂ ਗ੍ਰਿਫਤਾਰ ਕਰ ਲਿਆ ਗਿਆ। ਇਸੇ ਤਰ੍ਹਾਂ ੧੭ ਸ਼ਹੀਦੀ ਜਥੇ ਪੰਜ ਪੰਜ ਸੌ ਦੇ, ਵਾਰੀ ਸਿਰ, ਜੈਤ ਨੂੰ ਜਾਂਦੇ ਰਹੇ ਤੇ ੨੭ ਜੁਲਾਈ ੧੯੨੫ ਤਕ, ਪੌਣੇ ਦੋ ਸਾਲ ਮੋਰਚਾ ਲਗਾ ਰਿਹਾ। ਕੈਨੇਡਾ, ਸ਼ੰਘਾਈ ਤੇ ਹਾਂਗਕਾਂਗ ਤੋਂ ਭੀ ਸਿੰਘਾਂ ਦੇ ਜਥੇ ਆ ਕੇ ਸ਼ਹੀਦੀ ਜਥਿਆਂ ਵਿਚ ਸ਼ਾਮਲ ਹੋਏ।

੧੭ਵਾਂ ਸ਼ਹੀਦੀ ਜੱਥਾ ਅਜੇ ਪਹੁੰਚਿਆ ਨਹੀਂ ਸੀ ਕਿ ੨੧ ਜੁਲਾਈ ੧੯੨੫ ਨੂੰ ਇਕ ਸਿਖ ਜਥੇ ਨੇ ਗੁਰ-ਦੁਆਰਾ ਗੰਗਸਰ ਵਿਖੇ ਸ੍ਰੀ ਅਖੰਡ ਪਾਠ ਪ੍ਰਾਰੰਭ ਕਰ ਦਿਤਾ ਤੇ ਥਕੀ ਟੁਟੀ ਤੇ ਸ਼ਰਮਿੰਦੀ ਰਿਆਸਤੀ ਸਰਕਾਰ ਨੇ ਕੁਝ ਨਾ ਆਖਿਆ। ਪੰਜਾਬ ਦਾ ਨਵਾਂ ਗਵਰਨਰ ਮੈਲਕਮ ਹੇਲੀ ਭੀ ਸਖਤੀਆਂ ਕਰ ਕੇ ਹਾਰ ਗਿਆ ਤੇ ਉਸ ਨੇ ਭੀ ਇਸੇ ਦਿਨ (੨੧ ਜੁਲਾਈ ੧੯੨੫ ਨੂੰ) ਸ੍ਰੀ ਅਖੰਡ ਪਾਠ ਦੀ ਆਜ਼ਾਦੀ ਅਤੇ ਕੈਦੀਆਂ ਦੀ ਰਿਹਾਈ ਦਾ ਏਲਾਨ ਕੀਤਾ। ਇਉਂ ਇਹ ਮੋਰਚਾ ਫਤਹ ਹੋਇਆ।

ਅਖੀਰਲਾ (੧੭ਵਾਂ) ਸ਼ਹੀਦੀ ਜਥਾ ੨੭ ਜੁਲਾਈ ੧੯੨੫ ਨੂੰ ਗੁਰਦੁਆਰਾ ਸ੍ਰੀ ਗੰਗਸਰ ਪੁਜ ਗਿਆ ਤੇ ਉਸ ਨੇ ਇਕ ਦੀ ਥਾਂ ੧੦੧ ਅਖੰਡ ਪਾਠ ਕਰਨ ਦਾ ਏਲਾਨ ਕਰ ਦਿਤਾ। ਅੰਤਮ ਪਾਠਾਂ ਦਾ ਭੋਗ ੬ ਅਗਸਤ ੧੯੨੫ ਨੂੰ ਪਾਇਆ ਗਿਆ। ਇਉਂ ਬਿਨਾਂ ਸਰਕਾਰੀ ਆਗਿਆ ਤੋਂ ਗੁਰਦੁਆਰਿਆਂ ਵਿਚ ਧਾਰਮਕ ਦੀਵਾਨ ਤੇ ਅਖੰਡ ਪਾਠ ਕਰਨ ਦੀ ਆਜ਼ਾਦੀ ਦਾ ਹੱਕ ਖਾਲਸਾ ਪੰਥ ਨੇ ਆਪਣੀਆਂ ਕੁਰਬਾਨੀਆਂ ਤੇ ਸ਼ਹੀਦੀਆਂ ਨਾਲ ਸਰਕਾਰ ਅਗਰੇਜ਼ੀ ਤੋਂ ਮਨਵਾ ਲਿਆ।

ਅਖੰਡ ਪਾਠਾਂ ਦੀ ਲੜੀ ਸਮਾਪਤ ਕਰ ਕੇ ਅਤੇ ਆਪਣੇ ਧਾਰਮਕ ਹੱਕ ਨੂੰ ਪੂਰੀ ਤਰ੍ਹਾਂ ਤੇ ਖੁਲ੍ਹੇ ਤੌਰ ਤੇ ਵਰਤ ਕੇ ਜਥਾ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਰਿਹਾ ਹੋਏ ਸਿੰਘ ਅਤੇ ਸੰਗਤਾਂ ੯ ਅਗਸਤ ਨੂੰ ਰੇਲ ਤੇ ਸੜਕ ਰਾਹੀਂ ਤਰਨ ਤਾਰਨ ਪੁਜੀਆਂ, ਜਿਥੋਂ ਇਕ ਬੜਾ ਭਾਰਾ ਵਿਜਈ ਜਲੂਸ ਬਣ ਕੇ ਸ੍ਰੀ ਅੰਮ੍ਰਿਤਸਰ ਵਲ ਪੈਦਲ ਰਵਾਨਾ ਹੋਇਆ। ਇਹ ਕੌਮ ਦਾ ਦੂਜਾ ਭਾਰਾ ਤੇ ਸ਼ਾਨਦਾਰ ਇਤਿਹਾਸਕ ਜਲੂਸ ਸੀ ਜੋ ਕਾਰ ਸੇਵਾ ਦੇ ਜਲੂਸ ਪਿਛੋਂ ਆਪਣੀ ਮਿਸਾਲ ਆਪ ਸੀ। ੧੦ ਅਗਸਤ ਨੂੰ ਨਾਭੇ ਦੇ ਮੋਰਚੇ ਦੇ ਸਿੰਘਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਿਰੋਪਾ ਦਿਤੇ ਗਏ।

ਪੰਜਾਬੀਓ ! ਜਾਗੋਗੇ ਕਿ ਮੁਕੋਗੇ ?

(ਸ: ਜਸਵੰਤ ਸਿੰਘ, ਮਾਸਟਰ ਤਾਰਾ ਸਿੰਘ ਹਾਊਸ, ਅੰਮ੍ਰਿਤਸਰ)

ਪੰਜਾਬੀ ਸੁਭਾ ਦਾ ਮਿਹਨਤੀ ਹੈ, ਵੇਹਲਾ ਨਹੀਂ ਰਹਿ ਸਕਦਾ ਤੇ ਕਿਸੇ ਕੰਮੇ ਕਾਰੇ ਲਗਾ ਰਹਿੰਦਾ ਹੈ। ਪੰਜਾਬੀ ਕਿਰਸਾਨ ਜਿਥੇ ਭੀ ਗਿਆ ਉਸ ਨੇ ਅਪਣੀ ਮਿਹਨਤ ਨਾਲ ਜੰਗਲ ਕਟ, ਬੰਜਰ ਪੁਟ ਉਥੇ ਉਚੀਆਂ ਉਚੀਆਂ ਤੇ ਹਰੀਆਂ ਹਰੀਆਂ ਖੇਤਾਂ ਦੀਆਂ ਲਹਿਰਾਂ ਲਾ ਦਿਤੀਆਂ ਤੇ ਇਸ ਉਜਾੜਾਂ ਨੂੰ ਆਬਾਦ ਕਰ ਕੇ ਅਨਾਜ ਦੇ ਭੰਡਾਰ ਲਾ ਦਿਤੇ। ਪੰਜਾਬੀ ਦਾ ਹੱਥ ਨਿਚਲਾ ਨਹੀਂ ਰਹਿੰਦਾ ਤੇ ਪੂਰਬੀਏ ਦੀ ਜ਼ਬਾਨ ਚੁਪ ਨਹੀਂ ਹੁੰਦੀ। ਪੰਜਾਬੀ ਨੂੰ ਕੰਮ ਕਰਨ ਦੀ ਖੁਸ਼ੀ ਹੁੰਦੀ ਹੈ ਸੋ ਕੰਮ ਵਿਚ ਜੁਟਿਆ ਰਹਿੰਦਾ ਹੈ, ਪੂਰਬੀਏ ਨੂੰ ਕੰਮ ਕਰਨ ਤੋਂ ਨਫਰਤ ਹੈ ਤੇ ਵਿਹਲਾ ਰਹਿ ਕੇ ਖੁਸ਼ ਹੈ ਅਤੇ ਜ਼ਬਾਨ ਨਾਲ ਚਰ ਚਰ ਕਰੀ ਜਾਂਦਾ ਹੈ—ਇਹ ਹੈ ਪੰਜਾਬੀਆਂ ਤੇ ਬਾਕੀ ਭਾਰਤ ਦੇ ਲੋਕਾਂ ਦੇ ਸੁਭਾਅ ਦਾ ਫਰਕ, ਤੇ ਇਸ ਕੇ ਪੰਜਾਬੀ ਸੌਖਾ ਤੇ ਖੁਸ਼ਹਾਲ ਹੈ ਜਦ ਕਿ ਹੋਰ ਭਾਰਤ ਦੇ ਲੋਕ ਗਰੀਬ ਤੇ ਅਨਾਥ ਹਨ। ਇਸ ਸੌਖ ਤੇ ਖੁਸ਼ਹਾਲੀ ਤੋਂ ਹੋਰ ਭਾਰਤੀਆਂ ਨੂੰ ਪੰਜਾਬੀਆਂ ਦੇ ਖ਼ਿਲਾਫ ਈਰਖਾ ਹੈ। ਇਹ ਪੰਜਾਬੀਆਂ ਦੇ ਖਿਲਾਫ ਵਧੀ ਹੋਈ ਈਰਖਾ ਦੇਸ਼ ਦਾ ਬੇੜਾ ਗਰਕ ਕਰੀ ਜਾ ਰਹੀ ਹੈ। ਹਰਿਆਣਾ, ਯੂ. ਪੀ., ਰਾਜਿਸਥਾਨ, ਭੁਪਾਲ ਆਦਿ ਕਈ ਇਲਾਕਿਆਂ ਦੀ ਕੰਗਾਲੀ ਨੂੰ ਉਥੇ ਵਸਦੇ ਪੰਜਾਬੀ ਕਿਰਸਾਨਾਂ ਨੇ ਦੂਰ ਕੀਤਾ। ਇਹ ਕਰਨ ਦੇ ਬਾਵਜੂਦ ਪੰਜਾਬੀ ਕਿਸਾਨਾਂ ਨੂੰ ਉਥੋਂ ਧਕੇ ਮਾਰ, ਬਾਹਰ ਕੱਢ ਕੇ ਉਹਨਾਂ ਦੇ ਆਬਾਦ ਕੀਤੇ ਖੇਤਾਂ ਨੂੰ ਉਜਾੜ ਬੰਜਰ ਕੀਤਾ ਜਾਂਦਾ ਹੈ। ਇਹ ਕੁਝ ਹੋਵਨ ਦੇ ਬਾਵਜੂਦ ਇਹ ਆਸਾਨੀ ਨਾਲ ਕਿਹਾ ਜਾ ਸਕਦਾ ਹੈ ਕਿ ਭਾਰਤ ਦੇ ਅੰਦਰ ਜੋ ਅਨਾਜ ਪੈਦਾ ਹੁੰਦਾ ਹੈ ਉਸ ਦਾ ਅੱਸੀ ਫੀ ਸਦੀ ਪੰਜਾਬੀ ਕਿਸਾਨ ਦੀ ਮਿਹਨਤ ਦਾ ਨਤੀਜਾ ਹੈ। ਪਰ ਫਿਰ ਭੀ ਦੇਸ਼ ਅੰਦਰ ਅਨਾਜ ਦੀ ਬਹੁਤ ਘਾਟ ਹੈ ਅਤੇ ਥਾਂ ਥਾਂ ਬਦੇਸ਼ਾਂ ਤੋਂ ਭਾਰਤ ਅਨਾਜ ਦੀ ਭੀਖ ਮੰਗ ਰਿਹਾ ਹੈ। ਪੰਜਾਬੀ ਕਿਸਾਨਾਂ ਦੇ ਕੀਤੇ ਕਾਰਨਾਮਿਆਂ ਤੋਂ ਨਿਕਲੇ ਨਤੀਜੇ ਦਸਦੇ ਹਨ : ਜੇ ਪੰਜਾਬੀ ਕਿਸਾਨਾਂ ਨੂੰ ਰੋਕਿਆ ਨਾ ਜਾਵੇ ਤੇ ਦੇਸ਼ ਅਦਰ ਉਸ ਨੂੰ ਫੈਲਣ ਦਿਤਾ ਜਾਂਦਾ ਤਾਂ ਉਹ ਭਾਰਤ ਅੰਦਰ ਇਤਨਾ ਅਨਾਜ ਪੈਦਾ ਕਰਦਾ ਜੋ ਭਾਰਤ ਦੀ ਜ਼ਰੂਰਤ ਨੂੰ ਪੂਰਾ ਕਰ ਕੇ ਸਾਰੇ ਏਸ਼ੀਆ ਦਾ ਰੱਜ ਕਰ ਦੇਂਦਾ। ਇਸ ਕਰ ਕੇ ਇਹ ਕਿਹਾ ਜਾ ਸਕਦਾ ਹੈ ਕਿ ਭਾਰਤ ਦੀ ਮੌਜੂਦਾ ਭੁੱਖ ਤੇ ਕੰਗਾਲੀ ਦਾ ਵਡਾ ਕਾਰਨ ਇਹ ਹੋ ਰਿਹਾ ਹੈ ਜੋ ਪੰਜਾਬੀਆਂ ਨੂੰ ਅਨਾਜ ਪੈਦਾ ਕਰ ਕੇ ਦੇਸ਼ ਖੁਸ਼ਹਾਲ ਕਰਨ ਨੂੰ ਰੋਕਾਂ ਪਾਈਆਂ ਜਾਂਦੀਆਂ ਹਨ। ਇਹ ਰੋਕਾਂ ਪਾਣ ਦੀ ਕਿਸੇ ਨੂੰ ਤਾਕਤ ਨਹੀਂ ਹੋਣੀ ਚਾਹੀਦੀ, ਇਸ ਲਈ ਭਾਰਤ ਦੀ ਰਾਜਨੀਤੀ ਅੰਦਰ ਪੰਜਾਬੀ ਦੀ ਅੱਵਲ ਪੋਜੀਸ਼ਨ ਕਰਨ ਦੀ ਲੋੜ ਹੈ, ਅਤੇ ਪੰਜਾਬੀ ਦੀ ਮੌਜੂਦਾ ਅਧੀਨਗੀ ਵਾਲੀ ਪੋਜ਼ੀ-ਸ਼ਨ ਦਾ ਦੇਸ਼ ਤੇ ਕੌਮ ਨੂੰ ਨੁਕਸਾਨ ਹੋ ਰਿਹਾ ਹੈ।

ਸੈਂਟਰ ਵਿਚ ਗੈਰ-ਪੰਜਾਬੀਆਂ ਦਾ ਰਾਜ ਹੈ। ਉਹਨਾਂ ਦੇ ਵੋਟਰ ਸੁਲਝੇ ਹੋਏ ਨਹੀਂ ਅਤੇ ਉਹ ਵੋਟਰ ਦੂਰ ਦੀ ਵੇਖ ਨਹੀਂ ਸਕਦੇ ਤੇ ਫੋਰੀ ਲਾਲਚ ਵਿਚ ਫਸ ਕੇ ਉਹ ਕੁਝ ਕਰ ਦੇਂਦੇ ਹਨ ਜੋ ਬਾਅਦ ਵਿਚ ਉਹਨਾਂ ਦਾ ਨੁਕਸਾਨ ਹੁੰਦਾ ਹੈ। ਉਹਨਾਂ ਨੂੰ, ਪੰਜਾਬੀ ਨੂੰ ਮਿਹਨਤ ਕਰਦਿਆਂ ਤੇ ਖੁਸ਼ਹਾਲ ਹੁੰਦਿਆਂ ਵੇਖ ਕੇ, ਪੰਜਾਬੀਆਂ ਦੇ ਖਿਲਾਫ ਈਰਖਾ ਨਹੀਂ ਕਰਨੀ ਚਾਹੀਦੀ ਸਗੋਂ ਪੰਜਾਬੀਆਂ ਦੀ ਮਿਸਾਲ ਨੂੰ ਸਾਹਮਣੇ ਰੱਖ ਕੇ ਆਪ ਭੀ ਪੰਜਾਬੀਆਂ ਵਾਂਗ ਹੀ ਮਿਹਨਤ ਕਰ ਕੇ ਖੁਸ਼-ਹਾਲ ਹੋਵਣ ਦਾ ਯਤਨ ਕਰਨਾ ਚਾਹੀਦਾ ਹੈ—ਇਹ ਰੁਝਾਨ ਉਹਨਾਂ ਲੋਕਾਂ ਵਿਚ ਪੈਦਾ ਕਰਨ ਦੀ ਲੋੜ ਹੈ,

ਪਰ ਇਹ ਹੋ ਨਹੀਂ ਰਿਹਾ। ਸਗੋਂ ਉਹਨਾਂ ਨੂੰ ਆਰਜ਼ੀ ਸਮੇਂ ਦੇ ਲਾਲਚ ਦੇ ਕੇ ਮਤ ਮਾਰ ਕੇ ਰਾਜ ਕੀਤਾ ਜਾ ਰਿਹਾ ਹੈ। ਇਹ ਰਾਜ ਦਾ ਲਾਲਚ ਕਰਦਿਆਂ ਤੇ ਆਪਣੇ ਵੋਟਰਾਂ ਨੂੰ ਬੁਧੂ ਬਣਾਵਣ ਲਈ ਸੈਂਟਰ ਸਰਕਾਰ ਪੰਜਾਬ ਦੇ ਖਿਲਾਫ ਧਕੇ ਕਰੀ ਜਾ ਰਹੀ ਹੈ, ਜਿਸ ਦਾ ਨਤੀਜਾ ਦੇਸ਼ ਦੀ ਮੌਜੂਦਾ ਭੁਖ ਤੇ ਨੰਗ ਹੈ।

ਸੈਂਟਰ ਸਰਕਾਰ ਨੇ ਪੰਜਾਬ ਦੇ ਡੈਮਾਂ ਦਾ ਪਾਣੀ ਤੇ ਬਿਜਲੀ ਪੰਜਾਬ ਪਾਸੋਂ ਖੋਹ ਕੇ ਹੋਰਨਾਂ ਸੂਬਿਆਂ ਨੂੰ ਵੰਡ ਦਿਤੀ ਹੈ ਜਿਸ ਕਰ ਕੇ ਇਨ੍ਹਾਂ ਦੀ ਪੰਜਾਬ ਨੂੰ ਕਿਲਤ ਹੈ। ਇਹ ਕਿੱਲਤ ਦੂਰ ਕਰ ਕੇ ਪੰਜਾਬ ਨੂੰ ਖੁਸ਼ਹਾਲ ਕਰਨ ਵਾਸਤੇ ਪੰਜਾਬ ਸਰਕਾਰ ਨੇ ਪੰਜਾਬ ਅੰਦਰ ਥੀਅਨ ਪ੍ਰਾਜੈਕਟ ਤੇ ਹੋਰ ਬਿਜਲੀ ਦੇ ਕਾਰਖਾਨੇ ਲਾਣਾ ਚਾਹੁੰਦੀ ਹੈ ਪਰ ਸੈਂਟਰ ਸਰਕਾਰ ਨੇ ਰੋਕ ਰਖੇ ਹਨ। ਸੈਂਟਰ ਸਰਕਾਰ ਆਪਣੇ ਪਾਸੋਂ ਰੁਪਿਆ ਖਰਚ ਕੇ ਹੋਰਨਾਂ ਸੂਬਿਆਂ ਲਈ ਡੈਮ ਤੇ ਬਿਜਲੀ ਘਰ ਉਸਾਰਦੀ ਹੈ, ਪਰ ਇਸ ਦੇ ਉਲਟ ਪੰਜਾਬ ਸਰਕਾਰ ਆਪਣ ਪਾਸੋਂ ਸਾਰਾ ਖਰਚ ਕਰ ਕੇ ਥੀਅਨ ਪ੍ਰਾਜੈਕਟ ਤੇ ਬਿਜਲੀ ਦੇ ਕਾਰਖਾਨੇ ਲਾਣ ਦੀ ਖਾਹਸ਼ ਕਰਦੀ ਹੈ ਉਹ ਸੈਂਟਰ ਸਰਕਾਰ ਰੋਕ ਦੇਂਦੀ ਹੈ—ਇਹ ਕਿਉਂ ਹੋ ਰਿਹਾ ਹੈ ਜਦ ਕਿ ਇਸ ਦਾ ਹੋਰ ਕਿਸੇ ਸੂਬੇ ਨੂੰ ਕੋਈ ਨੁਕਸਾਨ ਨਹੀਂ।

ਪੰਜਾਬ ਅੰਦਰ 'ਹਿੰਦੀ ਤੇ ਪੰਜਾਬੀ' ਦੇ ਸਵਾਲ ਤੇ ਹਿੰਦੂ ਅਤੇ ਸਿਖਾਂ ਵਿਚਕਾਰ ਝਗੜਾ ਹੈ। ਇਸ ਝਗੜੇ ਦੀ ਅਗ ਜਦ ਕੁਝ ਠੰਡੀ ਹੁੰਦੀ ਹੈ, ਕਾਂਗਰਸ ਹੋਰ ਤੇਲ ਪਾ ਕੇ ਅੱਗ ਭੜਕਾ ਦੇਂਦੀ ਹੈ—ਇਸ ਤੋਂ ਇਹੋ ਜਾਪਦਾ ਹੈ ਕਿ ਜਦ ਤਕ ਕਾਂਗਰਸ ਦੀ ਤਾਕਤ ਹੈ ਪੰਜਾਬ ਅੰਦਰ ਹਿੰਦੂਆਂ ਤੇ ਸਿਖਾਂ ਵਿਚਕਾਰ ਅਮਨ ਹੋ ਹੀ ਨਹੀਂ ਸਕਦਾ। ਹਿੰਦੂ ਤੇ ਸਿਖ ਦੋਵੇਂ ਭਰਾ ਹਨ ਅਤੇ ਇਨ੍ਹਾਂ ਦੋਹਾਂ ਭਰਾਵਾਂ ਨੂੰ ਜ਼ਬਾਨ ਦਾ ਝਗੜਾ ਇਕ ਦੂਸਰੇ ਤੋਂ ਦੂਰ ਕਰੀ ਜਾ ਰਿਹਾ ਹੈ ਜੋ ਅਫਸੋਸਨਾਕ ਗੱਲ ਹੈ। ਇਹ ਝਗੜਾ, ਮੌਜੂਦਾ ਉਖੜੇ ਹੋਏ ਹਾਲਤ ਅੰਦਰ ਖਾਸ ਕਰ ਕੇ ਬਹੁਤ ਬੁਰਾ ਹੈ। ਸੋ ਇਹ ਝਟ ਨਿਪਟਾਵਨ ਦੀ ਲੋੜ ਹੈ।

ਪੰਜਾਬ ਤੋਂ ਬਾਹਰ ਤੇ ਹਿੰਦੀ ਬੋਲਦੇ ਸੂਬੇ— ਹਰਿਆਣਾ, ਯੂ. ਪੀ., ਹਿਮਾਚਲ ਪ੍ਰਦੇਸ਼ ਅਤੇ ਰਾਜਿਸਥਾਨ ਆਦਿ – ਅੰਦਰ ਪੰਜਾਬੀ ਭਾਵੇਂ, ਹਿੰਦੂ ਹੈ ਯਾ ਸਿਖ, ਸਭ ਦੇ ਖਿਲਾਫ ਇਕੋ ਜਿਹਾ ਧੱਕਾ ਹੁੰਦਾ ਹੈ ਅਤੇ ਇਸ ਗੱਲ ਦਾ ਕੋਈ ਲਿਹਾਜ਼ ਨਹੀਂ ਹੁੰਦਾ ਕਿ ਕਿਸੇ ਨੇ ਪੰਜਾਬੀ ਦਾ ਤਿਆਗ ਕਰ ਕੇ ਹਿੰਦੀ ਨੂੰ ਅਪਨਾਇਆ ਹੈ। ਇਸ ਕਰ ਕੇ ਪੰਜਾਬ ਤੋਂ ਬਾਹਰ (ਸਵਾਏ ਦਿਲੀ ਦੇ ਜਿਸ ਦੇ ਹਾਲਾਤ ਵੱਖਰੇ ਹਨ) ਪੰਜਾਬੀ ਹਿੰਦੂ ਤੇ ਸਿਖ ਇਕੱਠੇ ਹਨ, ਪਰ ਉਹਨਾਂ ਦੇ ਸਾਕ ਸੰਗ ਪੰਜਾਬ ਅੰਦਰ ਦੂਰ ਦੂਰ ਹੋ ਰਹੇ ਹਨ – ਇਹ ਸਭ ਕਾਂਗਰਸ ਦੀ ਨੀਤੀ ਦਾ ਨਤੀਜਾ ਹੈ। ਹਿੰਦੂਆਂ ਤੇ ਸਿਖਾਂ ਨੂੰ ਦੂਰ ਦੂਰ ਕਰ ਕੇ ਅਤੇ ਇਕ ਨੂੰ ਦੂਜੇ ਦੇ ਖਿਲਾਫ ਭੜਕਾ ਕੇ ਰਾਜ ਕਰ ਸਕਦੀ ਹੈ ਅਤੇ ਇਹ ਕਾਂਗਰਸ ਕਰ ਰਹੀ ਹੈ। ਪੰਜਾਬ ਅੰਦਰ ਹਿੰਦੂ ਤੇ ਸਿਖ ਇਕਠੇ ਹੁੰਦਿਆਂ ਹੀ ਕਾਂਗਰਸ ਮੁਕਦੀ ਹੈ ਅਤੇ ਇਸ ਕਰ ਕੇ ਆਪਣੀ ਜ਼ਿੰਦਗੀ ਨੂੰ ਕਾਇਮ ਰਖਣ ਵਾਸਤੇ ਕਾਂਗਰਸ ਨੇ ਹਿੰਦੂ ਤੇ ਸਿਖਾਂ ਦੀ ਫੁਟ ਨੂੰ ਤਿਖਾ ਰਖਣਾ ਹੀ ਹੋਇਆ।

ਜ਼ਬਾਨਾਂ ਦੇ ਝਗੜੇ ਸਾਰੇ ਹਿੰਦੁਸਤਾਨ ਵਿਚ ਹਨ ਤੇ ਮੁਕਣੇ ਚਾਹੀਦੇ ਹਨ, ਪਰ ਪੰਜਾਬ ਅੰਦਰ ਇਹ ਝਗੜਾ ਛੇਤੀ ਖਤਮ ਕਰਨ ਦੀ ਖਾਸ ਲੋੜ ਹੈ: ਪੰਜਾਬ ਦੇ ਖਾਸ ਹਾਲਾਤ ਹਨ ਅਤੇ ਅਜਕਲ੍ਹ ਡਰਾਵਣੇ ਹਾਲਾਤ ਕਰ ਕੇ ਇਥੇ ਜ਼ਬਾਨ ਦਾ ਝਗੜਾ ਖਾਸ ਖਤਰਨਾਕ ਹੋ ਸਕਦਾ ਹੈ ਇਸ ਕਰ ਕੇ ਫੌਰੀ ਮਿਟਾਇਆ ਜਾਵੇ, ਅਤੇ ਹੋਰ ਦੇਰ ਕਰਨਾ ਉਚਿਤ ਨਹੀ। ਇਹ ਹੱਲ ਹੋਵੇ ਕਿਸ ਤਰ੍ਹਾਂ? ਦੋਹਾਂ ਪਾਸਿਆਂ ਦੇ ਜਜ਼ਬਾਤ ਇਤਨੇ ਤਿਖੇ ਹਨ ਕਿ ਕੋਈ ਯੋਗ ਹੱਲ ਹੋ ਨਹੀਂ ਰਿਹਾ। ਸਚਾਈ ਤੋਂ ਵਖਰਾ ਕੀਤਾ ਕੋਈ ਹੱਲ ਸਦੀਵੀ ਨਹੀਂ ਰਹਿ ਸਕਦਾ ਅਤੇ ਮੁੜ ਟੁਟ ਕੇ ਨੁਕਸਾਨ ਕਰਦਾ ਹੈ। ਇਸ ਕਰ ਕੇ ਇਸ ਜ਼ਬਾਨ ਦਾ ਝਗੜਾ ਨਿਪਟਾਵਨ ਲਈ ਕੋਈ ਅਸੂਲ ਅਪਨਾਇਆ ਜਾਵੇ ਜੋ ਭਾਰਤ ਤੋਂ ਬਾਹਰ ਹੋਰ ਕਿਸੇ ਦੇਸ ਨੇ ਅਪਨਾਇਆ ਅਤੇ ਕਾਮਯਾਬ ਹੋਇਆ। ਸੋ ਮੈਂ ਕਹਿੰਦਾ ਹਾਂ ਕਿ, ਜ਼ਬਾਨ ਦੇ ਝਗੜੇ, ਨਸਲ ਦੇ ਝਗੜੇ ਅਤੇ ਫਿਰਕੇ ਆਦਿ ਦੇ ਸਭ ਝਗੜੇ ਨਿਪਟਾਵਣ ਲਈ ਉਹ ਤਰੀਕੇ ਅਪਨਾਏ ਜਾਣ ਜੋ ਸਵਿਟਜ਼ਰਲੈਂਡ ਦੇਸ਼ ਅਪਣਾਣ ਕਰ ਕੇ ਕਾਮਯਾਬ ਹੈ।

ਮਾਸਟਰ ਤਾਰਾ ਸਿੰਘ ਜੀ ਨੇ ਇਹ ਮਸਲਾ ਹੱਲ ਕਰਨ ਦਾ ਇਹ ਤਰੀਕਾ ਤਜਵੀਜ਼ ਕੀਤਾ ਸੀ:

"ਅਜਿਹੀ ਰਾਜ-ਬਣਤਰ ਬਣਾ ਲਈ ਜਾਵੇ ਜਿਸ ਵਿਚ ਕੋਈ ਕੌਮ ਕਿਸੇ ਦੂਜੀ ਕੌਮ ਦੀ ਪੱਕੀ

ਮਾਤਹਿਤੀ ਵਿਚ ਨਾ ਫਸੇ। ਸੈਂਟਰ ਵਿਚ ਹਿੰਦੂ ਬਹੁ-ਸੰਮਤੀ ਨਾ ਰਹੇ ਤੇ ਪੰਜਾਬ ਵਿਚ ਮੁਸਲਮ ਬਹੁ-ਸੰਮਤੀ ਨਾ ਰਹੇ। ਸਵਿਟਜ਼ਰਲੈਂਡ ਦੀ ਰਾਜ-ਬਣਤਰ ਨੂੰ ਮੁਖ ਰਖ ਕੇ ਪ੍ਰਬੰਧ ਕੀਤਾ ਜਾਵੇ। ਹੋਰ ਸੂਬਿਆਂ ਵਿਚ ਭੀ ਅਜਿਹਾ ਪ੍ਰਬੰਧ ਕੀਤਾ ਜਾ ਸਕਦਾ ਹੈ ਜਿਸ ਨਾਲ ਕਿਸੇ ਥਾਂ ਭੀ ਕਿਸੇ ਇਕ ਕੌਮ ਦਾ ਰਾਜ ਨਾਹ ਹੋਵੇ ... ...। ਆਖਰ ਮੈਂ ਫਿਰ ਦੁਹਰਾਂਦਾ ਹਾਂ ਕਿ ਸਾਡੇ ਦੇਸ਼ ਵਿਚ ਅੰਗਰੇਜ਼ੀ ਢੰਗ ਦਾ ਪੰਚੈਤੀ ਰਾਜ ਨਹੀਂ ਚਲੇਗਾ। ਇਥੇ ਤਾਂ ਸਵਿਟਜ਼ਰਲੈਂਡ ਦੇ ਢੰਗ ਜਾਂ ਖਾਸ ਹਿੰਦੁਸਤਾਨ ਲਈ ਨਵੇਂ ਬਣੇ ਢੰਗ ਦਾ ਪੰਚੈਤੀ ਰਾਜ ਚਲ ਸਕਦਾ ਹੈ।

ਬਟਵਾਰੇ ਦੇ ਮਗਰੋਂ ਹੁੰਦੀਆਂ ਆ ਰਹੀਆਂ ਘਟਨਾਵਾਂ ਇਸ ਗਲ ਦਾ ਸਬੂਤ ਹਨ ਕਿ ਮਾਸਟਰ ਤਾਰਾ ਸਿੰਘ ਜੀ ਦੀ ਉਕਤ ਕੀਤੀ ਤਜਵੀਜ਼ ਠੀਕ ਸੀ ਅਤੇ ਇਹ ਤਜਵੀਜ਼ ਹੁਣ ਦੇ ਹਾਲਾਤ ਲਈ ਤੇ ਮੌਜੂਦਾ ਭਾਰਤ ਲਈ ਭੀ ਠੀਕ ਹੈ। ਅਸਾਂ ਦੇ 'ਅੰਗਰੇਜ਼ੀ ਢੰਗ ਦਾ ਪੰਚੈਤੀ ਰਾਜ' ਮਾਫਕ ਨਹੀਂ ਬੈਠਾ ਤੇ ਅਸਾਂ ਨੂੰ ਸਵਿਟਜ਼ਰਲੈਂਡ ਦੇ ਰਾਜ ਦੀ ਨਕਲ ਕਰਨੀ ਚਾਹੀਦੀ ਹੈ। ਸਵਿਟਜ਼ਰਲੈਂਡ ਦੇ ਢੰਗ ਦਾ ਰਾਜ ਕਰਨ ਤੋਂ ਅਸਾਂ ਨੂੰ ਕੀ ਫਾਇਦਾ ਹੋ ਸਕਦਾ ਦਸਣ ਲਈ ਅਸੀਂ ਪੰਜਾਬ ਟੈਕਸ-ਬੁਕ ਬੋਰਡ ਦੀ ਛਪੀ ਪੁਸਤਕ 'ਸਵਿਟਜ਼ਰਲੈਂਡ ਦਾ ਸੰਵਿਧਾਨ' ਵਿਚ ਦਿਤੀ ਵਾਕਫੀ ਤੁਸਾਂ ਦੇ ਨੋਟਿਸ ਵਿਚ ਲਿਆਉਂਦਾ ਹਾਂ :

"ਉਥੇ (ਸਵਿਟਜ਼ਰਲੈਂਡ ਦੇਸ਼ ਅੰਦਰ) ਸੁਤੰਤਰਤਾਵਾਂ ਭਾਸ਼ਾਈ, ਧਾਰਮਕ, ਰਾਜਨੀਤਕ ਅਤੇ ਸਮਾਜਕ ਅਧਾਰ ਤੇ ਬਣੇ ਘਟ-ਗਿਣਤੀ ਵਰਗਾਂ ਨੂੰ ਬਹੁਮਤ ਦੀ ਤਾਨਾਸ਼ਾਹੀ ਤੋਂ ਬਚਾਉਂਦੀਆਂ ਹਨ ਅਤੇ ਨਾਲ ਹੀ ਮਨੁਖ ਦੀ ਸ਼ਖਸੀਅਤ ਨੂੰ ਇਕਾਂਤ ਦਾ ਵਾਤਾਵਰਣ ਬਖ਼ਸ਼ਦੀਆਂ ਹਨ। ਇਹ ਅਜਿਹੇ ਅਸਥਾਨ ਹਨ ਜਿਥੇ ਬਹੁ-ਗਿਣਤੀ ਦੀ ਸਰਕਾਰ ਨਹੀਂ ਚਲਦੀ।' ਇਸ ਤੋਂ "ਸਵਿਟਜ਼ਰਲੈਂਡ ਵਿਚ ਧਰਮਾਂ ਦੀ ਅਨੇਕਤਾ, ਬੋਲੀਆਂ ਅਤੇ ਨਸਲਾਂ ਦੀ ਬਹੁਲਤਾ ਅਤੇ ਕੰਮ-ਕਾਰਾਂ ਦੀ ਵਿਵਧਤਾ ਦੇ ਬਾਵਜੂਦ ਵੀ ਉਥੋਂ ਦੇ ਲੋਕਾਂ ਦੀ ਕੌਮੀ ਏਕਤਾ ਤੇ ਇਕਸਾਰਤਾ ਜ਼ੋਰਾਂ ਤੇ ਹੈ। ਯੂਰਪ ਵਿਚ ਕੋਈ ਅਜਿਹਾ ਦੇਸ ਜਾਂ ਕੌਮ ਨਹੀਂ ਜਿਸ ਵਿਚ ਸਵਿਸ ਲੋਕਾਂ ਵਾਂਗ ਦੇਸ਼ ਪਿਆਰ ਅਤੇ ਕੁਰਬਾਨੀ ਦਾ ਜਜ਼ਬਾ ਇੰਨੀ ਮਜ਼ਬੂਤੀ ਨਾਲ ਜਲਵਾ ਦੇ ਰਿਹਾ ਹੋਵੇ। ਇਸ ਦਾ ਅਸਰ ਇਹ ਹੈ : "ਆਰਥਿਕ ਦ੍ਰਿਸ਼ਟੀਕੋਣ ਤੋਂ ਸਵਿਟਜ਼ਰਲੈਂਡ ਇਕ ਛੋਟਾ ਤੇ ਗਰੀਬ ਪਰ ਅਮੀਰ ਲੋਕਾਂ ਦਾ ਦੇਸ਼ ਹੈ। ਜਿਸ ਦੇ ਮੁਕਾਬਲੇ ਵਿਚ ਭਾਰਤ ਇਕ ਬਹੁਤ ਵਿਸ਼ਾਲ, ਬੜੇ ਸਾਧਨਾਂ ਵਾਲਾ, ਦੌਲਤ ਨਾਲ ਭਰਪੂਰ ' ਪਰੰਤੂ ਗਰੀਬ ਤੇ ਅਨਾਥਾਂ ਦਾ ਦੇਸ਼ ਹੈ।

ਭਾਰਤ ਅੰਦਰ ਅੰਗਰੇਜ਼ੀ ਢੰਗ ਦਾ ਪੰਚੈਤੀ ਰਾਜ ਕਾਮਯਾਬ ਨਹੀਂ ਤੇ ਨੁਕਸਾਨ ਕਰੀ ਜਾ ਰਿਹਾ ਹੈ। ਅਸਾਂ ਦੇ ਹਾਲਾਤ ਸਵਿਟਜ਼ਰਲੈਂਡ ਦੇ ਹਾਲਾਤ ਨਾਲ ਮੇਲ ਖਾਂਦੇ ਹਨ, ਇਸ ਕਰ ਕੇ ਅਸਾਂ ਨੂੰ ਆਪਣਾ ਵਿਧਾਨ ਬਦਲ ਕੇ ਸਵਿਟਜ਼ਰਲੈਂਡ ਦੇਸ਼ ਦੇ ਢੰਗ ਦਾ ਕਰਨਾ ਚਾਹੀਦਾ ਹੈ।

(੨)

ਪੰਜਾਬ ਦਾ ਇਕ ਹਿਸਾ ਵਖ ਕਰ ਕੇ ਹਰਿਆਣਾ ਪ੍ਰਾਂਤ ਬਣਿਆ। ਇਸ ਹਰਿਆਣਾ ਪ੍ਰਾਂਤ ਵਿਚ ਲੱਖਾਂ ਪੰਜਾਬੀ ਸਿਖ ਵਸਦੇ ਹਨ ਅਤੇ ਤੇਮਲ ਜ਼ਬਾਨ ਬੋਲਣ ਵਾਲਾ ਉਥੇ ਕੋਈ ਆਦਮੀ ਨਹੀਂ। ਇਹ ਹਿੰਦੀ ਬੋਲਣ ਵਾਲਾ ਇਲਾਕਾ ਹੈ ਤੇ ਹਿੰਦੀ ਦੇ ਨਾਲ ਦੂਜੀ ਭਾਰਤੀ ਜ਼ਬਾਨ ਪੰਜਾਬੀ ਪੜ੍ਹਾਈ ਜਾਂਦੀ ਸੀ। ਇਸ ਹਰਿਆਣਾ ਪ੍ਰਾਂਤ ਉਤੇ ਕਾਂਗਰਸ ਪਾਰਟੀ ਦਾ ਰਾਜ ਹੈ ਅਤੇ ਚੌਧਰੀ ਬੰਸੀ ਲਾਲ ਜੀ ਇਸ ਦੇ ਮੁਖ ਮੰਤਰੀ ਹਨ। ਇਸ ਹਰਿਆਣੇ ਦੀ ਕਾਂਗਰਸ ਸਰਕਾਰ ਨੇ ਇਥੋਂ ਦੇ ਸਰਕਾਰੀ ਸਕੂਲਾਂ ਵਿਚੋਂ ਪੰਜਾਬੀ ਦੀ ਪੜ੍ਹਾਈ ਬੰਦ ਕਰ ਦਿਤੀ ਹੈ ਅਤੇ ਪੰਜਾਬੀ ਦੇ ਥਾਂ ਦੂਜੀ ਭਾਰਤੀ ਜ਼ਬਾਨ ਤੇਮਲ ਕਰ ਦਿਤੀ ਹੈ, ਹਾਲਾਂ ਕਿ ਉਥੇ 'ਤੇਮਲ' ਬੋਲਣ ਸਮਝਣ ਵਾਲਾ ਕੋਈ ਨਹੀਂ। ਇੰਜ ਕਰ ਕੇ ਹਰਿਆਣਾ ਦੀ ਕਾਂਗਰਸ ਸਰਕਾਰ ਨੇ ਇਕ ਤਰ੍ਹਾਂ ਪੰਜਾਬੀ ਦੇ ਖਿਲਾਫ ਦੁਸ਼ਮਣੀ ਦਾ ਐਲਾਨ ਕਰ ਰੱਖਿਆ ਹੈ। ਦੂਜੇ ਹਰਿਆਣਾ ਦੀ ਕਾਂਗਰਸ ਸਰਕਾਰ ਨੇ ਉਥੇ ਮੌਜੂਦ ਕਿਸੇ ਸਿਖ ਗੁਰਦੁਆਰੇ ਪਾਸ ਜੋ ਅਠਾਰ੍ਹਾਂ ਏਕੜ ਤੋਂ ਵਧ ਜ਼ਮੀਨ ਹੈ, ਉਹ ਖੋਹ ਕੇ ਵੰਡ ਦੇਣ ਦਾ ਫੈਸਲਾ ਕੀਤਾ ਹੈ ਅਤੇ ਮੁਕਾਬਲੇ ਵਿਚ ਹਿੰਦੂ ਗਊ-ਸ਼ਾਲਾਂ ਨੂੰ ਸੈਂਕੜੇ ਏਕੜ ਜ਼ਮੀਨ ਰੱਖਣ ਦੀ ਖੁਲ੍ਹ ਦੇ ਰੱਖੀ ਹੈ, ਇਹ ਹੈ ਸਿਖਾਂ ਦੇ ਗੁਰਦੁਆਰਿਆਂ ਦੇ ਖਿਲਾਫ ਕਮੀਨਾ ਵਿਤਕਰਾ। ਇਹ ਪੰਜਾਬੀ ਜ਼ਬਾਨ ਤੇ ਸਿਖ ਗੁਰਦੁਆਰਿਆਂ ਦੇ ਖਿਲਾਫ ਵਿਤਕਰਾ ਤੇ ਧੱਕਾ ਹੁੰਦਿਆਂ ਕੋਈ ਗ਼ੈਰਤ

ਰੱਖਣ ਵਾਲਾ ਸਿਖ ਕਾਂਗਰਸ ਦੇ ਨਾਲ ਨਹੀਂ ਹੋ ਸਕਦਾ। ਇਸ ਕਰ ਕੇ ਕਾਂਗਰਸ ਹਾਈ ਕਮਾਂਡ ਨੂੰ ਅਪੀਲ ਕਰਦਾ ਹਾਂ ਕਿ ਪੰਜਾਬੀ ਤੇ ਹਿੰਦੂ ਗਊਸ਼ਾਲਾ ਦੇ ਮੁਕਾਬਲੇ, ਸਿਖ ਗੁਰਦੁਆਰਿਆਂ ਦੇ ਖਿਲਾਫ ਵਿਤਕਰਾ ਕਰ ਕੇ ਸਿਖਾਂ ਦੇ ਮਨਾਂ ਨੂੰ ਭਾਰਤ ਤੋਂ ਨਰਾਜ਼ ਕਰਨ ਵਾਲੇ ਚੌਧਰੀ ਬੰਸੀ ਲਾਲ ਨੂੰ ਮੁਖ ਮੰਤਰੀ ਤੋਂ ਫੌਰਨ ਹਟਾ ਦੇਵੇ; ਚੌਧਰੀ ਬੰਸੀ ਲਾਲ ਦੀ ਮੌਜੂਦਗੀ ਤੋਂ ਸਿਖਾਂ ਦਾ ਕਾਂਗਰਸ ਤੋਂ, ਦੇਸ਼ ਤੋਂ ਦੂਰ ਧਕੇ ਜਾਵਣ ਦਾ ਡਰ ਹੈ ਜੋ ਬੁਰੀ ਗੱਲ ਹੈ। ਮੈਂ ਕਹਿੰਦਾ ਹਾਂ: ਪਾਕਿਸਤਾਨ ਭਾਰਤ ਦੇ ਖ਼ਿਲਾਫ ਲੱਖ ਪ੍ਰਚਾਰ ਕਰ ਕੇ ਸਿਖਾਂ ਦੇ ਦਿਲਾਂ ਨੂੰ ਅੰਦਰ ਭਾਰਤ ਦੇ ਖਿਲਾਫ ਕਰੇ, ਉਹ ਨਫਰਤ ਪੈਦਾ ਨਹੀਂ ਕਰ ਸਕਦਾ ਜੋ ਹਰਿਆਨਾ ਦੇ ਮੁਖ ਮੰਤਰੀ ਚੌਧਰੀ ਬੰਸੀ ਲਾਲ ਜੀ ਦੀ ਮੌਜੂਦਗੀ ਤੇ ਉਸ ਦੀਆਂ ਕੋਝੀਆਂ ਹਰਕਤਾਂ ਤੋਂ ਹੋ ਰਹੀ ਹੈ; ਇਸ ਕਰ ਕੇ ਚੌਧਰੀ ਬੰਸੀ ਲਾਲ ਨੂੰ ਮੁਖ ਮੰਤਰੀ ਰੱਖ ਕੇ ਕਾਂਗਰਸ ਇਕ ਤਰ੍ਹਾਂ ਦੇਸ਼ ਤੇ ਕੌਮ ਦੇ ਖਿਲਾਫ ਖ਼ਤਰਨਾਕ ਧਰੋਹ ਕਰੀ ਜਾ ਰਹੀ ਹੈ।

ਰੀਵੀਊ—

ਮੇਰਾ ਘਰ

ਲੇਖਕ ਤੇ ਪ੍ਰਕਾਸ਼ਕ—ਡਾਕਟਰ ਜਗਜੀਤ ਸਿੰਘ ਤਰਨ ਤਾਰਨ: ਸਫੇ ੪੦ ਵਡੇ: ਮੁਲ ੧-੫੦: ਮਿਲਣ ਦਾ ਪਤਾ-ਭਾਈ ਮੋਹਣ ਸਿੰਘ ਵੈਦ ਐਂਡ ਸਨਜ਼, ਤਰਨ ਤਾਰਨ (ਪੰਜਾਬ)

੧੨ ਅਕਤੂਬਰ ੧੯੭੨ ਨੂੰ 'ਨਵੇਂ ਪੜ੍ਹੇ ਲਿਖਿਆਂ ਲਈ ਪੁਸਤਕਾਂ' ਦੇ ੧੬ ਵੇਂ ਮੁਕਾਬਲੇ ਵਿਚ ਭਾਰਤੀ ਭਾਸ਼ਾਵਾਂ ਦੀਆਂ ੨੭ ਪੁਸਤਕਾਂ ਨੂੰ ਭਾਰਤ ਸਰਕਾਰ ਨੇ ਹਜ਼ਾਰ ਹਜ਼ਾਰ ਰੁਪੈ ਇਨਾਮ ਦਿਤੇ। ਇਹ ਪੁਸਤਕ ਉਹਨਾਂ ਵਿਚੋਂ ਇਕ ਹੈ।

ਸੁਯੋਗ ਲਿਖਾਰੀ ਨੇ ਬੜੀ ਸੌਖੀ ਤੇ ਰੋਚਕ ਜ਼ੁਬਾਨਦਾਨੀ ਵਿਚ ਸਾਡੇ ਸਰੀਰ ਨੂੰ ਸਾਡੇ ਘਰ ਦੀ ਉਪਮਾ ਦਿਤੀ ਹੈ ਤੇ ਇਸ ਨੂੰ ਸਾਫ ਸੁਥਰਾ ਤੇ ਅਰੋਗ ਰਖਣ ਦੀ ਮਹਤਤਾ ਦਰਸਾਂਦਿਆਂ ਬਹੁਤ ਜ਼ਰੂਰੀ ਵਾਕਫੀ ਤੇ ਲੁੜੀਂਦੇ ਉਪਾ ਦਸੇ ਹਨ। ਮਕਾਨ ਤੇ ਸਰੀਰ ਦੇ ਦ੍ਰਿਸ਼ਟਾਂਤ ਨੂੰ ਐਸੇ ਦਿਲਚਸਪ ਢਗ ਨਾਲ ਨਿਬਾਹਿਆ ਹੈ ਕਿ ਸਰੀਰ-ਵਿਗਯਾਨ ਦੇ ਤੱਤਾਂ ਨੂੰ ਆਮ ਲੋਕਾਂ ਲਈ ਭੀ ਬੜਾ ਰੋਚਕ ਅਧਿਐਨ ਬਣਾ ਦਿਤਾ ਹੈ। ਹੱਡੀਆਂ, ਲਹੂ, ਦਿਲ, ਗੁਰਦਾ, ਦਮਾਗ਼, ਦੰਦ, ਅੱਖਾਂ, ਕੰਨ, ਖਲੜੀ ਤੇ ਹੋਰ ਵਡੇ ਛੋਟੇ ਅੰਗ ਸਾਡੇ ਲਈ ਕੀ ਕੀ ਕੰਮ ਕਰਦੇ ਹਨ ਤੇ ਇਨ੍ਹਾਂ ਨੂੰ ਨਰੋਏ ਤੌਰ ਤੇ ਕੰਮ ਕਰਦੇ ਰਖਣ ਲਈ ਕੀ ਕਰਨਾ ਚਾਹੀਦਾ ਹੈ, ਕਿਵੇਂ ਖਾਣਾ ਚਾਹੀਦਾ ਹੈ, ਕਿਵੇਂ ਆਰਾਮ ਕਰਨਾ ਚਾਹੀਦਾ ਹੈ, ਕਿਵੇਂ ਅੰਗਾਂ ਨੂੰ ਵਰਜਿਸ਼ ਦੇਣੀ ਚਾਹੀਦੀ ਹੈ, ਕਿਵੇਂ ਸੋਚਣਾ, ਕਿਵੇਂ ਦੂਜਿਆਂ ਨਾਲ ਵਰਤਣਾ ਚਾਹੀਦਾ ਹੈ ਇਸ ਪੁਸਤਕ ਵਿਚ ਬੜੇ ਦਲੀਲਭਰੇ ਵਿਗਯਾਨਕ ਢੰਗ ਨਾਲ ਅੰਕਿਤ ਕੀਤਾ ਗਿਆ ਹੈ. ਜੇ ਅਸੀਂ ਸਰੀਰ ਦੇ ਅੰਗਾਂ, ਉਨ੍ਹਾਂ ਦੇ ਕੰਮਾਂ, ਉਹਨਾਂ ਵਿਚ ਪੈਂਦੇ ਵਿਘਨਾਂ ਨੂੰ ਜਾਣਦੇ ਹੋਈਏ, ਤਾਂ ਜੀਵਨ ਦਾ ਕਿਤਨਾ ਸੁਆਦ ਆਵੇ। ਸਿਆਣੇ ਲਿਖਾਰੀ ਨੇ ਉਸ ਸੁਆਦ ਨਾਲ ਪ੍ਰੀਚਤ ਕਰਨ ਦੀ ਸਫਲ ਕੋਸ਼ਸ਼ ਕੀਤੀ ਹੈ।

ਆਮ ਲੋਕਾਂ ਵਾਸਤੇ ਡਾਕਟਰ ਸਾਹਿਬ ਨੇ ਹੋਰ ਪੁਸਤਕਾਂ ਭੀ ਲਿਖੀਆਂ ਹਨ; ਜਿਵੇਂ ਕਿ ਰੋਗਾਂ ਬਾਰੇ, ਬਾਲ ਸੰਭਾਲ ਆਦਿਕ। ਇਸ ਪੁਸਤਕ ਪੜ੍ਹਨ ਉਪਰੰਤ ਉਹ ਪੜ੍ਹਨ ਲਈ ਭੀ ਦਿਲ ਕਰੇਗਾ। ਕਿਸੇ ਪੁਸਤਕ ਦਾ ਇਕ ਵਡਾ ਗੁਣ ਇਹ ਹੁੰਦਾ ਹੈ ਕਿ ਉਹ ਹੋਰ ਪੜ੍ਹਨ-ਰੁਚੀ ਪੈਦਾ ਕਰੇ। ਸੋ ਇਹ ਕਰਦੀ ਹੈ।

ਮਾਸਟਰ ਜੀ ਦੀ ਜੀਵਨ ਕਹਾਣੀ

(੬੯)

ਮਾਸਟਰ ਜੀ ਦੀ ਜੀਵਨ ਕਹਾਣੀ ਪਿਛਲੇ ਛੇ ਸਾਲਾਂ ਤੋਂ ਕਿਸ਼ਤਵਾਰ ਲਿਖੀ ਜਾ ਰਹੀ ਹੈ ਤੇ ਇਸ ਵਿਚ ਘਟਨਾਵਾਂ ਦੇ ਪਿਛੋਕੜ ਵੀ ਖੋਲ੍ਹ ਕੇ ਲਿਖੇ ਜਾ ਰਹੇ ਹਨ, ਤਾਂ ਜੋ ਪਤਾ ਲਗੇ ਕਿ ਕਿਸ ਅਟੁਟ ਗੁਰੂ ਸ਼ਰਧਾ ਤੇ ਅਡੋਲ ਵਿਸ਼ਵਾਸ਼ ਨਾਲ ਮਾਸਟਰ ਜੀ ਨੇ ਸਮੱਸਿਆਵਾਂ ਦਾ ਮੁਕਾਬਲਾ ਕੀਤਾ ਤੇ ਕਿਸ ਸਿਆਣਪ ਨਾਲ ਪਥਕ ਮੁਸ਼ਕਿਲਾਂ ਹੱਲ ਕੀਤੀਆਂ। ਵਿਰਤਾਂਤ ਹੈ ਤਾਂ ਭਾਵੇਂ ਬਹੁਤ ਸੰਖੇਪ ਪਰ ਅਜਕਲ ਦੋਹਰਫ਼ੀ ਗੱਲ ਦਾ ਫ਼ੈਸ਼ਨ ਹੋਣ ਕਰ ਕੇ ਕਈ ਵੀਰ ਇਸ ਨੂੰ ਬਹੁਤ ਲੰਬਾ ਕਿੱਸਾ ਸਮਝਦੇ ਹਨ। ਪ੍ਰੰਤੂ ਜੀਵਨੀ ਲਿਖਣ ਦਾ ਮਤਲਬ ਜਿਥੇ ਇਹ ਹੈ ਕਿ ਮਾਸਟਰ ਜੀ ਦੇ ਸਰਵ-ਪੱਖੀ ਗੁਣਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਵੇ, ਉਥੇ ਇਹ ਵੀ ਹੈ ਕਿ ਅਜਕਲ ਦੇ ਪੰਥਕ ਆਗੂਆਂ ਨੂੰ ਇਸ ਵਾਰਤਾ ਵਿਚੋਂ ਰੌਸ਼ਨੀ ਭੀ ਮਿਲੇ। ਪੰਥ ਨੂੰ ਮਾਮਲੇ ਤਾਂ ਪੈਂਦੇ ਰਹਿਣੇ ਹੋਏ, ਬਿਨਾਂ ਡੋਲੇ ਸਿਦਕਦਿਲੀ ਨਾਲ ਕਿਵੇਂ ਇਨ੍ਹਾਂ ਵਿਚੋਂ ਨਿਕਲਣਾ ਚਾਹੀਦਾ ਹੈ, ਸਤਿਗੁਰੂ ਕਿਵੇਂ ਸਬੱਬ ਬਣਾਉਂਦੇ ਹਨ, ਰਾਹ ਕਢਦੇ ਹਨ, ਡੋਲਣਾ ਡਰਨਾ ਨਹੀਂ ਚਾਹੀਦਾ, ਐਸੀ ਬਿਰਤੀ ਆਗੂਆਂ ਦੀ ਤੇ ਜਨਤਾ ਦੀ ਦ੍ਰਿੜ੍ਹ ਕਰਨ ਲਈ ਜ਼ਰੂਰ ਵਿਸਥਾਰ ਦੀ ਤਾਂ ਲੋੜ ਹੁੰਦੀ ਹੈ। ਸੋ ਵਿਸਥਾਰ ਦੇਣ ਦੀ ਇਹ ਖਿਮਾਵਲੀ ਭੀ ਪਾਠਕਾਂ ਦੀ ਸੇਵਾ ਵਿਚ ਪੇਸ਼ ਹੈ।

ਮਾਸਟਰ ਤਾਰਾ ਸਿੰਘ ਜੀ ਦਾ ਜਨਮ ਰਾਵਲਪਿੰਡੀ ਜ਼ਿਲੇ ਦੇ ਇਕ ਪਿੰਡ ਹਰਿਆਲ ਵਿਚ ਮਲਹੋਤਰਾ ਖਾਨਦਾਨ ਦੇ ਬਖਸ਼ੀ ਗੋਪੀ ਚੰਦ ਦੇ ਘਰ ੨੪ ਜੂਨ ਸੰਨ ੧੮੮੫ ਨੂੰ ਹੋਇਆ। ਆਪ ਦਾ ਨਾਮ "ਨਾਨਕ ਚੰਦ" ਰੱਖਿਆ ਗਿਆ। ਬਚਪਨ ਵਿਚ ਆਪ ਸਰੀਰ ਦੇ ਤਕੜੇ ਤੇ ਬੁਧ ਦੇ ਤੀਖਣ ਸਨ। ਇਹ ਗੁਣ ਲੀਡਰ ਬਣਾਂਦੇ ਹਨ। ਆਪ ਆਪਣੀ ਹਿੰਮਤ ਤੇ ਸਿਰੜ ਨਾਲ ਨੌਵੀਂ ਜਮਾਤ ਵਿਚ ਸਿਖ ਬਣੇ। ਪੜ੍ਹਾਈ ਤੇ ਖੇਡਾਂ ਵਿਚ ਆਪ ਇਨਾਮ ਲੈਂਦੇ ਰਹੇ। ਸਕੂਲੋਂ ਨਿਕਲ, ਖਾਲਸਾ ਕਾਲਜ ਅੰਮ੍ਰਿਤਸਰ ਵਿਚ ਜਾ ਦਾਖਲ ਹੋਏ। ਇਥੋਂ ਬੀ. ਏ. ਪਾਸ ਕਰ ਕੇ ਟੀਚਰੀ ਦੀ ਟ੍ਰੇਨਿੰਗ ਲਈ। ਹਿਰਦੇ ਵਿਚ ਸੇਵਾ, ਤਿਆਗ ਤੇ ਸਿਖੀ ਦੀ ਲਗਨ ਸੀ। ਕੇਵਲ ਪੰਦਰਾਂ ਰੁਪੈ ਤੇ ਖਾਲਸਾ ਹਾਈ ਸਕੂਲ ਲਾਇਲਪੁਰ, ਜੋ ਉਦੋਂ ਹੀ ਹਾਈ ਸਕੂਲ ਬਣਿਆ ਸੀ, ਦੀ ਹੈਡ ਮਾਸਟਰੀ ਕਰਨੀ ਮਨਜ਼ੂਰ ਕੀਤੀ ਤੇ ਕੁਝ ਸਾਲਾਂ ਵਿਚ ਸਕੂਲ ਚਲਾ ਦਿਤਾ। ਚਲਾਇਆ ਹੀ ਨਾਂਹ, ਚੋਟੀ ਤੇ ਪਹੁੰਚਾ ਦਿਤਾ। ਫਿਰ ਹੋਰ ਕਈ ਖਾਲਸਾ ਹਾਈ ਸਕੂਲ ਚਲਾ ਕੇ ਪ੍ਰਵਾਨ ਚੜ੍ਹਾਏ। ਆਪਣੀ ਮਿਸਾਲ ਨਾਲ ਸੇਵਾ, ਘਾਲ ਕਮਾਈ, ਤਿਆਗ, ਪੰਥ ਸੇਵਾ ਦੀ ਲਾਗ ਹੋਰ ਟੀਚਰਾਂ ਨੂੰ ਭੀ ਲਾ ਦਿਤੀ। ਗਿਆਨੀ ਹੀਰਾ ਸਿੰਘ ਦਰਦ, ਗਿਆਨੀ ਗੁਰਮੁਖ ਸਿੰਘ ਮੁਸਾਫਰ ਇਸੇ ਲਗਨ ਸਦਕਾ ਪੰਥਕ ਤੇ ਫਿਰ ਪੁਲੀਟੀਕਲ ਜੀਵਨ ਵਿਚ ਉਹਨਾਂ ਨਾਲ ਸ਼ਾਮਲ ਹੋ ਕੇ ਉਚੇ ਉਠੇ। ਸਕੂਲ ਦੇ ਖੇਤਰ ਤੋਂ ਆਪ ਗੁਰਦੁਆਰਾ ਸੁਧਾਰ ਲਹਿਰ ਤੇ ਅਕਾਲੀ ਲਹਿਰ ਦੇ ਖੇਤਰ ਵਿਚ ਪੁਜੇ। ਉਥੇ ਪੰਥਕ-ਦਰਦ ਨੇ ਆਪ ਨੂੰ ਦੇਸ਼ ਦੇ ਪੁਲੀਟੀਕਲ ਮੈਦਾਨ ਵਿਚ ਲੈ ਆਂਦਾ ਤੇ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿਚ ਭਰਪੂਰ ਹਿਸਾ ਪਾਇਆ। ਵਿਸਥਾਰ ਪਿਛੇ ਆ ਚੁਕਾ ਹੈ। ਦੇਸ਼ ਨੂੰ ਆਜ਼ਾਦੀ ਮਿਲੀ ਤਾਂ ਦੁਖੜੇ ਜਰ ਕੇ ਸਿਖਾਂ ਨੂੰ ਹਿੰਦੁਸਤਾਨ ਵਿਚ ਆਉਣਾ ਪਿਆ। ਏਧਰ ਸਿਖਾਂ ਨਾਲ ਬੜਾ ਵਿਤਕਰਾ ਹੋਣ ਲਗਾ ਤਾਂ ਮਾਸਟਰ ਜੀ ਨੇ ਵੇਖਿਆ ਕਿ ਕਿਧਰੇ ਸਿਖਾਂ ਦਾ ਬਹੁਸੰਮਤੀ ਦਾ ਇਲਾਕਾ ਹੋਣਾ ਚਾਹੀਦਾ ਹੈ ਜਿਥੇ ਉਹਨਾਂ ਦੀ ਹੋਣੀ ਆਪਣੇ ਹਥ

ਹੋ ਸਕੇ । ਪਰ ਜ਼ਿੱਦੀ ਇਹ ੰਗ ਮੰਗਣੀ ਕਾਂਗਰਸ ਨੇ ਔਖੀ ਕਰ ਦਿਤੀ ਤੇ ਇਸ ਨੂੰ ਫਿਰਕੇਦਾਰੀ ਦਾ ਲੇਬਲ ਲਾ ਕੇ ਭੰਡਣਾ ਸ਼ੁਰੂ ਕਰ ਦਿਤਾ । ਸੋ ਇਸ ਪੰਥਕ ਲੋੜ ਨੂੰ ਨੈਸ਼ਨਲ ਰੂਪ ਵਿਚ ਪੇਸ਼ ਕਰਨਾ ਪਿਆ ਤੇ ਪੰਜਾਬੀ ਸੂਬੇ ਦੀ ਮੰਗ ਮੰਗਣੀ ਪਈ । ਉਸ ਨੈਸ਼ਨਲ ਮੰਗ ਵਿਚ ਭੀ ਬੜੀਆਂ ਅੜਚਣਾਂ ਪਾਈਆਂ ਗਈਆਂ ਤੇ ਸਿਖਾਂ ਨੂੰ ਆਜ਼ਾਦ ਸਰਕਾਰ ਹਥੋਂ ਭੀ ਬਹੁਤ ਤਸੀਹੇ ਸਹਿਣੇ ਪਏ ਜਿਨ੍ਹਾਂ ਦਾ ਵੇਰਵਾ ਪਿਛੇ ਆ ਚੁਕਾ ਹੈ । ੧੯੬੦ ਵਿਚ ਅਕਾਲੀ ਦਲ ਨੇ ਮਾਸਟਰ ਜੀ ਦੀ ਅਗਵਾਈ ਵਿਚ ਗੁਰਦੁਆਰਾ ਚੋਣਾਂ ਜਿੱਤ ਕੇ ਜ਼ਾਹਿਰ ਕਰ ਦਿਤਾ ਕਿ ਸਿਖ ਕੌਮ ਉਹਨਾਂ ਦੀ ਪੰਜਾਬੀ ਸੂਬੇ ਦੀ ਮੰਗ ਪਿਛੇ ਹੈ । ਪੰਜਾਬ ਦੇ ਕਾਂਗ੍ਰਸੀ ਮੁਖ ਮੰਤ੍ਰੀ ਸ: ਪ੍ਰਤਾਪ ਸਿੰਘ ਕੈਰੋਂ ਚੋਣਾਂ ਵਿਚੋਂ ਬੁਰੀ ਤਰ੍ਹਾਂ ਹਾਰਿਆ ਤਾਂ ਬਹੁਤ ਖਿਝ ਗਿਆ । ਚੋਣਾਂ ਜਿੱਤਣ ਪਿਛੋਂ ਮਾਸਟਰ ਜੀ ਨੇ ਭਾਸ਼ਾਈ ਸੂਬਿਆਂ ਤੇ ਹਿੰਦ ਭਰ ਦੇ ਹਾਮੀ ਲੀਡਰਾਂ ਦੀ ਇਕ ਕਾਨਫ੍ਰੰਸ ਅੰਮ੍ਰਿਤਸਰ ਕੀਤੀ ਤੇ ਪੰਜਾਬੀ ਸੂਬੇ ਦੀ ਮੰਗ ਨੂੰ ਦੁਹਰਾ ਕੇ ਪ੍ਰੋਗਰਾਮ ਬਣਾਇਆ ਕਿ ਉਹ ਇਹ ਮੰਗ ਇਕ ਪੁਰਅਮਨ ਤੇ ਖਾਮੋਸ਼ ਪਰ ਬੜਾ ਭਾਰੀ ਜਲੂਸ ਦਿਲੀ ਵਿਚ ਕਢ ਕੇ ਪੰਡਤ ਜਵਾਹਰ ਲਾਲ ਨਹਿਰੂ ਨੂੰ ਪੇਸ਼ ਕਰਨਗੇ । ਇਹ ਪ੍ਰੋਗਰਾਮ ਸ਼ੁਰੂ ਕਰਨ ਤੋਂ ਪਹਿਲਾਂ ਹੀ ਮਾਸਟਰ ਜੀ ਤੇ ਹੋਰ ਅਕਾਲੀ ਲੀਡਰਾਂ ਨੂੰ ਗ੍ਰਿਫਤਾਰ ਕਰਨਾ ਸ਼ੁਰੂ ਕਰ ਦਿਤਾ ਗਿਆ ਤੇ ੨੪ ਜੂਨ ੧੯੬੦ ਤੋਂ ਲੈ ਕੇ ਇਕ ਦੋ ਮਹੀਨਿਆਂ ਵਿਚ ਹੀ ੨੫ ਕੁ ਹਜ਼ਾਰ ਅਕਾਲੀ ਗ੍ਰਿਫਤਾਰ ਕਰ ਲਏ ਗਏ । ਇਉਂ ਸਿਖਾਂ ਦਾ ਲਕ ਤੋੜਨ ਦੀ ਕੋਸ਼ਸ਼ ਕੀਤੀ । ਪਰ ਅਕਾਲੀ ਦਲ ਸ੍ਰੀ ਦਰਬਾਰ ਸਾਹਿਬ ਤੋਂ ਦਿਲੀ ਜਾਣ ਲਈ ਜਥੇ ਭੇਜਦੇ ਰਹੇ ਤੇ ਕੈਰੋਂ ਸਰਦਾਰ ਦੇ ਦਾਹਵੇ, ਕਿ ਅਕਾਲੀ ਮੋਰਚਾ ਫੇਹਲ ਹੋ ਗਿਆ ਹੈ, ਝੂਠੇ ਪੈਂਦੇ ਰਹੇ, ਕਿਉਂਕਿ ਦੋ ਕੁ ਹੋਰ ਮਹੀਨਿਆਂ ਵਿਚ ੧੦-੧੫ ਕੁ ਹਜ਼ਾਰ ਅਕਾਲੀਆਂ ਨੇ ਹੋਰ ਗ੍ਰਿਫਤਾਰੀਆਂ ਦੇ ਦਿਤੀਆਂ ।

ਦੂਜੇ ਪਾਸਿਓਂ ਸਰਕਾਰ ਨੇ ਗਵਰਨਰ ਪਾਸੋਂ ਆਰਡੀਨੈਂਸ ਕਢਵਾ ਕੇ ਅਕਾਲੀ ਅੰਦੋਲਨ ਨਾਲ ਨਿਪਟਨ ਦੀ ਕੋਸ਼ਿਸ਼ ਕੀਤੀ । ਇਕ ਤਾਂ ਗੁਰਦੁਆਰਿਆਂ ਦੇ ਪ੍ਰਬੰਧਕਾਂ ਵਿਰੁਧ ਕਾਰਵਾਈ ਕਰਨ ਦਾ ਸੀ । ਜਿਹੜੇ ਗੁਰਦੁਆਰਿਆਂ ਵਿਚ ਸਤਿਆਗ੍ਰਹੀਆਂ ਨੂੰ ਪਨਾਹ ਦੇਣ ਦੇ ਸ਼ੱਕੀ ਹੋਣ, ਇਸ ਅਧੀਨ ਕੈਰੋਂ ਸਾਹਿਬ ਨੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕਤਰ, ਮੀਤ ਸਕਤਰਾਂ ਤੇ ਹੋਰ ਵਡੇ ਕਲਰਕਾਂ ਨੂੰ ਵੀ ਗ੍ਰਿਫਤਾਰ ਕਰ ਲਿਆ ਅਤੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਮੀਤ ਮੈਨੇਜਰਾਂ ਤੇ ਹੋਰ ਸਟਾਫ ਨੂੰ ਭੀ ਗ੍ਰਿਫਤਾਰ ਕਰ ਲਿਆ । ਇਉਂ ਕੋਸ਼ਿਸ਼ ਕੀਤੀ ਗਈ ਕਿ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਦਰਹਮ ਬਰਹਮ ਕਰ ਦਿਤਾ ਜਾਵੇ ।

ਦੂਜਾ ਆਰਡੀਨੈਂਸ ਪੰਥਕ ਰੋਜ਼ਾਨਾ ਤੇ ਸਪਤਾਹਕ ਅਖਬਾਰਾਂ ਅਤੇ ਰਸਾਲਿਆਂ ਵਿਰੁਧ ਪਾਸ ਕਰਾਇਆ ਗਿਆ ਜਿਸ ਦੇ ਅਧੀਨ ਮਾਸਟਰ ਜੀ ਅਤੇ ਉਹਨਾਂ ਦੇ ਪੱਖੀ ਅਖਬਾਰਾਂ ਦੇ ਐਡੀਟਰਾਂ ਤੇ ਪ੍ਰੈਸ ਵਰਕਰਾਂ ਤੇ ਹੋਰ ਸਟਾਫ ਨੂੰ ਭੀ ਗ੍ਰਿਫਤਾਰ ਕਰ ਲਿਆ ਗਿਆ । ਸੰਤ ਸਿਪਾਹੀ ਦੇ ਐਡੀਟਰ ਵਿਰੁਧ ਪੰਜਾਹ ਹਜ਼ਾਰ ਦੇ ਜ਼ਮਾਨਤੀ ਵਾਰੰਟ ਕਢ ਦਿਤੇ ਗਏ ਜੋ ਪੰਥਕ ਸੇਵਾ ਨੂੰ ਨਿਬਾਹੁਣ ਲਈ ਦਰਬਾਰ ਸਾਹਿਬ ਜਾਂ ਪੰਜਾਬੋਂ ਬਾਹਰ ਜਾ ਬੈਠੇ ਸਨ । ਇਨ੍ਹਾਂ ਦੇ ਘਰਾਂ ਦੀਆਂ ਕੁਰਕੀਆਂ ਕੀਤੀਆਂ ਗਈਆਂ ।

ਡੱਬਲ ਮੋਰਚਾ

ਸਿੰਘਾਂ ਵਿਚ ਇੰਨਾਂ ਜੋਸ਼ ਸੀ ਕਿ ਇਹ ਸਾਰੇ ਹਿੰਦੁਸਤਾਨ ਵਿਚ ਫੈਲ ਗਿਆ । ਮਾਸਟਰ ਜੀ ਦਾ ਪ੍ਰੋਗ-ਰਾਮ ਸੀ ਕਿ ੧੨ ਜੂਨ ਤਕ ਜਥਾ ਲੈ ਕੇ ਦਿਲੀ ਪੁਜਿਆ ਜਾਵੇ ਤੇ ਇਥੋਂ ਪੁਰਅਮਨ ਤੇ ਖਾਮੋਸ਼ ਜਲੂਸ ਕਢਿਆ ਜਾਵੇ । ਦਿਲੀ ਅਕਾਲੀ ਦਲ ਨੇ ਦਿੱਲੀ ਵਿਚ ਇਹ ਜਲੂਸ ਕਢਣ ਦੀ ਆਗਿਆ ਮੰਗੀ ਜੋ ਨਾ ਦਿਤੀ ਗਈ । ਪਾਬੰਦੀ ਤੋੜ ਕੇ ਗੁਰਦੁਆਰਾ ਸੀਸ ਗੰਜ ਤੋਂ ਜਲੂਸ ਲਈ ੧੧ ਸਿੰਘਾਂ ਦਾ ਜਥਾ ਬਾਹਰ ਕਢਿਆ ਗਿਆ । ਬਾਹਰ ਸਿਖ ਦਰਸ਼ਕਾਂ ਦੀ ਅਥਾਹ ਭੀੜ ਸੀ, ਉਹ ਵੀ ਜਥੇ ਨਾਲ ਹੀ ਤੁਰੇ । ਜਦ ਜਥਾ ਟਾਊਨ ਹਾਲ ਕੋਲ ਪੁਜਾ, ਤਾਂ ਪੁਲਸ ਨੇ ਲਾਠੀਚਾਰਜ ਤੇ ਟੀਅਰ ਗੈਸ ਚਲਾਈ । ਫਿਰ ਅੰਨ੍ਹੇ ਵਾਹ ਹਰ ਸਿਖ ਨੂੰ ਮਾਰਨਾ ਸ਼ੁਰੂ ਕਰ ਦਿਤਾ ਭਾਵੇਂ ਉਹ ਹੋਟਲ ਵਿਚ ਖਾਣਾ ਖਾ ਰਿਹਾ ਸੀ, ਚਾਹ ਪੀ ਰਿਹਾ ਸੀ ਜਾਂ ਦੁਕਾਨ ਤੋਂ ਸੌਦਾ ਲੈ ਰਿਹਾ ਸੀ । ਰੇਲਵੇ ਸਟੇਸ਼ਨ ਤਕ ਸਿਖਾਂ ਨੂੰ ਚੁਣ ਚੁਣ ਮਾਰਿਆ ਗਿਆ । ਕਈ ਕਾਂਗਰਸੀ ਸਿਖ ਤੇ ਅਖਬਾਰਾਂ ਦੇ ਰਪੋਟਰ ਵੀ ਕੁਟੇ ਗਏ । ਹਜ਼ਾਰਾਂ ਆਦਮੀ ਫਟੜ ਹੋਏ । ਰਾਜਧਾਨੀ

ਵਿਚ ਏਡੇ ਜ਼ੁਲਮ ਦਾ ਹਾਲ ਦੇਸ਼ ਦੇ ਕੋਨੇ ਕੋਨੇ ਦੀ ਅਖਬਾਰ ਤੇ ਵਿਦੇਸ਼ੀ ਅਖਬਾਰਾਂ ਨੇ ਭੀ ਛਾਪਿਆ ਤੇ ਇਸ ਦੀ ਬੜੀ ਨਿਖੇਧੀ ਕੀਤੀ।

ਸਿਖਾਂ ਦੇ ਅਖਬਾਰ ਤਾਂ ਇਸ ਲਈ ਬੰਦ ਕੀਤੇ ਗਏ ਸਨ ਕਿ ਇਸ ਅੰਦੋਲਨ ਦੀ ਪਬਲਿਸਟੀ ਨਾ ਹੋਵੇ ਤੇ ਇਹ ਦੰਮ ਘੁਟ ਕੇ ਮਰ ਜਾਵੇ, ਪਰ ਦੇਸ਼ਾਂ ਵਿਦੇਸ਼ਾਂ ਦੀਆਂ ਅਖਬਾਰਾਂ ਨੇ ਇਹ ਪਬਲਿਸਟੀ ਕਰਨੀ ਸ਼ੁਰੂ ਕਰ ਦਿਤੀ। ਇਧਰੋਂ ਗੁਰਦੁਆਰਾ ਸੀਸ ਗੰਜ ਵਿਚੋਂ ਭੀ ਰੋਜ਼ ਜਥਾ ਨਿਕਲਣਾ ਸ਼ੁਰੂ ਹੋਇਆ ਜਿਸ ਦੀ ਗ੍ਰਿਫ਼ਤਾਰੀ ਬੜੀ ਭਾਰੀ ਰੌਣਕ ਵਿਚ ਹੁੰਦੀ। ਇਉਂ ਦਿਲੀ ਰਾਜਧਾਨੀ ਵਿਚ, ਜਿਥੇ ਦੇਸ਼ ਵਿਦੇਸ਼ਾਂ ਦੇ ਸਫ਼ਾਰਤਖਾਨੇ ਹਨ, ਵੀ ਅਕਾਲੀ ਮੋਰਚਾ ਲਗ ਗਿਆ। ਪੰਜਾਬ ਤੋਂ ਬਾਹਰ ਦੇ ਸਿਖ ਹਜ਼ਾਰਾਂ ਦੀ ਗਿਣਤੀ ਵਿਚ ਗੁਰਦੁਆਰਾ ਸ਼ੀਸ ਗੰਜ ਵਿਚ ਪੁਜਣੇ ਸ਼ੁਰੂ ਹੋ ਗਏ ਤੇ ਉਹਨਾ ਮੋਰਚੇ ਵਿਚ ਜਾਣ ਲਈ ਆਪਣ ਨਾਮ ਲਿਖਾਏ। ਜਦ ਸਰਕਾਰ ਵਿਰੁਧ ਦਿਲੀ ਵਿਚ ਤੇ ਵਿਦੇਸ਼ਾਂ ਵਿਚ ਭੀ ਟੀਕਾ ਟਿਪਣੀ ਹੋਣ ਲਗੀ ਤਾਂ ਇਹ ਘਬਰਾਈ। ਕੈਰੋਂ ਸਰਦਾਰ ਦੀ ਬਾਲੀ ਅੱਗ ਦਾ ਸੇਕ ਅਕਾਲੀਆਂ ਨੂੰ ਤਾਂ ਜੋ ਲਗਣਾ ਸੀ ਸੋ ਲਗਾ, ਇਸ ਦਾ ਆਪਣਾ ਤੇ ਇਸ ਦੀ ਮਾਲਕ ਕਾਂਗਰਸ ਦਾ ਮੂੰਹ ਮੱਥਾ ਤੇ ਸ਼ੁਹਰਤ ਵੀ ਇਸ ਨਾਲ ਝੁਲਸੇ ਜਾਣ ਲਗੇ। ਵਡੇ ਵਡੇ ਲੀਡਰਾਂ ਨੇ ਭੀ ਬਿਆਨ ਦੇਣੇ ਸ਼ੁਰੂ ਕੀਤੇ ਜਿਨ੍ਹਾਂ ਵਿਚ ਸਰਕਾਰ ਨੂੰ ਝੂਠਿਆਂ ਕੀਤਾ ਗਿਆ। ਉਹਨਾਂ ਦੀ ਵੰਨਗੀ ਦਰਸਾਣ ਲਈ ਸੁਤੰਤਰ ਪਾਰਟੀ ਦੇ ਨੇਤਾ, ਸ੍ਰੀ ਰਾਜਗੋਪਾਲਾਚਾਰੀਆ ਦੇ ਬਿਆਨ ਦਾ ਸੰਖੇਪ ਦਰਜ ਕਰਦੇ ਹਾਂ:

ਸੁਤੰਤਰ ਪਾਰਟੀ ਦੀ ਕੋਈ ਖ਼ਾਹਸ਼ ਨਹੀਂ ਕਿ ਉਹ ਪੰਜਾਬੀ ਸੂਬੇ ਦੀ ਹਿਮਾਇਤ ਕਰੇ, ਪਰ ਸਿਖਾਂ ਦੀ ਇਕ ਵਖਰੇ ਸੂਬੇ ਦੀ ਚਾਹ ਅਯੋਗ ਨਹੀਂ, ਮੈਂ ਇਸ ਨਾਲ ਸਹਿਮਤ ਨਹੀਂ ਕਿ ਸਿਖਾਂ ਦੀ ਮੰਗ ਭਾਸ਼ਾਈ ਨਹੀਂ ਸਗੋਂ ਫਿਰਕੂ ਹੈ। ਮੇਰੀ ਰਾਏ ਹੈ ਕਿ ਕਿਸੇ ਕੌਮ ਨੂੰ ਕਿਸੇ ਜ਼ੁਬਾਨ ਆਦਿ ਦਾ ਬਹਾਨਾ ਬਣਾ ਕੇ ਮਿਟਾਇਆ ਨਹੀਂ ਜਾਣਾ ਚਾਹੀਦਾ। ਫਿਰ ਸਿਖ ਕੌਮ ਮਾਮੂਲੀ ਤੇ ਨਿਗੁਣੀ ਕੌਮ ਨਹੀਂ। ਦੇਸ਼ ਦੀ ਰਖਿਆ ਵਿਚ ਉਨ੍ਹਾਂ ਦਾ ਭਾਰਾ ਹਿੱਸਾ ਹੈ ਤੇ ਉਹਨਾਂ ਸਦਾ ਹਿੱਸਾ ਪਾਇਆ ਹੈ। ਸਿਖਾਂ ਦੀ ਪੰਜਾਬੀ ਸੂਬੇ ਦੀ ਮੰਗ ਲਈ ਗੌਰਮਿੰਟ ਦਾ ਯੋਗ ਵਰਤਾਰਾ ਇਹ ਹੋਣਾ ਚਾਹੀਦਾ ਹੈ ਕਿ ਸਿਖ ਲੀਡਰਾਂ ਨੂੰ ਮਿਲ ਕੇ ਉਹਨਾਂ ਦੀ ਮੰਗ ਉਤੇ ਅਜਕਲ ਦੀ ਰੌਸ਼ਨੀ ਵਿਚ ਗੌਰ ਕੀਤਾ ਜਾਵੇ ਤੇ ਜੇ ਉਹ (ਗੌਰਮਿੰਟ) ਇਸ ਨਾਲ ਸਹਿਮਤ ਨਾ ਹੋਵੇ ਤਾਂ ਸਿਖਾਂ ਨੂੰ ਕਾਇਲ ਕੀਤਾ ਜਾਵੇ ਕਿ ਉਹਨਾਂ ਦੀ ਮੰਗ ਸਮੇਂ ਦੇ ਨਾਲ ਨਹੀਂ ਚਲਦੀ। ਇਹ ਤਰੀਕਾ ਬਹੁਤ ਤਸੱਲੀ ਬਖਸ਼ ਹੈ, ਨਾ ਕਿ ਉਹਨਾਂ (ਸਿਖਾਂ) ਨੂੰ ਦੇਸ਼ ਦੇ ਦੁਸ਼ਮਣ ਸਿੱਧ ਕਰਨ ਦਾ ਤਰੀਕਾ......"

ਕਮਯੂਨਿਸਟ ਪਾਰਟੀ ਆਫ ਇੰਡੀਆ ਨੇ ਪਾਸ ਕੀਤਾ ਕਿ ਪੰਜਾਬ ਨੂੰ ਦੋ ਵਖਰੇ ਵਖਰੇ ਭਾਸ਼ਾਈ ਭਾਗਾਂ ਵਿਚ ਵੰਡ ਦਿਤਾ ਜਾਵੇ ਪਰ ਇਸ ਮੰਗ ਨੂੰ ਫਿਰਕੂ ਦੋਸ਼ ਤੋਂ ਬਚਾਉਣ ਲਈ ਕਾਂਗੜੇ ਨੂੰ ਪੰਜਾਬ ਵਿਚ ਰਖਿਆ ਜਾਵੇ ਤਾਂ ਜੋ ਇਸ ਵਿਚ ਸਿਖਾਂ ਦੀ ਬਹੁ ਸੰਮਤੀ ਨਾ ਹੋ ਜਾਵੇ।

ਸਰਕਾਰ ਨੇ ਪੰਜਾਬੀ ਜ਼ੁਬਾਨ ਨੂੰ ਰਿਆਇਤਾਂ ਦੇ ਕੇ ਸਿਖਾਂ ਦਾ ਧਿਆਨ ਪੰਜਾਬੀ ਸੂਬੇ ਵਲੋਂ ਮੋੜਨਾ ਚਾਹਿਆ। ਮਹਾਰਾਜਾ ਪਟਿਆਲਾ ਦੀ ਅਗਵਾਈ ਵਿਚ ਪੰਜਾਬੀ ਯੂਨੀਵਰਸਟੀ ਕਾਇਮ ਕਰਨ ਲਈ ਕਮਿਸ਼ਨ ਮੁਕੱਰਰ ਕਰ ਦਿਤਾ।

ਸ੍ਰੀ ਅਚਾਰਯਾ ਕ੍ਰਿਪਲਾਨੀ ਦੀ ਪਰਜ਼ਾ ਸੋਸ਼ਲਿਸਟ ਪਾਰਟੀ ਨੇ ਪੰਜਾਬ ਵਿਚ ਇਕ ਕਮਿਸ਼ਨ ਭੇਜਿਆ ਜੋ ਅਕਾਲੀਆਂ ਦੀ ਇਸ ਸ਼ਿਕਾਇਤ ਦੀ ਪੜਤਾਲ ਕਰੇ ਕਿ ਕੀ ਪੰਜਾਬ ਵਿਚ ਸ਼ਹਿਰੀ ਆਜ਼ਾਦੀ ਨਹੀਂ ਰਹੀ। ਕਮਿਸ਼ਨ ਨੇ ਰਪੋਟ ਕੀਤੀ ਕਿ "ਪੰਜਾਬ ਵਿਚ ਵਿਸ਼ਾਲ ਮਾਤਰਾ ਵਿਚ ਗਰਿਫਤਾਰੀਆਂ ਕਰ ਕੇ, ਭਾਰੀਆਂ ਰਕਮਾਂ ਦੀਆਂ ਜ਼ਮਾਨਤਾਂ ਮੰਗ ਕੇ, ਅਖਬਾਰਾਂ ਨੂੰ ਬੰਦ ਕਰ ਕੇ, ਪੈਰਵੀ ਕਰਨ ਵਾਲੇ ਵਕੀਲਾਂ ਨੂੰ ਗ੍ਰਿਫ਼ਤਾਰ ਕਰ ਕੇ ਸ਼ਹਿਰੀ ਆਜ਼ਾਦੀ ਨੂੰ ਖਤਮ ਕਰ ਦਿਤਾ ਗਿਆ ਹੈ ਤੇ ਅਕਾਲੀਆਂ ਨੂੰ ਮਜਬੂਰ ਕਰ ਦਿਤਾ ਹੈ ਕਿ ਉਹ ਆਪਣੇ ਮਨਾਂ ਦੇ ਭਾਵ ਪ੍ਰਗਟ ਕਰਨ ਲਈ ਗੁਰਦੁਆਰਿਆਂ ਦੀਆਂ ਸਟੇਜਾਂ ਵਰਤਣ।" ਪੰਜਾਬੀ ਸੂਬੇ ਬਾਰੇ ਰਪੋਟ ਕੀਤੀ ਕਿ 'ਪੰਜਾਬੀ ਸੂਬੇ ਦੀ ਮੰਗ ਭਾਸ਼ਾਈ ਹੈ, ਫਿਰਕੂ ਨਹੀਂ, ਪ੍ਰੰਤੂ ਪੰਜਾਬ ਵਿਚ ਹਿੰਦੂ, ਜੋ ਇਸ ਮੰਗ ਦੇ ਵਿਰੋਧੀ ਹਨ, ਬਹੁਸੰਮਤੀ ਵਿਚ ਹਨ, ਇਸ ਲਈ ਇਸ ਨੂੰ ਸਥਾਨਕ ਫਿਰਕੂ ਰੰਗ ਮਿਲ ਗਿਆ ਹੈ ਜਿਵੇਂ ਹਰ ਸੂਬੇ ਦੀ ਭਾਸ਼ਾਈ ਜਦੋਜਹਿਦ ਨੂੰ ਆਪੋ ਆਪਣਾ ਖਾਸ ਸਥਾਨਕ ਰੰਗ ਮਿਲਦਾ ਰਿਹਾ ਹੈ। ਇਥੇ ਕਿਉਂਕਿ

ਹਿੰਦੂ ਸਿਖ ਸੁਆਲ ਇਕ ਵਡਾ ਸੁਆਲ ਹੈ ਇਸ ਲਈ ਅਵਸ਼ ਹੈ ਕਿ ਇਸ ਨੂੰ ਕੁਝ ਫਿਰਕੂ ਰੰਗ ਮਿਲੇ.. ।"

ਇਉਂ ਪੰਜਾਬੀ ਸੂਬੇ ਦੇ ਮੋਰਚੇ ਨੇ ਕਾਂਗਰਸ ਦੀ ਕੇਂਦਰੀ ਤੇ ਪੰਜਾਬ ਦੀ ਕੈਰੋਂ ਸਰਕਾਰ ਨੂੰ ਚਿਰ ਕਰ ਦਿਤਾ। ਉਨ੍ਹਾਂ ਵਿਚਾਰ ਕੇ ਇਕ ਹਰ ਪੈ ਤੜਾ ਬਦਲਿਆ। ਪੰਜਾਬ ਦੇ ਗਵਰਨਰ ਤੋਂ ਇਕ ਆਰਡੀਨੈਂਸ ਜਾਰੀ ਕਰਾ ਕੇ ੨ ਅਕਤੂਬਰ ੧੯੬੦ ਤੋਂ ਗੁਰਮੁਖੀ ਲਿਪੀ ਵਿਚ ਪੰਜਾਬੀ ਜ਼ੁਬਾਨ ਨੂੰ ਪੰਜਾਬੀ ਰੀਜਨ ਦੀ ਸਰਕਾਰੀ ਜ਼ੁਬਾਨ ਨਿਯਤ ਕਰ ਦਿਤਾ ਤੇ ਜ਼ੋਰ ਨਾਲ ਪ੍ਰਾਪੇਗੰਡਾ ਸ਼ੁਰੂ ਕਰ ਦਿਤਾ ਕਿ ਇਸ ਨਾਲ ਅਕਾਲੀਆਂ ਦੀ ਮੰਗ "ਪੰਜਾਬੀ ਸੂਬੇ" ਦੀ ਬੁਨਿਆਦ ਖਤਮ ਹੋ ਜਾਂਦੀ ਹੈ ਤੇ ਮੋਰਚੇ ਦਾ ਕੋਈ ਕਾਰਣ ਨਹੀਂ ਰਹਿੰਦਾ। ਪਰ ਇਸ ਪੈਂਤੜੇ ਦਾ ਭੀ ਕੁਝ ਅਸਰ ਅਕਾਲੀ ਮੋਰਚੇ ਪੁਰ ਨਾ ਪਿਆ ਕਿਉਂਕਿ ਅਕਾਲੀਆਂ ਦਾ ਅਕੱਟ ਜਵਾਬ ਸੀ ਕਿ "ਸਾਡੇ ਅੰਦੋਲਨ ਪਿਛੇ ਪੰਜਾਬੀ ਜ਼ੁਬਾਨ ਨਹੀਂ, ਬਹਿਦੀ ਆਜ਼ਾਦੀ ਤੇ ਹੋਰ ਮੁਢਲ ਹੱਕ ਅਤੇ ਪੰਜਾਬੀ ਬੋਲਦੇ ਲੋਕਾਂ ਦਾ ਹਿੰਦ ਅੰਦਰ ਵਖਰਾ ਸੂਬਾ ਬਨਾਣਾ ਹੈ।"

ਅਖੀਰ ਜਦ ਅਕਾਲੀ ਕੈਦੀਆ ਨੂੰ ਕੈਦ ਰੱਖਣ ਲਈ ਜੇਹਲਾਂ ਵਿਚ ਥਾਂ ਨਾ ਰਹੀ, ਤਾਂ ਅਕਾਲੀਆਂ ਨੂੰ ਰਿਹਾ ਕਰ ਕੇ ਕਿਹਾ ਜਾਣ ਲੱਗਾ ਕਿ ਉਹ ਮਾਫ਼ੀਆਂ ਮੰਗ ਕੇ ਰਿਹਾ ਹ ਰਹੇ ਹਨ। ਇਸ ਤੇ ਅਕਾਲੀਆਂ ਨੇ ਰਿਹਾ ਹੋਣ ਤੋਂ ਇਨਕਾਰ ਕਰ ਦਿਤਾ। ਬਠਿੰਡੇ ਵਿਚ ਸਰਕਾਰ ਨੇ ਕਈ ਅਕਾਲੀਆਂ ਨੂੰ ਜਬਰੀ ਰਿਹਾ ਕਰਨ ਦੀ ਕੋਸ਼ਸ਼ ਕੀਤੀ ਤਾਂ ਫਸਾਦ ਹੋ ਗਿਆ ਤੇ ਜੇਹਲ ਵਿਚ ਪੁਲਸ ਬੁਲਾ ਕੇ ਗੋਲੀ ਚਲਾਈ ਗਈ ਜਿਸ ਵਿਚ ਚਾਰ ਅਕਾਲੀ ਸ਼ਹੀਦ ਹੋ ਗਏ ਤੇ ੧੦੦ ਦੇ ਲਗਪਗ ਫਟੜ ਹੋਏ। ਇਸ ਜ਼ੁਲਮ ਨਾਲ ਪਾਪੀਆਂ ਦੇ ਪਾਪ ਕੰਬ ਗਏ ਤੇ ਕੈਰੋਂ ਨੇ ਅਫ਼ਸੋਸ ਜ਼ਾਹਿਰ ਕਰ ਕੇ ਬਠਿੰਡਾ ਗੋਲੀ ਕਾਂਡ ਲਈ ਹਾਈ ਕੋਰਟ ਦੇ ਜੱਜ ਰਾਹੀਂ ਇਨ-ਕੁਆਰੀ ਵੀ ਬਿਠਾ ਦਿਤੀ। ਪਰ ਅਕਾਲੀਆਂ ਨੇ ਇਸ ਦਾ ਇਸ ਕਰ ਕੇ ਬਾਈਕਾਟ ਕੀਤਾ ਕਿਉਂਕਿ ਉਹਨਾਂ ਦੇ ਵਕੀਲਾਂ ਨੂੰ ਅਕਾਲੀ ਕੈਦੀਆਂ ਨਾਲ ਜੇਹਲ ਵਿਚ ਮੁਲਾਕਾਤਾਂ ਨਾ ਕਰਨ ਦਿਤੀਆਂ ਗਈਆਂ।

ਜਿਸ ਤਰ੍ਹਾਂ ਸਖਤੀ ਨਾਲ ਤੇ ਅੰਧਾ ਧੁੰਦ ਗ੍ਰਿਫ-ਤਾਰੀਆਂ ਕੀਤੀਆਂ ਗਈਆਂ ਸਨ, ਉਸੇ ਤਰ੍ਹਾਂ ਅੰਧਾ ਧੁੰਦ ਰਿਹਾਈਆਂ ਕੀਤੀਆਂ ਗਈਆਂ। ਇਹ ਸਰਕਾਰ ਦੀ ਹਾਰ ਦਾ ਇਕਬਾਲ ਸੀ। ਪਰ ਸਿੰਘ ਜ਼ਰਾ ਢਿਲੇ ਨਾ ਪਏ।

ਸਿਖਾਂ ਦੇ ਜ਼ਿਹਨ ਵਿਚ ਇਹ ਗਲ ਬੈਠ ਗਈ ਸੀ ਕਿ ਕਾਂਗਰਸ ਕੋਈ ਐਸੀ ਗਲ ਨਹੀਂ ਕਰਗੀ। ਨਾ ਹੋਣ ਦਏਗੀ ਜਸ ਨਾਲ ਸਿਖਾਂ ਨੂੰ ਫਾਇਦਾ ਹੋਵੇ ਤੇ ਹਿੰਦ ਵਿਚ ਭਾਸ਼ਾ ਦੇ ਲਿਹਾਜ਼ ਤ ਕਈ ਸੂਬੇ ਕਾਂਗਰਸ ਨੇ ਬਣਾ ਦਿਤੇ ਕਿਉਂਕਿ ਉਹਨਾਂ ਨਾਲ ਸਿਖਾਂ ਨੂੰ ਕੋਈ ਫ਼ਾਇਦਾ ਨਹੀਂ ਹੁੰਦਾ ਸੀ। ਪਰ ਪੰਜਾਬੀ ਸੂਬਾ ਨਹੀਂ ਸੀ ਬਣਾਇਆ ਜਾ ਰਿਹਾ, ਕਿਉਂਕਿ ਇਸ ਨਾਲ ਸਿਖਾਂ ਨੂੰ ਕੁਝ ਫਾਇਦਾ ਪਹੁੰਚ ਸਕਦਾ ਸੀ। ਪੰਡਤ ਨਹਿਰੂ ਨੇ ੨੦ ਅਕਤੂਬਰ ਨੂੰ ਖੁਲ੍ਹ ਕੇ ਕਹਿ ਦਿਤਾ ਕਿ "ਸਿਖਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਪੰਜਾਬੀ ਸੂਬਾ ਨਹੀਂ ਬਣੇਗਾ।" ਇਸ ਨਾਲ ਸਿਖਾਂ ਦੇ ਹੌਂਸਲੇ ਨਹੀਂ ਢਠੇ ਕਿਉਂਕਿ ਉਹ ਸਮਝ ਚੁਕੇ ਸਨ ਕਿ ਆਜ਼ਾਦ ਭਾਰਤ ਵਿਚ ਪਿਛਲੇ ੧੩ ਸਾਲਾਂ ਤੋਂ ਸਿਖ ਜਿਨ੍ਹਾਂ ਹਾਲਾਤ ਵਿਚੋਂ ਲੰਘੇ ਰਹੇ ਸਨ, ਉਸ ਤੋਂ ਮਾੜੇ ਹਾਲਾਤ ਨਹੀਂ ਹੋ ਸਕਦੇ। ਇਸ ਲਈ ਉਹ ਕਿਸੇ ਕੁਰਬਾਨੀ ਤੋਂ ਡਰਦੇ ਨਹੀਂ ਸਨ। ਉਹਨਾਂ ਦਾ ਮੋਰਚਾ ਜਾਰੀ ਰਿਹਾ। ਇਹ ਜ਼ਿੰਦਾ ਕੌਮਾਂ ਦੀਆਂ ਨਿਸ਼ਾਨੀਆਂ ਹੁੰਦੀਆਂ ਹਨ। ਉਹ ਨਹਿਰੂ ਜੀ ਤੇ ਹੋਰ ਕਾਂਗ੍ਰਸੀਆਂ ਨੂੰ ਕਹਿਣਾ ਚਾਹੁੰਦੇ ਸਨ ਕਿ 'ਤੁਹਾਨੂੰ ਵੀ ਸਮਝ ਲੈਣਾ ਚਾਹੀਦਾ ਹੈ ਕਿ ਪੰਜਾਬੀ ਸੂਬਾ ਜ਼ਰੂਰ ਬਣੇਗਾ।'

ਮਾਸਟਰ ਜੀ ਦੇ ਜੇਹਲ ਦੇ ਹਾਲਾਤ

੨੪ ਮਈ ੧੯੬੦ ਨੂੰ ਜਦ ਮਾਸਟਰ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਤਾਂ ਉਹਨਾਂ ਆਪਣਾ ਜਾਨਸ਼ੀਨ ਤੇ ਮੋਰਚੇ ਦਾ ਡਿਕਟੇਟਰ ਸੰਤ ਫਤਹ ਸਿੰਘ ਗੰਗਾ ਨਗਰ ਵਾਲਿਆਂ ਨੂੰ ਮੁਕਰਰ ਕੀਤਾ ਜੋ ਸ੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਵੀ ਸਨ। ਮਾਸਟਰ ਜੀ ਨੂੰ ਧਰਮਸਾਲਾ ਜੇਹਲ ਵਿਚ ਪਹਿਲੇ ਇਕੱਲਿਆਂ ਰਖਿਆ ਗਿਆ ਪਰ ਉਹਨਾਂ ਦੀ ਸੇਹਤ ਖਰਾਬ ਹੋ ਗਈ। ਤਾਂ ਉਹਨਾਂ ਦੇ ਵੱਡੇ ਸਪੁਤਰ ਸ: ਜਸਵੰਤ ਸਿੰਘ ਨੂੰ ਗ੍ਰਿਫਤਾਰ ਕਰ ਕੇ ਉਸੇ ਜੇਹਲ ਵਿਚ ਉਹਨਾਂ ਦੇ ਪਾਸ ਰਖਿਆ ਗਿਆ। ਇਹ ਤਰੀਕਾ ਉਹਨਾਂ ਦੀ ਸੇਹਤ ਦੀ ਖਬਰਗੀਰੀ ਦਾ ਵਰਤਿਆ ਗਿਆ।

ਜੇਹਲ ਵਿਚੋਂ ਮਾਸਟਰ ਜੀ ਸੰਤ ਫਤਹ ਸਿੰਘ ਤੇ ਗਿਆਨੀ ਹਰਚਰਨ ਸਿੰਘ ਹੁਡਿਆਰਾ ਨੂੰ ਸੁਨੇਹੇ ਭੇਜਦੇ ਤੇ ਲਿਖ ਕੇ ਹਿਦਾਇਤਾਂ ਭੀ ਭੇਜਦੇ ਰਹੇ ਕਿ "ਇਹ ਸੁਆਲ ਜ਼ੋਰ ਨਾਲ ਸਾਹਮਣੇ ਲਿਆਓ ਕਿ ਕਿਸੇ ਪਾਰਟੀ ਜਾਂ ਕੌਮ ਨੂੰ ਕਾਨੂੰਨ ਦੀ ਹਦ ਅੰਦਰ ਰਹਿੰਦਿਆਂ ਪੁਰ-ਅਮਨ ਤੇ ਸ਼ਾਂਤਮਈ ਢੰਗ ਨਾਲ ਕੋਈ ਮੰਗ ਕਰਨ ਤੇ ਉਸ ਦਾ ਪਰਚਾਰ ਕਰਨ ਦਾ ਹੱਕ ਹਾਸਲ ਹੈ ਜਾਂ ਨਹੀਂ ? ਪੰਜਾਬੀ ਸੂਬੇ ਲਈ ਪਰਚਾਰ ਕਰਨ ਦਾ ਸਪੱਸ਼ਟ ਹੱਕ ਸਾਨੂੰ ਹਾਸਲ ਹੈ, ਕਿਉਂਕਿ ਹੋਰ ਥਾਵਾਂ ਤੇ ਬੋਲੀ ਦੇ ਅਧਾਰ ਤੇ ਸੂਬੇ ਕਾਇਮ ਹੋ ਚੁਕੇ ਹਨ। ਫਿਰ ਅਸੀਂ ਤਾਂ ਕੇਵਲ ਇਸ ਦਾ ਪਰਚਾਰ ਹੀ ਕਰਦੇ ਰਹੇ ਹਾਂ ਤੇ ਹੁਣ ਭੀ ਕਰਨਾ ਚਾਹੁੰਦੇ ਹਾਂ। ਇਸ ਤੋਂ ਰੋਕਣਾ ਸਰਕਾਰ ਦਾ ਹੱਕ ਨਹੀਂ, ਧੱਕਾ ਹੈ। ਇਹ ਵਿਧਾਨ ਰਾਹੀਂ ਦਿਤੀ ਗਈ ਸ਼ਹਿਰੀ ਆਜ਼ਾਦੀ ਦੇ ਬੁਨਿਆਦੀ ਹੱਕਾਂ ਉਤੇ ਛਾਪਾ ਹੈ। ਸਰਕਾਰ ਦੇ ਇਸ ਧੱਕੇ ਨੂੰ ਨੰਗਿਆਂ ਕੀਤਾ ਜਾਵੇ ਤੇ ਪੂਰੇ ਜ਼ੋਰ ਨਾਲ ਕੀਤਾ ਜਾਵੇ। ਵਾਧੂ ਗੱਲਾਂ ਤੇ ਧਮਕੀਆਂ ਦੇ ਕੇ ਸਰਕਾਰ ਦੇ ਧੱਕੇ ਦੇ ਸੁਆਲ ਨੂੰ ਧੁੰਦਲਾ ਨਾ ਕਰੋ। ਸਰਕਾਰ ਦੇ ਸ਼ਹਿਰੀ ਆਜ਼ਾਦੀ ਉਤੇ ਹਮਲੇ ਦੀ ਗੱਲ ਕਰੋ ਤੇ ਹੋਰ ਕੁਝ ਨਾ ਕਹੋ। ਇਸ ਤਰ੍ਹਾਂ ਅਸੀਂ ਸਰਕਾਰ ਦੇ ਕਮਜ਼ੋਰ ਪੱਖ ਉਤੇ ਹਮਲਾ ਕਰ ਕੇ ਉਸ ਦੇ ਕਿਲ੍ਹੇ ਵਿਚ ਪਾੜ ਪਾ ਸਕਾਂਗੇ ਤੇ ਉਸ ਤੇ ਕਾਬਜ਼ ਹੋ ਸਕਾਂਗੇ ਅਰਥਾਤ ਪੰਜਾਬੀ ਸੂਬਾ ਲੈ ਸਕਾਂਗੇ।"

ਏਹਨਾਂ ਹਿਦਾਇਤਾਂ ਉਤੇ ਬਹੁਤ ਘਟ ਅਮਲ ਹੋਇਆ। ਸਾਰਾ ਜ਼ੋਰ ਪੰਜਾਬੀ ਸੂਬਾ ਮੰਗਣ ਅਤੇ ਧਮ-ਕੀਆਂ ਦੇਣ ਉਤੇ ਲਾਇਆ ਗਿਆ।

ਜੇਹਲ ਵਿਚ ਮਾਸਟਰ ਜੀ ਨੇ ਰਾਸ਼ਟ੍ਰਪਤੀ ਡਾਕ-ਟਰ ਰਾਜਿੰਦਰ ਪ੍ਰਸ਼ਾਦਿ ਨੂੰ ਭੀ ਇਕ ਚਿਠੀ ਅੰਗਰੇਜ਼ੀ ਵਿਚ ਲਿਖੀ ਜਿਸ ਵਿਚ ਆਪਣੇ ਉਪਰ ਬੇਬੁਨਿਆਦ ਤੇ ਸਾਜ਼ਸ਼ ਬਣਾ ਕੇ ਘੜੇ ਦੋਸ਼ਾਂ ਦੀ ਕਲੱਈ ਖੋਲ੍ਹੀ ਤੇ ਇਨ੍ਹਾਂ ਦੀ ਜਾਂਚ ਕਰਾਉਣ ਲਈ ਅਤੇ ਉਹਨਾਂ ਨੂੰ ਝੂਠਿਆਂ ਸਾਬਤ ਕਰਨ ਲਈ ਮੌਕਿਆ ਦਿਤੇ ਜਾਣ ਦੀ ਮੰਗ ਕੀਤੀ। ਇਹ ਵੀ ਲਿਖਿਆ ਕਿ "ਤੁਸੀਂ ੫ ਨਵੰਬਰ ਤਕ ਮੈਨੂੰ ਇਤਲਾਹ ਦੇਵੋ ਕਿ ਇਸ ਮਾਮਲੇ ਬਾਰੇ ਕੋਈ ਕਾਰਵਾਈ ਕਰ ਰਹੇ ਹੋ, ਨਹੀਂ ਤਾਂ ਮੇਰਾ ਫ਼ਰਜ਼ ਹੋ ਜਾਂਦਾ ਹੈ ਕਿ ਆਪਣੀ ਜ਼ਿੰਦਗੀ ਨੂੰ ਖਤਰੇ ਵਿਚ ਪਾ ਕੇ ਇਕ ਸਰਹੱਦੀ ਸੂਬੇ ਵਿਚ ਵਾਪਰ ਰਹੀ ਬੁਰੀ ਦਸ਼ਾ ਵਲ ਹਿੰਦੀ ਕੌਮ ਦਾ ਧਿਆਨ ਖਿਚਾਂ...।"

ਇਹ ਚਿਠੀ ਟਾਈਪ ਕਰਨ ਲਈ ਜੇਹਲ ਦੇ ਦਾਰੋਗੇ ਨੂੰ ਦਿਤੀ ਗਈ ਜਿਥੋਂ ਹਰ ਖਬਰ ਚੀਫ਼ ਮਨਿਸਟਰ ਨੂੰ ਭੇਜੀ ਜਾਂਦੀ ਸੀ। ਸੋ ਇਹ ਚਿਠੀ ਟਾਈਪ ਨਾ ਹੋਈ ਤੇ ਨਾ ਭੇਜੀ ਜਾ ਸਕੀ। ਇਸ ਦੌਰਾਨ ਸੰਤ ਫਤਹ ਸਿੰਘ ਹੁਰਾਂ ਦੇ ਵਰਤ ਰੱਖਣ ਦਾ ਐਲਾਨ ਅਖਬਾਰਾਂ ਵਿਚ ਆ ਗਿਆ। ਜਿਸ ਤੋਂ ਬਾਅਦ ਮਾਸਟਰ ਜੀ ਦਾ ਅਲਟੀਮੇਟਮ ਦੇਣਾ ਬੇਅਰਥ ਹੋ ਗਿਆ।

ਮਾਸਟਰ ਜੀ ਨੇ ਇਕ ਚਿਠੀ, ਜੇਹਲ ਵਿਚੋਂ ਪੰਜਾਬ ਹਾਈ ਕੋਰਟ ਦੇ ਚੀਫ਼ ਜਸਟਿਸ, ਸ੍ਰੀ ਜੀ: ਡੀ: ਖੋਸਲਾ ਨੂੰ ਭੀ ਲਿਖੀ "ਕਿ ਤੁਸੀਂ ਸ਼ਹਿਰੀ ਹੱਕਾਂ ਤੇ ਇਨਸਾਫ਼ ਦੇ ਵੱਡੇ ਰਾਖੇ ਹੋ। ਮੈਂ ਇਕ ਬੇਕਾਨੂੰਨੇ ਕਾਨੂੰਨ ਦੇ ਧੱਕੇ ਦਾ ਸ਼ਿਕਾਰ ਹਾਂ......ਮੇਰੇ ਵਿਰੁਧ ਬੇਬੁਨਿਆਦ ਦੋਸ਼ ਘੜੇ ਗਏ ਹਨ, ਕੋਈ ਵਿਸਥਾਰ ਮੈਨੂੰ ਨਹੀਂ ਦਿਤਾ ਗਿਆ ਜਿਸ ਨੂੰ ਮੈਂ ਝੂਠਾ ਸਾਬਤ ਕਰ ਸਕਾਂ। ਮੇਰੇ ਵਿਰੁਧ ਹੋਰ ਭੀ ਕਈ ਮੁਕਦਮੇ ਚਲ ਰਹੇ ਹਨ ਤੇ ਮੈਂ ਪੰਜਾਬ ਦੇ ਗਵਰਨਰ ਉਤੇ ਅਤੇ ਪ੍ਰਧਾਨ ਪੰਜਾਬ ਕਾਂਗ੍ਰਸ ਸ: ਦਰਬਾਰਾ ਸਿੰਘ ਉਤੇ ਹਤਕ-ਇਜ਼ਤ ਦਾ ਮੁਕਦਮਾ ਕਰਨਾ ਚਾਹੁੰਦਾ ਹਾਂ। ਪਰ ਮੇਰੇ ਵਕੀਲਾਂ ਨੂੰ ਮੇਰੇ ਨਾਲ ਮੁਲਾਕਾਤ ਕਰਨੋਂ ਰੋਕਿਆ ਜਾ ਰਿਹਾ ਹੈ।...... ਤੁਸੀਂ ਕਾਨੂੰਨ ਦੇ ਵਡੇ ਗਾਰਡੀਅਨ ਹੋਣ ਦੇ ਨਾਤੇ ਹੋਰ ਕੁਝ ਨਾ ਕਰ ਸਕੋ ਤਾਂ ਸਰਕਾਰ ਨੂੰ ਮਸ਼ਵਰਾ ਹੀ ਦਿਓ ਕਿ ਮੈਨੂੰ ਤੇ ਮੇਰੇ ਵਕੀਲਾਂ ਨੂੰ ਲੜੀਦੀਆਂ ਸਹੂਲਤਾਂ ਦਿਤੀਆਂ ਜਾਣ। (ਚਲਦਾ)

ਸੁਆਲ ਜਵਾਬ

* ਸ੍ਰੀ ਹਰਨਾਮ ਦਾਸ ਜੀ
ਕੇਰਾਓਂ, ਅਲਾਬਾਦ।

ਸੁਆਲ—ਪੰਨਾ ੧੩੪੩ ਪੁਰ ਸ਼ਬਦ ਹੈ: "ਗੌਤਮ ਤਪਾ ਅਹਲਿਆ ਇਸਤ੍ਰੀ......" ਇਸ ਸ਼ਬਦ ਦੇ ਅਰਥ ਲਿਖਣੇ।

ਜਵਾਬ—ਦੇਵਤਿਆਂ ਦੇ ਰਾਜੇ ਇੰਦਰ ਨੇ ਕਾਮ-ਵਸ ਹੋ ਕੇ ਗੌਤਮ ਰਿਸ਼ੀ ਦੀ ਇਸਤ੍ਰੀ ਅਹਿਲਿਆ ਦਾ, ਭੁਲੇਖਾ ਦੇ ਕੇ, ਸੱਤ ਭੰਗ ਕੀਤਾ ਤੇ ਫਿਰ ਸਹਿਸ ਭਗਾਂ ਸਰੀਰ ਉਪਰ ਹੋ ਜਾਣ ਦਾ ਸਰਾਪ ਗੌਤਮ ਪਾਸੋਂ ਪਾ ਕੇ ਪਛਤਾਇਆ। ਸੋ ਭਾਈ ਵਡਿਆਈ ਪਾ ਕੇ ਭੁਲੋ ਨਹੀਂ। ਮਾਇਆ ਦੇ ਸਤੋ ਕਰਮਾਂ ਵਿਚ ਭੀ ਸੁਖ ਅਤੇ ਮੁਕਤੀ ਨਹੀਂ। ਰਾਜਾ ਹਰੀ ਚੰਦ ਪ੍ਰਥਵੀ ਦਾ ਰਾਜਾ ਸੀ ਤੇ ਮੂੰਹ ਮੰਗਿਆ ਦਾਨ ਦੇਣ ਦਾ ਬਲੀ ਸੀ। ਉਹ ਦਾਨਵੀਰਤਾ ਨਿਬਾਹੁੰਦਾ ਨਿਬਾਹੁੰਦਾ ਮੰਡੀ ਵਿਚ ਜਾ ਕੇ ਵਿਕਿਆ ਦੇ ਦੁਖੀ ਹੋਇਆ, ਲਿਖੇ ਲੇਖਾਂ ਦਾ ਮੁਲ ਉਸ ਤੋਂ ਵੀ ਨਾ ਪੈ ਸਕਿਆ। ਇਸੇ ਤਰ੍ਹਾਂ ਬੌਣਾ ਰੂਪ ਹੋ ਕੇ ਹਰੀ ਨੇ ਬੱਲ ਰਾਜੇ ਤੋਂ ਢਾਈ ਕਰੂੰ ਧਰਤੀ ਮੰਗੀ। ਉਹ ਉਸ ਦਾ ਰੂਪ ਨਾ ਪਛਾਣ ਸਕਿਆ ਤੇ ਜਦ ਉਸ ਕਰੂੰ ਮਾਰੇ ਤਾਂ ਬੱਲ ਜੇਡਾ ਬਲੀ ਰਾਜਾ ਭੀ ਛਲਿਆ ਗਿਆ। ਇਸੇ ਤਰ੍ਹਾਂ ਜਨਮੇਜਾ ਵੀ ਲਿਖੇ ਲੇਖਾਂ ਦੀ ਗਤੀ ਤੋਂ ਨਾ ਬਚ ਸਕਿਆ ਭਾਵੇਂ ਉਸ ਨੂੰ ਬਿਆਸ ਜੀ ਨੇ ਪਹਿਲਾਂ ਮੱਤ ਦੇ ਕੇ ਕਹਿ ਦਿਤਾ ਸੀ ਕਿ ਤੂ ਫਲਾਣੇ ਫਲਾਣੇ ਘੋੜੇ ਤੇ ਨਾ ਚੜ੍ਹੀਂ ਤੇ ਫਲਾਣੀ ਅਪਛਰਾਂ ਨੂੰ ਘਰ ਨਾ ਲਿਆਵੀਂ, ਪਰ ਉਸ ਸਭ ਕੁਝ ਕੀਤਾ। ਅਪਛਰਾਂ ਨੇ ਉਸ ਤੋਂ ਯੱਗ ਕਰਾਇਆ, ਉਸ ਅਠਾਰਾਂ ਬ੍ਰਾਹਮਣ ਸਦੇ, ਰਾਣੀ ਪਤਲੇ ਕਪੜਿਆਂ ਵਿਚ ਭੋਜਨ ਛਕਾਣ ਆਈ ਤਾਂ ਬ੍ਰਾਹਮਣ ਹਸ ਪਏ। ਰਾਜੇ ਨੇ ਗੁਸਾ ਖਾ ਕੇ ਮਰਵਾ ਦਿਤੇ ਜਿਸ ਤੇ ਉਸ ਨੂੰ ਕੋੜ੍ਹ ਹੋ ਗਿਆ। ਸੋ ਹਰੀ ਦੀ ਗਣਤ ਨਹੀਂ ਗਿਣੀ ਜਾਂਦੀ। ਗੁਰੂ ਦੀ ਸਿਖਿਆ ਗ੍ਰਹਿਣ ਕਰਨ ਵਾਲਾ ਗੁਰਮੁਖ ਮਾਇਆ ਤੋਂ ਅਲਿਪਤ ਰਹਿ ਕੇ ਹਰੀ ਦੀ ਸ਼ਰਣ ਰਹਿੰਦਾ ਹੈ ਪਰ ਮਨਮੁਖ ਆਪ ਹੁਦਰਾ ਹੁੰਦਾ ਹੈ ਅੱਗਾ ਯਾਦ ਨਹੀਂ ਕਰਦਾ, ਦੁਖੀ ਹੁਦਾ ਤੇ ਨਰਕਾਂ ਵਿਚ ਜਾ ਕੇ ਪਛਤਾਂਦਾ ਹੈ। ਅਸਲ ਵਿਚ ਕਰਤਾ ਹੀ ਸਭ ਕੁਝ ਕਰਦਾ ਕਰਾਉਂਦਾ ਹੈ, ਜਿਸ ਇਹ ਰਚਨਾ ਰਚੀ ਹੈ। ਸੋ ਜਿਤਨੇ ਤਕ ਜੀਅਹੁ (ਹਿਰਦਿਓਂ) ਅਭਿਮਾਨ ਨਾ ਹਰੀਏ (ਤਜੀਏ), ਉਸ ਤੋਂ ਪਛਤਾਵੇ ਦੀ ਅਗਨੀ ਵਿਚ ਸੜਨਾ ਹੁੰਦਾ ਹੈ। ਕਰਤਾਰ ਨੇ ਆਪਣੀ ਮਾਇਆ ਕਰ ਕੇ ਸਭ ਨੂੰ ਭੁਲਣ ਵਿਚ ਕੀਤਾ ਹੈ ਪਰ ਉਹ ਆਪ ਨਹੀਂ ਭੁਲਦਾ। ਸੋ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਸਚੇ ਨਾਮ ਕਰ ਕੇ ਹੀ ਨਿਸਤਾਰਾ ਹੁੰਦਾ ਹੈ, ਕੋਈ ਵਿਰਲਾ ਹੀ ਗੁਰੂ ਦੀ ਕਿਰਪਾ ਕਰ ਕੇ ਬੰਧਨਾਂ ਤੋਂ ਛੁਟਦਾ ਹੈ ਤੇ ਵਿਮੁਕਤ ਹੁੰਦਾ ਹੈ।

* ਨਾਉਂ ਨਹੀਂ, ਥਾਉਂ ਨਹੀਂ

ਸੁਆਲ—'ਸੁਪਨੇ ਬਿੰਦ ਨ ਦੇਈ ਝਰਨਾ ਤਿਸ ਕਾਜੀ ਕਉ ਜਰਾ ਨ ਮਰਨਾ" ਦਾ ਅਰਥ ਸਮਝਾਉਣਾ ਜੀ।

ਜਵਾਬ—ਆਪਣਾ ਨਾਮ ਥਾਉਂ ਜ਼ਰੂਰ ਲਿਖਿਆ ਕਰੋ ਜੀ। ਇਹ ਸਲੋਕ ਪੰਨਾ ੧੧੬੦ ਪਾਲ ੨ ਤੇ ਭਗਤ ਕਬੀਰ ਜੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਕਬੀਰ ਜੀ ਪੰਡਤਾਂ, ਜੋਗੀਆਂ ਤੇ ਕਾਜੀਆਂ ਦੇ ਪੂਜਾ ਅਤੇ ਧਰਮ ਨਿਬਾਹੁਣ ਦੇ ਤਰੀਕਿਆਂ ਨੂੰ ਪੜਚੋਲਦੇ ਹਨ ਅਤੇ ਉਹਨਾਂ ਦੇ ਧਾਰਮਕ ਕਰਮਾਂ ਨੂੰ ਆਪਣੀ ਵਿਆਖਯਾ ਨਾਲ ਦਸਦੇ ਹਨ। ਇਹ ਸ਼ਲੋਕ ਮੁਲਾਂ ਕਾਜੀਆਂ ਪ੍ਰਤੀ ਦ੍ਰਿੜ੍ਹਾਏ ਉਪਦੇਸ਼ ਵਿਚੋਂ ਹੈ। ਫੁਰਮਾਂਦੇ ਹਨ ਕਿ ਅਸਲ ਕਾਜੀ ਉਹ ਹੈ ਜੋ ਸੁਪਨੇ ਵਿਚ ਭੀ ਕਾਮ ਦੇ ਵਿਸ਼ ਦੇ ਵਸ ਨਹੀਂ ਹੁੰਦਾ ਤੇ ਬਿੰਦ, ਭਾਵ ਵੀਰਜ ਪਾਤ ਨਹੀਂ ਹੋਣ ਦੇਂਦਾ। ਮੁਸਲਮਾਨ ਹਾਕਮ ਤੇ ਕਾਜੀ ਮੁਲਾਣੇ ਉਸ ਸਮੇਂ ਰਾਜ ਭਾਗ ਦੇ ਮਾਲਕ ਸਨ ਤੇ ਆਪਣੀ ਪਰਜਾ ਦੇ ਮਾਲ ਤੇ ਇਜ਼ਤ ਲੁਟਣ ਵਿਚ ਸੰਕੋਚ ਨਹੀਂ ਕਰਦੇ ਸਨ ਉਹਨਾਂ ਆਗੂਆਂ ਦੀ ਕਾਮ ਵਾਸ਼ਨਾ ਵਲ ਇਸ਼ਾਰਾ ਕਰਦੇ ਹੋਏ ਕਹਿੰਦੇ ਹਨ ਕਿ ਉਸ ਕਾਜੀ ਨੂੰ ਬੁਢੇਪ (ਜਰਾ) ਤੇ ਮੌਤ ਨਹੀਂ ਆਉਂਦੀ, ਭਾਵ ਏਹਨਾਂ ਤੋਂ ਦੁਖ ਨਹੀਂ ਵਿਆਪਦੇ, ਜੋ ਸੁਪਨੇ ਵਿਚ ਭੀ ਨਾਜਾਇਜ਼ ਭੋਗ ਦੀ ਇਛਾ ਨਹੀਂ ਕਰਦਾ। ਭਾਵ ਐਸਾ ਕਾਜ਼ੀ ਆਦਰਸ਼ਕ ਹੈ ਤੇ ਆਪਣੇ ਧਰਮ ਦਾ ਪਾਬੰਦ ਹੈ।

* ਸ: ਕੇਸਰ ਸਿੰਘ ਜੀ,

ਪੰਜਾਬ ਮਿਸ਼ਠਾਨ ਭੰਡਾਰ, ਮੁਗਲ ਸਰਾਏ

ਸੁਆਲ—ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ ਹੈ, 'ਰਹਿਣੀ ਰਹੇ ਸੋਈ ਸਿਖ ਮੇਰਾ' ਫਿਰ ਫੁਰਮਾਉਂਦੇ ਹਨ, 'ਰਹਿਤ ਪਿਆਰੀ ਮੋਹਿ ਕੋ ਸਿਖ ਪਿਆਰਾ ਨਾਹਿ'। ਸ਼ੰਕਾ ਹੈ ਕਿ ਜੇ ਸਿਖ ਹੀ ਨਾ ਰਹੇ ਤਾਂ ਰਹਿਤ ਕੌਣ ਰਖੇਗਾ ?

ਜਵਾਬ—ਦੋਹਾਂ ਹੁਕਮਾਂ ਦਾ ਭਾਵ ਰਹਿਤ ਉਪਰ ਜ਼ੋਰ ਦੇਣਾ ਹੈ। ਸਿਖ ਭਾਵੇਂ ਸ਼ਕਲੋਂ ਸੁਹਣਾ ਤੇ ਸਰੀਰੋਂ ਤਕੜਾ ਹੋਵੇ ਪਰ ਰਹਿਣੀ ਉਸ ਦੀ ਚਗੀ ਨਾ ਹੋਵੇ, ਤਾਂ ਉਹ ਪਿਆਰਾ ਨਹੀਂ ਗੁਰੂ ਨੂੰ। ਭਾਵੇਂ ਸ਼ਕਲ ਸਰੀਰ ਚੰਗੇ ਨਾ ਵੀ ਹੋਣ, ਪਰ ਉਚੀ ਰਹਿਤ ਹੋਵੇ ਤਾਂ ਉਹ ਸਿਖ ਪਿਆਰਾ ਹੈ। ਜਿਵੇਂ ਕਹੀਦਾ ਹੈ, "ਕੰਮ ਪਿਆਰਾ ਹੈ, ਚੰਮ ਨਹੀਂ"। ਜਾਂ ਉਰਦੂ ਦਾ ਇਕ ਸ਼ੇਅਰ ਹੈ 'ਸੀਰਤ ਕੇ ਹਮ ਗੁਲਾਮ ਹੈਂ ਸੂਰਤ ਹੂਈ ਤੋਂ ਕਿਆ। ਸੁਰਖ ਸੁਪੇਦ ਮਟੀ ਕੀ ਮੂਰਤ ਹੁਈ ਤੋਂ ਕਿਆ।

ਸੁਆਲ (੨)—ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਕਿਨ੍ਹਾਂ ਬਧੀ ਤੇ ਗੁਰਿਆਈ ਕਿਹੜੀ ਬੀੜ ਨੂੰ ਦਿਤੀ ਗਈ ?

ਜਵਾਬ—ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਚਾਰ ਸਤਿਗੁਰਾਂ ਦੀ ਬਾਣੀ ਢੂੰਡ ਖੋਜ ਕੇ ਇਕਠੀ ਕੀਤੀ ਅਤੇ ਉਹਨਾਂ ਦੇ ਮੱਤ ਦੀ ਅਨੁਸਾਰੀ ਬਾਣੀ ਭਗਤਾਂ ਦੀ ਭੀ ਇਕੱਤਰ ਕੀਤੀ। ਇਹ ਪਹਿਲੇ ਗੁਰੂ ਸਾਹਿਬਾਨ ਭੀ ਕੁਝ ਕਰ ਗਏ ਸਨ। ਫਿਰ ਪੰਜਵੇਂ ਗੁਰੂ ਜੀ ਨੇ ਆਪਣੀ ਬਾਣੀ ਭੀ ਉਚਾਰੀ ਤੇ ਸਾਰੀ ਬਾਣੀ ਨੂੰ ਰਾਗਾਂ ਅਨੁਸਾਰ ਤਰਤੀਬ ਦੇ ਕੇ ਭਾਈ ਗੁਰਦਾਸ ਜੀ ਤੋਂ ਇਕ ਗ੍ਰੰਥ ਵਿਚ ਲਿਖਵਾਈ। ਇਸ ਵਿਚ ਭਟਾਂ ਦੇ ਸ੍ਵਯੇ ਸ਼ੱਦ ਆਦਿ ਹੋਰ ਭੀ ਬਾਣੀ ਦਰਜ ਕਰਾਈ ਤੇ ਗ੍ਰੰਥ ਦੀ ਬੀੜ ਬੰਨ੍ਹਵਾ ਕੇ ਇਸ ਦਾ ਨਾਮ "ਆਦਿ ਗ੍ਰੰਥ" ਰਖਿਆ। ਗੁਰਬਾਣੀ ਦਾ ਸੋਮਾਂ ਹੋਣ ਕਰ ਕੇ ਇਸ ਗ੍ਰੰਥ ਦਾ ਅਦਬ ਸਤਕਾਰ 'ਸ਼ਬਦ ਗੁਰੂ' ਵਜੋਂ ਗੁਰੂ ਵਾਂਗ ਹੀ ਹੁੰਦਾ ਰਿਹਾ। ਫਿਰ ਦੂਜੀ ਵਾਰੀ ਬਾਣੀ ਦੇ ਸੰਕਲਨ ਦਾ ਕੰਮ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਤੇ ਭਾਈ ਮਨੀ ਸਿੰਘ ਜੀ ਦੀ ਸੁੰਦਰ ਲੇਖਣੀ ਦੁਆਰਾ "ਆਦਿ ਗ੍ਰੰਥ" ਵਿਚ ਨੌਵੇਂ ਸਤਿਗੁਰੂ, ਗੁਰੂ ਤੇਗ ਬਹਾਦਰ ਜੀ ਦੀ ਬਾਣੀ ਥਾਂ ਥਾਂ ਚੜ੍ਹਵਾ ਕੇ ਬੀੜ (ਜਿਲਦ) ਬਨ੍ਹਵਾਈ ਤੇ ਇਸ ਦਾ ਨਾਮ "ਗੁਰੂ ਗ੍ਰੰਥ" ਰਖਿਆ। ਫਿਰ ਜੋਤੀ ਜੋਤ ਸਮਾਉਣ ਸਮੇਂ "ਗੁਰੂ ਗ੍ਰੰਥ" ਸਾਹਿਬ ਨੂੰ ਸ਼ਬਦ ਅਤੇ ਦੇਹ—ਦੋਹਾਂ ਰੂਪਾਂ ਵਿਚ ਗੁਰੂ ਅਸਥਾਪਤ ਕੀਤਾ ਤੇ ਮਨੁਖੀ ਦੇਹ ਵਾਲੀ ਗੁਰੂ ਪ੍ਰਣਾਲੀ ਨੂੰ ਖਤਮ ਕਰ ਦਿਤਾ ਤੇ ਫੁਰਮਾਇਆ "ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ"।

* ਗਿ: ਨਿਰੰਜਨ ਸਿੰਘ

ਪਿੰਡ ਟਾਂਡਾ ਮੱਲ ਜ਼ਿਲਾ ਨੈਨੀਤਾਲ

ਸੁਆਲ—ਨਿੰਦਿਆ ਨੂੰ ਗੁਰਮਤਿ ਵਿਚ ਮਾੜਾ ਲਿਖਿਆ ਹੋਇਆ ਹੈ, ਖਾਸ ਕਰ ਕੇ ਭਗਤ ਰਵਿਦਾਸ ਜੀ ਦੇ ਸ਼ਬਦ ਵਿਚ ਬੜੀ ਨਖੇਧੀ ਕੀਤੀ ਗਈ ਹੈ। ਪ੍ਰੰਤੂ ਅਗਰ ਬੁਰੇ ਆਦਮੀ ਨੂੰ ਬੁਰਾ ਕਿਹਾ ਜਾਏ ਤਾਂ ਵੀ ਨਿੰਦਿਆ ਹੈ ?

ਜਵਾਬ—ਬਦਨਾਮੀ ਕਰਨ ਲਈ ਦੋਸ਼ ਪ੍ਰਗਟ

ਕਰਨ ਦੀ ਕਿਰਿਆ ਨੂੰ ਨਿੰਦਾ ਕਹੀਦਾ ਹੈ। ਮਾੜੇ ਨੂੰ ਮਾੜਾ ਕਹਿਣਾ ਨਿੰਦਾ ਵਿਚ ਤਾਂ ਨਹੀਂ ਆਉਂਦਾ ਪਰ ਜੇ ਨੀਯਤ ਵਿਚ ਉਸ ਦੀ ਸੁਧਾਈ ਹੋਵੇ, ਬਦਨਾਮੀ ਕਰ ਕੇ ਨੁਕਸਾਨ ਕਰਨਾ ਨਾ ਹੋਵੇ। ਮਾੜਾ ਵੀ ਹੋਵੇ ਤੇ ਕਮਜ਼ੋਰ ਵੀ ਤਾਂ ਨਿੰਦਾ ਸੌਖੀ ਹੋ ਜਾਂਦੀ ਹੈ ਪਰ ਤਕੜਾ ਬੁਰਾ ਹੋਵੇ ਤਾਂ ਨਿੰਦਾ ਸੁਖਾਲੀ ਨਹੀਂ ਹੁੰਦੀ। ਉਸ ਦੀ ਖੁਸ਼ਾਮਦ ਤੇ ਉਸਤਤਿ ਕੀਤੀ ਜਾਂਦੀ ਹੈ। ਉਹ ਉਸਤਤਿ ਵੀ ਨਿੰਦਨੀਯ ਹੈ। ਕਿਸੇ ਦੇ ਔਗੁਣਾਂ ਨੂੰ ਵੀ ਜਰ ਜਾਣਾ ਤੇ ਉਸ ਨੂੰ ਮਾੜਾ ਨਾ ਕਹਿਣਾ, ਇਹ ਉਸਤਤਿ ਨਿੰਦਾ ਤੋਂ ਉਪਰ ਉਠਣਾ ਹੈ।

ਸੁਆਲ– ਸਤ ਸੰਗਤ ਕੀ ਹੈ?

ਜਵਾਬ—ਗੁਰਮਤ ਅਨੁਸਾਰ ਤਾਂ ਫੁਰਮਾਨ ਹੈ: "ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥' ਸਦੀਵੀ ਕੀਮਤ ਵਾਲੀ ਜੇ ਕੋਈ ਸੰਗਤ ਹੈ ਤਾਂ ਉਹੋ ਹੈ। ਪਰ ਚੰਗੀ ਸੰਗਤ ਨੂੰ ਭੀ 'ਸਦ-ਸੰਗਤ' ਜਾਂ 'ਸਤਸੰਗਤ' ਕਿਹਾ ਜਾਂਦਾ ਹੈ। ਗੁਰਮਤ ਵਿਚ ਗੁਣਾਂ ਤੇ ਚੰਗਿਆਈਆਂ ਦਾ ਸੋਮਾ ਫਿਰ ਨਾਮ ਹੈ। ਸੇਵਾ, ਸਿਮਰਨ, ਕੀਰਤਨ, ਪਰਮੇਸ਼ਰ ਦੀ ਸਿਫਤ ਸਲਾਹ, ਚਰਚਾ, ਗੋਸ਼ਟੀ ਦੇ ਸਮਾਗਮਾਂ ਵਿਚ ਜਾਣ ਨੂੰ ਭੀ ਸਤਿ-ਸੰਗਤ ਕਿਹਾ ਜਾਂਦਾ ਹੈ।

* ਸ: ਜਸਵੰਤ ਸਿੰਘ ਭਾਟੀਆ
ਮਨਜੀਤ ਜਨਰਲ ਸਟੋਰ ਮਨਚੀਰੀਅਲ

ਸੁਆਲ—ਕੀ ਮਹਾਰਾਜ ਦੀ ਹਜ਼ੂਰੀ ਵਿਚ ਠਾਠਾ ਬੰਨ੍ਹ ਕੇ ਜਾਣਾ ਚਾਹੀਦਾ ਹੈ?

ਜਵਾਬ - ਕੀ ਤੁਸੀਂ ਠਾਠਾ ਬੰਨ੍ਹ ਕੇ ਦਫਤਰ ਜਾਂ ਆਪਣੇ ਅਫਸਰ ਸਾਹਮਣੇ ਜਾਂਦੇ ਹੋ। ਕਿਉਂ ਨਹੀਂ ਜਾਂਦੇ?

* ਸ: ਅਰਜਨ ਸਿੰਘ
ਬਿਲਾਸਪੁਰ ਮ: ਪ:

ਸੁਆਲ—ਸਿਮਰਨਾ ਕਿਉਂ ਫੇਰਿਆ ਜਾਂਦਾ ਹੈ? ਇਹ ਮਾਸਟਰ ਜੀ ਕਿਉਂ ਹੱਥ ਵਿਚ ਰੱਖਦੇ ਸਨ?

ਜਵਾਬ—ਮਨ ਦੀ ਇਕਾਗਰਤਾ ਲਈ ਹੱਥਾਂ ਤੋਂ ਭੀ ਮਦਦ ਲਈ ਜਾ ਸਕਦੀ ਹੈ ਜੋ ਸਿਮਰਨੇ ਰਾਹੀਂ ਸੁਖਾਲੀ ਹੈ। ਹੱਥ ਨਿਕਾਰੇ ਨਹੀਂ ਬੈਠਦੇ। ਤੁਸਾਂ ਵੇਖਿਆ ਹੋਣਾ ਹੈ ਕਿ ਕਈ ਸਜਣ ਗਲਾਂ ਕਰਦੇ ਹੱਥ ਨਾਲ ਮੰਜੀ ਦਾ ਵਾਣ ਜਾਂ ਸਫ਼ ਦੇ ਤਿਣਕੇ ਤਰੁੰਡਦੇ ਰਹਿੰਦੇ ਹਨ ਜਾਂ ਜਾਂ ਹੱਥ ਕਲਮ ਹੋਵੇ ਤਾਂ ਲੀਕਾਂ ਜਾਂ ਘੁਚ ਮਚੋਲੇ ਝਰੀਟਦੇ ਰਹਿੰਦੇ ਹਨ। ਇਨ੍ਹਾਂ ਨੂੰ ਬਾਇਜ਼ਤ ਆਹਰੇ ਲਾਈ ਰਖਣਾ ਵੀ ਸਿਮਰਨੇ ਦਾ ਕੰਮ ਹੈ। ਜੇ ਸਿਮਰਨੇ ਨਾਲ ਸਤਿਨਾਮ ਵਾਹਿਗੁਰੂ ਨੂੰ ਚਿਤਾਰੋ ਤਾਂ ਬਹੁਤ ਅਛਾ। ਹੋਰ ਇਸ ਨਾਲ ਆਪਣੇ ਸੁਧਾਰ ਦੀ ਸੋਚ ਬਿਰਤੀ ਨੂੰ ਰਵਾਨਗੀ ਦੇ ਸਕਦੇ ਹੋ। ਮਾਸਟਰ ਜੀ ਹੱਥਾਂ ਨੂੰ ਕਾਰੇ ਲਾਉਣ ਲਈ ਸਿਮਰਨਾ ਵਰਤਦੇ ਸਨ। ਕਦੇ ਕਦਾਈਂ ਇਸ ਨਾਲ ਨਾਮ ਭੀ ਜਪਦੇ ਸਨ। ਪਰ ਬਹੁਤਾ ਨਿਤਨੇਮ ਤੇ ਗੁਰੂ ਗ੍ਰੰਥ ਸਾਹਿਬ ਦੇ ਪਾਠ ਰਾਹੀਂ, ਜਾਂ ਵਾਹਿਗੁਰੂ ਦੇ ਵਿਚਾਰ ਰਾਹੀਂ ਹੀ ਵਾਹਿਗੁਰੂ ਨੂੰ ਯਾਦ (ਸਿਮਰਨ) ਕਰਦੇ ਸਨ। ਉਹ ਬਹੁਤਾ ਪੰਥ ਬਿਰਧੀ ਦੀਆਂ ਗੱਲਾਂ ਬਾਤਾਂ ਕਰਦਿਆਂ ਹੱਥਾਂ ਨੂੰ ਰੁਝਾਈ ਰਖਣ ਲਈ ਸਿਮਰਨਾ ਵਰਤਦੇ ਸਨ। ਜੇ ਸਿਮਰਨਾ ਹਥ ਨਾ ਹੁੰਦਾ ਤਾਂ ਰੋੜ ਕੰਕਰ ਖੁਰਚ ਕਢਦੇ ਜਾਂ ਨਾਲੇ ਦਾ ਸਿਰਾ ਕਢ ਕੇ ਨਾਲੇ ਦੀ ਹਰੜ (ਗੁੰਦਵੀ ਗੰਢ) ਨੂੰ ਉਂਗਲਾਂ ਵਿਚ ਫੇਰਨ ਲਗ ਪੈਂਦੇ। ਇਕਾਗਰਤਾਂ ਵਿਚ ਇਤਨ ਗੁਆਚ ਜਾਂਦੇ ਕਿ ਪਤਾ ਨਾ ਲਗਦਾ ਕਿ ਹੱਥ ਕੀ ਕਰ ਰਹੇ ਹਨ। ਉਸ ਸਮੇਂ ਸਿਮਰਨਾ ਲਿਆ ਕੇ ਹਥਾਂ ਵਿਚ ਫੜਾ ਦੇਈਦਾ ਸੀ ਤੇ ਆਪ ਮੁਸਕਰਾ ਕੇ ਸਿਮਰਨਾ ਫੇਰਨ ਲਗ ਜਾਂਦੇ ਸਨ।

* ਸ: ਹਰੀ ਸਿੰਘ ਨਿਹੰਗ ਸਿੰਘ,
ਡੇਰਾ ਬਾਬਾ ਜਗਜੀਤ ਸਿੰਘ, ਨਾਗਪੁਰ।

ਸੁਆਲ—ਅਸਾਂ ਆਪ ਤੋਂ ਬਾਬਾ ਗੁਰਦਿਤਾ ਜੀ ਦੇ ਅਕਾਲ ਚਲਾਣੇ ਦੀ ਸਾਖੀ ਪੁਛੀ ਸੀ ਪਰ ਉਹ ਆਪ ਨੇ ਲਿਖੀ ਨਹੀਂ, ਕਰਾਮਾਤ ਬਾਰੇ ਬਹੁਤਾ ਲਿਖਿਆ ਹੈ। ਇਹ ਅਸਾਂ ਵੀ ਜਾਣਦੇ ਹਾਂ ਕਿ ਗੁਰਮਤਿ ਵਿਚ ਕਰਾ-ਮਾਤ ਵਖਾਣੀ ਨਾਜਾਇਜ਼ ਹੈ, ਪਰ ਸਾਖੀ ਲਿਖਣ ਤੋਂ ਆਪ ਨੇ ਸੰਕੋਚ ਕਿਉਂ ਕੀਤਾ?

ਜਵਾਬ– ਸੰਨ ੧੬੯੫ ਵਿਚ ਸ੍ਰੀ ਬਾਬਾ ਗੁਰ-ਦਿਤਾ ਜੀ ਦਾ ਚਲਾਣਾ ਹੋਇਆ। ਲਿਖਿਆ ਹੈ ਕਿ ਬਾਬਾ ਜੀ ਇਕ ਸਿਖ ਦੀ ਲੜਕੀ ਨਾਲ ਸ਼ਾਦੀ ਕਰਨਾ ਚਾਹੁੰਦੇ ਸਨ, ਪਰ ਗੁਰੂ ਜੀ ਨੇ ਕਿਹਾ, "ਇਸ ਸਿਖ ਨੂੰ ਅਸੀਂ ਆਪਣਾ ਪੁਤਰ ਕਹਿ ਚੁਕੇ ਹਾਂ, ਇਸ ਲਈ ਇਸ ਦੀ ਬੇਟੀ ਨਾਲ ਤੁਹਾਨੂੰ ਸ਼ਾਦੀ ਨਹੀਂ ਕਰਨੀ ਚਾਹੀਦੀ"। ਇਕ ਹੋਰ ਸਾਖੀ ਅਨੁਸਾਰ ਆਪ ਤੋਂ ਸ਼ਿਕਾਰ ਵਿਚ ਇਕ ਗਊ ਮਾਰੀ ਗਈ ਜਿਸ ਨੂੰ ਆਪ ਕਰਾਮਾਤ ਨਾਲ ਜ਼ਿੰਦਾ ਕਰਨਾ ਚਾਹੁੰਦੇ ਸਨ। ਛੇਵੇਂ ਸਤਿਗੁਰਾਂ ਨੇ ਰੋਕਿਆ ਕਿ

"ਕਰਾਮਾਤ ਨਾਮ ਕਹਿਰ ਦਾ ਹੈ ਇਹ ਕੰਮ ਨਹੀਂ ਕਰਨਾ"। ਇਸ ਪੁਰ ਆਪ ਸਮਾ ਗਏ।

ਯਕੀਨੀ ਗੱਲ ਦਾ ਪਤਾ ਨਹੀਂ ਲਗਦਾ। ਇਸ ਲਈ ਜਵਾਬ ਨਹੀਂ ਦਿਤਾ ਸੀ ਤੇ ਅਸੂਲ ਦੀ ਗੱਲ ਲਿਖ ਕੇ ਗਲ ਮੁਕਾਈ ਸੀ।

❋ ਸ: ਮੇਹਰ ਸਿੰਘ, ਮਾਰਫਤ
ਮਿਸਟਰ ਸਚਦੇਵ, ਬਰਨਪੁਰ।

ਸੁਆਲ—ਗੁਰਦੁਆਰਾ ਗਰਨਾ ਸਾਹਿਬ ਬਾਰੇ ਕੁਝ ਵਾਕਫ਼ੀ ਦੇਣੀ। ਇੰਗਲੈਂਡ ਕਿਹੜੇ ਮਹਾਂਦੀਪ ਵਿਚ ਹੈ ? ਸੰਸਾਰ ਵਿਚ ਕਿਤਨੇ ਦੇਸ਼ ਹਨ ?

ਜਵਾਬ—ਇਹ ਜ਼ਿਲਾ ਹੁਸ਼ਿਆਰਪੁਰ ਥਾਣਾ ਦਸੂਹਾ ਵਿਚ, ਪਿੰਡ ਬੋਦਲ ਦੇ ਪਛਮ ਵਲ ੫੦੦ ਗਜ਼ ਦੀ ਵਿਥ ਤੇ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦਵਾਰਾ ਹੈ। ਇਥੇ ਸ਼ਿਕਾਰ ਖੇਡਣ ਲਈ ਆਪ ਆਏ ਤਾਂ ਗਰਨੇ ਬ੍ਰਿਛ ਹੇਠ ਕੁਝ ਸਮਾਂ ਠਹਿਰੇ ਤੇ ਪਿੰਡ ਬੋਦਲ ਦੇ 'ਚੂਹੜ' ਮਿਰਾਸੀ ਨੂੰ ਬੁਲਾ ਕੇ ਕਿਹਾ ਕਿ ਤੂੰ ਕੀਰਤਨ ਕੀਤਾ ਕਰ, ਉਸ ਨੂੰ ਇਕ ਰਬਾਬ ਵੀ ਦਿਤਾ। ਰਬਾਬ ਤੇ ਗਰਨੇ ਦਾ ਬ੍ਰਿਛ ਮੌਜੂਦ ਹਨ। (੨) ਇੰਗਲੈਂਡ ਯੋਰਪ ਮਹਾਂਦੀਪ ਵਿਚ ਹੈ। ਸੰਸਾਰ ਦੇ ਦੇਸ਼ਾਂ ਦੀ ਗਿਣਤੀ ਪੂਰੀ ਪਤਾ ਨਹੀਂ, ਪਰ ਕੌਮਾਂਤ੍ਰੀ ਸਭਾ (ਯੂ: ਐਨ) ਦੇ ਮੈਂਬਰ ੧੩੦ ਕੁ ਦੇਸ਼ ਹਨ। ਬੰਗਲਾ ਦੇਸ਼ ਅਜੇ ਇਸ ਦਾ ਮੈਂਬਰ ਨਹੀਂ ਬਣ ਸਕਿਆ।

❋ ਸ: ਸਰਦਾਰ ਸਿੰਘ ਜੀ ਬੈਰਾਗੀ ਫਰੀਦਾ-ਬਾਦ ਵਾਲੇ ਬਹੁਤ ਸਾਰੀਆਂ ਵਿਚਾਰਾਂ ਤੇ ਸੁਝਾਂ ਦਸਦੇ ਹਨ। ਕਿਤਾਬਾਂ ਬਾਰੇ ਭੀ ਪੁਛਦੇ ਹਨ। ਚਿਠੀ ਰਾਹੀਂ ਜਵਾਬ ਦਿਤਾ ਜਾਵੇਗਾ।

❋ ਸ: ਗੁਬਿੰਦ ਸਿੰਘ ਜੀ ਛਾਬੜਾ ਕੁਰਾਓਂ ਵਾਲੇ ਨਨਕਾਣੇ ਸਾਹਬ ਵਿਖੇ ਸ਼ਹੀਦ ਹੋਏ ਸਿੰਘਾਂ ਦੀ ਸੂਚੀ ਮੰਗਦੇ ਹਨ ਤੇ ਲਿਖਦੇ ਹਨ ਕਿ ਇਕ ਵਾਰ ਅਗੇ ਤੁਸਾਂ ੮੬ ਸ਼ਹੀਦ ਹੋਏ ਸਿੰਘਾਂ ਦੇ ਨਾਮ ਤੇ ਪਿੰਡ ਲਿਖੇ ਸਨ। ਫਿਰ ਲਿਖੋ। ਬੇਨਤੀ ਹੈ ਕਿ ਕਾਗਜ਼ ਦੀ ਤੰਗੀ ਹੈ, ਫਿਰ ਕਦੇ ਛਾਪਾਂਗੇ।

❋ ਸ: ਬਹਾਦਰ ਸਿੰਘ
ਦਸ਼ਮੇਸ਼ ਡੇਹਰੀ, ਸਵਾਈ ਮਾਧੋਪੁਰ

ਸੁਆਲ—ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਅੰਗ੍ਰੇਜ਼ੀ ਵਿਚ ਕਿਸੇ ਸਜਣ ਦਾ ਲਿਖਿਆ ਹੋਇਆ ਹੈ ?

ਜਵਾਬ—ਇਕ ਟੀਕਾ ਗਿਆਨੀ ਮਨਮੋਹਨ ਸਿੰਘ ਦਾ ਸ਼੍ਰੋਮਣੀ ਕਮੇਟੀ ਨੇ ਛਾਪਿਆ ਹੈ। ਦੂਜਾ ਡਾਕਟਰ ਗੁਪਾਲ ਸਿੰਘ ਦਰਦੀ ਦਾ ਭੀ ਮਿਲਦਾ ਹੈ।

ਆਪ ਹੋਰ ਭੀ ਦੋ ਸਵਾਲ ਪੁਛਦੇ ਹਨ, ਪਰ ਉਹ ਪੂਰੇ ਸਪਸ਼ਟ ਨਹੀਂ, ਇਸ ਲਈ ਸਪਸ਼ਟ ਕਰ ਕੇ ਫਿਰ ਪੁਛ ਭੇਜੋ ਜੀ।

* ਸ: ਹਰੀ ਸਿੰਘ ਜੀ ਸੋਹਲ ਮੋਤੀਪਾਰਾ ਵਾਲੇ ਛੋਟੇ ਘਲੂਘਾਰੇ ਬਾਰੇ ਪੁਛਦੇ ਹਨ ਕਿ ਉਸ ਵਿਚ ਕਿੰਨੇ ਸਿੰਘ ਸ਼ਹੀਦ ਹੋਏ। ਬੇਨਤੀ ਹੈ ਕਿ ਇਤਿਹਾਸਕਾਰਾਂ ਦਾ ਅੰਦਾਜ਼ਾ ਹੈ ਕਿ ੫ ਤੋਂ ੬ ਹਜ਼ਾਰ ਸਿੰਘ ਇਸ ਘਲੂਘਾਰੇ ਵਿਚ ਸ਼ਹੀਦ ਹੋਏ।

❋ ਸ: ਧਰਮ ਸਿੰਘ ਸਤੀ ਗੇਟ, ਉਜੈਨ।

ਸੁਆਲ—ਮੂਲ ਮੰਤ੍ਰ ਕਿਥੋਂ ਤਕ ਹੈ ਤੇ ਵਧ ਪੜ੍ਹਨਾ ਚਾਹੀਦਾ ਹੈ ਜਾਂ ਨਹੀਂ ?

ਜਵਾਬ—ਇਕ ਓਅੰਕਾਰ ਤੋਂ ਲੈ ਕੇ ਗੁਰਪ੍ਰਸਾਦਿ ਤਕ ਨੂੰ ਮੂਲ ਮੰਤ੍ਰ ਕਿਹਾ ਜਾਂਦਾ ਹੈ। ਪਿਛਲੀ ਵਾਰੀ ਭੀ ਇਸ ਬਾਰੇ ਲਿਖਿਆ ਸੀ ਕਿ ਜੇ ਕੋਈ ਸਜਣ ਵਧ ਪੜ੍ਹਦੇ ਹਨ, ਤਾਂ ਉਹ ਗੁਰਬਾਣੀ ਤਾਂ ਹੈ, ਮੂਲ ਮੰਤ੍ਰ ਨਹੀਂ। ਗੁਰਬਾਣੀ ਦਾ ਇਕ ਸਲੋਕ ਕੋਈ ਵਧ ਪੜ੍ਹ ਲਵੇ, ਤਾਂ ਕਈ ਹਰਜ ਨਹੀਂ।

• ਸ: ਰਾਜਿੰਦਰ ਸਿੰਘ ਗੋਂਦੀਆ
ਉਲਹਾਸ ਨਗਰ, ਬੰਬਈ।

ਸੁਆਲ—ਕਈ ਪ੍ਰਚਾਰਕ ਕਹਿੰਦੇ ਹਨ ਕਿ ਜਦ ਛੋਟੇ ਸਾਹਿਬਜ਼ਾਦੇ ਸ਼ਹੀਦ ਹੋ ਗਏ, ਤਾਂ ਮਾਤਾ ਗੁਜਰੀ ਜੀ ਨੇ ਬੁਰਜ ਵਿਚੋਂ ਛਾਲ ਮਾਰ ਕੇ ਜਾਂ ਸੋਧਾਂ ਜਾਂ ਦੀਵਾਰ ਨਾਲ ਟਕਰਾ ਕੇ ਮਸਤਕ ਪਾੜ ਲਿਆ। ਕੀ ਇਹ ਸ਼ਹੀਦੀ ਹੈ ਜਾਂ ਆਤਮਘਾਤ ?

ਜਵਾਬ-ਸਾਹਿਬਜ਼ਾਦਿਆਂ ਦੇ ਧਰਮ ਬਚਾਉਣ ਲਈ ਉਹ ਜੀਵਤ ਰਹੇ ਤੇ ਉਹਨਾਂ ਨੂੰ ਸਾਬਤ ਕਦਮ ਰਹਿ ਕੇ ਸ਼ਹੀਦ ਹੁੰਦਿਆ ਵੇਖ ਜਾਂ ਸੁਣ ਲਿਆ। ਬਾਹਦ ਆਪ ਨੂੰ ਜ਼ਿੰਦਾ ਰਹਿਣ ਦਾ ਕੋਈ ਗੁਣ ਨਾ ਜਾਪਿਆ ਤਾਂ ਆਪ ਨੇ ਆਪਣੀ ਤੇ ਪਰਿਵਾਰ ਦੀ ਪੱਤ ਬਚਾਣ ਲਈ ਆਪਣੀ ਜਾਨ ਦੇ ਦਿਤੀ। ਇਹ ਸ਼ਹੀਦੀ ਹੈ। ਕਾਜ ਦੀ ਮਹਤਤਾ ਬਹੁਤੀ ਹੈ, ਮਰਨ ਦੇ ਤਰੀਕੇ ਦੀ ਘਟ। ਪਾਕਿਸਤਾਨ ਵਿਚ ਬਹੁਤ ਸਤਵੰਤੀਆਂ ਨੇ ਇਸੇ ਤਰ੍ਹਾਂ ਸ਼ਹਾਦਤ ਦਿਤੀ। ਮਰਨ ਵਰਤ ਭੀ ਇਸੇ ਕਿਸਮ ਦੀ ਸ਼ਹੀਦੀ ਲਈ ਹੁੰਦਾ ਹੈ।

ਯੂਨਟ

ਆਮ ਲੋਕਾਂ ਲਈ ਪੂੰਜੀ ਲਾਣ ਦਾ ਆਦਰਸ਼ਕ ਸਾਧਨ

ਯੂਨਿਟ ਟਰੱਸਟ ਇਕ ਸਰਕਾਰੀ ਸੰਸਥਾ ਹੈ ਜਿਸ ਰਾਹੀਂ ਆਮ ਲੋਕ ਆਪਣੀ ਪੂੰਜੀ ਤੋਂ ਚੋਖੀ ਆਮਦਨ ਪ੍ਰਾਪਤ ਕਰ ਸਕਦੇ ਹਨ। ਰੀਜ਼ਰਵ ਬੈਂਕ ਅਤੇ ਕੁਝ ਹੋਰ ਮਾਲੀ ਸੰਸਥਾਵਾਂ ਵਲੋਂ ਕਾਇਮ ਕੀਤਾ ਗਿਆ ਮਾਹਿਰਾਂ ਦਾ ਇਕ ਬੋਰਡ ਇਸ ਟਰੱਸਟ ਦਾ ਪ੍ਰਬੰਧ ਕਰਦਾ ਹੈ। ਇਹ ਟਰੱਸਟ ਯੂਨਟ ਵੇਚਦਾ ਹੈ ਤੇ ਉਹਨਾਂ ਤੋਂ ਇਕੱਠੀ ਹੋਈ ਪੂੰਜੀ ਖ਼ਾਸ ਖ਼ਾਸ ਹਿਸਿਆਂ ਅਤੇ ਹੁੰਡੀਆਂ ਵਿਚ ਲਗਾਂਦਾ ਹੈ। ਇਸ ਤਰ੍ਹਾਂ ਲਗੀ ਪੂੰਜੀ ਤੋਂ ਹਰ ਸਾਲ ਜਿਹੜੀ ਆਮਦਨ ਹੁੰਦੀ ਹੈ ਉਸ ਵਿਚੋਂ ਟਰੱਸਟ ਦਾ ਖ਼ਰਚਾ ਕਢ ਕੇ ਬਾਕੀ ਦੀ ਰਕਮ ਉਹਨਾਂ ਯੂਨਟਾਂ ਦੇ ਮਾਲਕਾਂ ਵਿਚ ਉਨ੍ਹਾਂ ਦੇ ਹਿਸੇ ਅਨੁਸਾਰ ਵੰਡ ਦਿਤੀ ਜਾਂਦੀ ਹੈ ਜਿਨ੍ਹਾਂ ਦੇ ਨਾਂ ੩੦ ਜੂਨ ਨੂੰ ਰਜਿਸਟਰ ਵਿਚ ਦਰਜ ਹੁੰਦੇ ਹਨ। ਯੂਨਟ ਟਰੱਸਟ ਦਾ ਹਿਸਾਬ-ਕਿਤਾਬ ਦਾ ਸਾਲ ਜੁਲਾਈ ਤੋਂ ਜੂਨ ਤਕ ਹੁੰਦਾ ਹੈ ਤੇ ਸਭ ਯੂਨਟ-ਮਾਲਕਾਂ ਨੂੰ ਪੂਰੇ ਸਾਲ ਦਾ ਮੁਨਾਫ਼ਾ ਦਿਤਾ ਜਾਂਦਾ ਹੈ ਭਾਵੇਂ ਉਹਨਾਂ ਨੇ ਯੂਨਟ ਕਿਸੇ ਵੀ ਤਰੀਕ ਨੂੰ ਖਰੀਦੇ ਹੋਣ। ੧੯੭੨-੭੩ ਦੇ ਸਾਲ ਵਿਚ ਇਸ ਟਰੱਸਟ ਨੇ ੮- ੧/੨ ਪ੍ਰਤੀਸ਼ਤ ਮੁਨਾਫ਼ਾ ਦਿਤਾ।

ਇਕ ਯੂਨਟ ਦਾ ਅੰਕਿਤ ਮੁਲ ੧੦ ਰੁਪਏ ਹੈ ਤੇ ਇਹ ਦਸ ਦੇ ਗੁਣਿਆਂ ਵਿਚ ਮਿਲਦੇ ਹਨ। ਘਟ ਤੋਂ ਘਟ ਦਸ ਯੂਨਿਟ ਖਰੀਦਣੇ ਪੈਂਦੇ ਹਨ ਪਰ ਖ਼ਰੀਦ ਦੀ ਉਪਰਲੀ ਹਦ ਕੋਈ ਨਹੀਂ, ਅਰਥਾਤ ਕੋਈ ਵਿਅਕਤੀ ਜਿੰਨੇ ਚਾਹੇ ਖ਼ਰੀਦ ਸਕਦਾ ਹੈ। ਟਰੱਸਟ ਦੇ ਬੰਬਈ, ਕਲਕਤੇ, ਨਵੀਂ ਦਿਲੀ ਤੇ ਮਦਰਾਸ ਦੇ ਦਫ਼ਤਰਾਂ ਤੋਂ ਜਾਂ ਉਹਨਾਂ ਬੈਂਕਾਂ ਤੇ ਡਾਕਖ਼ਾਨਿਆਂ ਰਾਹੀਂ ਪ੍ਰਚਲਤ ਵਿਕਰੀ-ਕੀਮਤ ਉਤੇ ਯੂਨਟ ਖਰੀਦੇ ਜਾ ਸਕਦੇ ਹਨ ਜਿਹੜੇ ਟਰੱਸਟ ਦੇ ਏਜੰਟ ਦੇ ਤੌਰ ਤੇ ਕੰਮ ਕਰਦੇ ਹਨ। ਇਹ ਬੈਂਕ ਤੇ ਡਾਕਖਾਨੇ ਬਿਨੇ ਪਤਰ ਸਪਲਾਈ ਕਰਦੇ ਹਨ ਤੇ ਪੈਸੇ ਜਮ੍ਹਾਂ ਕਰ ਕੇ ਟਰੱਸਟ ਵਲੋਂ ਰਸੀਦਾਂ ਦੇ ਦਿੰਦੇ ਹਨ। ਯੂਨਟਾਂ ਦੇ ਸਰਟੀਫ਼ੀਕੇਟ ਸਿਧੇ ਟਰੱਸਟ ਵਲੋਂ ਰਜਿਸਟਰੀ ਡਾਕ ਭੇਜੇ ਜਾਂਦੇ ਹਨ। ਯੂਨਟ ਇਕੱਲੇ ਵਿਅਕਤੀ ਦੇ ਨਾਂ ਵੀ ਖਰੀਦੇ ਜਾ ਸਕਦੇ ਹਨ ਤੇ ਦੋ, ਤਿੰਨ ਜਾਂ ਚਾਰ ਬੰਦੇ ਰਲ ਕੇ ਵੀ ਖਰੀਦ ਸਕਦੇ ਹਨ ਪਰ ਇਨ੍ਹਾਂ ਵਿਚੋਂ ਕੋਈ ਨਾਬਾਲਗ ਨਹੀਂ ਹੋਣਾ ਚਾਹੀਦਾ। ਕੋਈ ਨਾਬਾਲਗ ਖ਼ੁਦ ਆਪਣੇ ਨਾਂ ਯੂਨਟ ਲੈਣ ਲਈ ਦਰਖ਼ਾਸਤ ਨਹੀਂ ਦੇ ਸਕਦਾ। ਪਰ ਕਿਸੇ ਨਾਬਾਲਗ ਦਾ ਪਿਤਾ ਜਾਂ ਉਹਦੀ ਮਾਤਾ, ਜਿਹੜੀ ਕਨੂੰਨੀ ਤੌਰ ਤੇ ਉਹਦਾ ਰਖਿਅਕ ਹੋਵੇ, ਜਾਂ ਅਦਾਲਤ ਵਲੋਂ ਨਿਯੁਕਤ ਰਖਿਅਕ ਨਾਬਾਲਗ ਦੇ ਨਾਂ ਤੇ ਯੂਨਟ ਖਰੀਦਣ ਲਈ ਦਰਖ਼ਾਸਤ ਦੇ ਸਕਦਾ ਹੈ ਤੇ ਜਿੰਨਾ ਚਿਰ ਬਚਾ ਨਾਬਾਲਗ ਰਹੇ ਉਹਦੇ ਯੂਨਟ ਸਰਟੀਫ਼ੀਕੇਟਾਂ ਸਬੰਧੀ ਸਾਰੀ ਕਾਰਵਾਈ ਕਰਨ ਦਾ ਹਕਦਾਰ ਹੁੰਦਾ ਹੈ।

ਯੂਨਟਾਂ ਦੇ ਮਾਲਕ (ਜੁਲਾਈ ਦੇ ਮਹੀਨੇ ਨੂੰ ਛਡ ਕੇ) ਬਾਕੀ ਕਿਸੇ ਵੀ ਸਮੇਂ ਆਪਣੇ ਯੂਨਟ ਪ੍ਰਚਲਤ ਖਰੀਦ ਕੀਮਤ ਉਤੇ ਟਰੱਸਟ ਕੋਲ ਵਾਪਸ ਵੇਚ ਸਕਦੇ ਹਨ। ਇਹਦ ਲਈ ਯੂਨਟ ਮਾਲਕ ਨੂੰ ਯੂਨਟ ਸਰਟੀਫ਼ੀਕੇਟ ਦੇ ਪਿਛਲੇ ਪਾਸੇ ਦਾ ਫ਼ਾਰਮ ਭਰਨਾ ਹੁੰਦਾ ਹੈ ਤੇ ਦਰਖ਼ਤ ਕਰ ਕੇ ਤੇ ਕਿਸੇ ਦੀ ਗਵਾਹੀ ਪੁਆ ਕੇ ਟਰੱਸਟ ਦੇ ਸਬੰਧਤ ਦਫ਼ਤਰ ਨੂੰ ਭੇਜ ਦੇਣਾ ਹੁੰਦਾ ਹੈ। ਟਰਸਟ ਉਹਦੇ ਦਸਖ਼ਤਾਂ ਦੀ ਪੜਤਾਲ ਮਗਰੋਂ ਡਰਾਫ਼ਟ, ਚੈਕ, ਮਨੀਆਰਡਰ ਜਾਂ ਨਕਦੀ ਦੇ ਰੂਪ ਵਿਚ, ਜਿਸ ਤਰ੍ਹਾਂ ਵੀ ਯੂਨਟ ਦੇ ਮਾਲਕ ਦੀ ਇਛਾ ਹੋਵੇ, ਉਹਨੂੰ ਰਕਮ ਭੇਜ ਦਿੰਦਾ ਹੈ।

—o—

ਸੰਤ ਸਿਪਾਹੀ ਕਵੀ ਦਰਬਾਰ

ਡਾਕਾਂ ਦੇ ਬਹੁਤ ਪਛੜ ਜਾਣ ਕਰ ਕੇ ਕਵੀ ਦਰਬਾਰ ਦਾ ਸੁਆਦ ਖਰਾਬ ਹੋ ਰਿਹਾ ਹੈ। ਇਸ ਲਈ ਕੁਝ ਚਰ ਲਈ ਇਹ ਸਰੇ ਬੰਦ ਕੀਤੇ ਜਾਂਦੇ ਹਨ। ਖਿਮਾਂ ਦੀ ਜਾਚਨਾ ਹੈ: ਇਸ ਵਾਰ ਦੀ ਸਮੱਸਿਆ ਸੀ:—

ਤੈਨੂੰ ਤੇਰਾ ਇਤਿਹਾਸ ਪੁਕਾਰਦਾ ਏ

* ਸ: ਸੁਰਜੀਤ ਸਿੰਘ 'ਮੀਤ' ਬਦਾਯੂਨੀ *

ਅਤਿਆਚਾਰਾਂ ਦੇ ਮੂੰਹ ਭੁਆਏ ਸੀ ਤੂੰ, ਰੋਹਬ ਦੁਨੀਆਂ ਵਿਚ ਤੇਰੀ ਤਲਵਾਰ ਦਾ ਏ।
ਤੇਰੇ ਅਗੇ ਜੋ ਜੁੱਧ ਵਿਚ ਟਿਕ ਸਕੇ, ਕੌਣ ਬੀਰ ਬਹਾਦਰ ਸੰਸਾਰ ਦਾ ਏ।
ਤੇਰੇ ਕੋਲੋਂ ਨਾ ਕੋਈ ਵੀ ਜਿੱਤ ਸਕਿਆ, ਤੇਰੇ ਕੋਲੋਂ ਜਮਰਾਜ ਵੀ ਹਾਰਦਾ ਏ।
ਦਸਮ ਗੁਰੂ ਜੀ ਦੇ ਸੂਰਬੀਰ ਸਿੰਘਾ, ਤੈਨੂੰ ਤੇਰਾ ਇਤਿਹਾਸ ਪੁਕਾਰਦਾ ਏ।
ਨਹੀਂ ਮੌਤ ਦੇ ਕੋਲੋਂ ਉਹ ਕਦੀ ਡਰਿਆ, ਅੰਮ੍ਰਿਤ ਪੀਤਾ ਜਿਸ ਖੰਡੇ ਦੀ ਧਾਰ ਦਾ ਏ।
ਜੀਵਨ ਉਸੇ ਦਾ ਸਫਲ ਏ ਜਗ ਦੇ ਵਿਚ, ਦੇਸ਼ ਧਰਮ ਲਈ ਜੀਵਨ ਜੋ ਵਾਰਦਾ ਏ।
ਫੇਰ ਧਰਤੀ ਤੇ ਪਾਪ ਦਾ ਭਾਰ ਵਧਿਆ, ਫੇਰ ਆ ਗਿਆ ਵਕਤ ਸੁਧਾਰ ਦਾ ਏ।
ਦੁਖ ਕੱਟ ਦੇਹ ਦੁਖੀ ਮਨੁੱਖਤਾ ਦੇ, ਤੈਨੂੰ ਤੇਰਾ ਇਤਿਹਾਸ ਪੁਕਾਰਦਾ ਏ।
ਪਾਵਨ ਲਹੂ ਸ਼ਹੀਦਾਂ ਬਲਿਦਾਨੀਆਂ ਦਾ, ਉਜੜੇ ਗੁਲਸ਼ਨ ਦੇ ਤਾਈਂ ਗੁਲਜ਼ਾਰਦਾ ਏ।
ਜੀਉਂਦਾ ਜਾਗਦਾ ਤੇਰਾ ਇਤਿਹਾਸ ਸਿੰਘਾ, ਡੁਬਦੇ ਬੇੜਿਆਂ ਤਾਈਂ ਉਭਾਰਦਾ ਏ।
ਕਿਸ ਰਾਹ ਦੇ ਉਤੇ ਤੂੰ ਜਾ ਰਿਹਾ ਹੈਂ, ਸੋਚ ਮਤਲਬ ਕੀ ਸਿਖ ਸਰਦਾਰ ਦਾ ਏ।
ਪੜ੍ਹ ਤੂੰ ਸਿੰਘਾਂ ਸ਼ਹੀਦਾਂ ਦੇ ਕਾਰਨਾਮੇ, ਤੈਨੂੰ ਤੇਰਾ ਇਤਿਹਾਸ ਪੁਕਾਰਦਾ ਏ।
ਮਸਤੀ ਵਿਚ ਹੀ ਨਾ ਕਿਧਰੇ ਡੁਬ ਜਾਵੀਂ, ਵੇਲਾ ਨਹੀਂ ਇਹ ਖੁਸ਼ੀ ਬਹਾਰ ਦਾ ਏ।
ਦੌਰ ਆਇਆ ਏ ਫੇਰ ਕੁਰਬਾਨੀਆਂ ਦਾ, ਵੇਲਾ ਨਹੀਂ ਰਿਹਾ ਇਸ਼ਕ ਪਿਆਰ ਦਾ ਏ।
ਜ਼ਾਲਮ ਟੋਲਾ ਮਜ਼ਲੂਮਾਂ ਤੇ ਜ਼ੁਲਮ ਕਰ ਕੇ, ਤੇਰੀ ਅਣਖ ਨੂੰ ਪਿਆ ਵੰਗਾਰਦਾ ਏ।
'ਮੀਤ ਜਾਗ ਉਠ ਕੇ ਸਾਵਧਾਨ ਹੋ ਜਾ, ਤੈਨੂੰ ਤੇਰਾ ਇਤਿਹਾਸ ਪੁਕਾਰਦਾ ਏ।

* ਸ: ਵਿਧਾਤਾ ਸਿੰਘ 'ਕਮਾਲ' ਚੌਂਕ ਪੁਤਲੀਘਰ, ਅੰਮ੍ਰਿਤਸਰ *

ਸ਼ਿੰਘਾ! ਸਿਦਕੀਆ, ਸ੍ਰੀ ਦਸ਼ਮੇਸ਼ ਦਿਆ, ਜ਼ੱਜ਼ਬਾ ਤੇਰੇ ਵਿਚ ਦੇਸ਼ ਪਿਆਰ ਦਾ ਏ।
ਕਲਗੀਧਰ ਸਰਬਤ ਦੇ ਭਲੇ ਖਾਤਰ, ਦਿਤਾ ਬੱਲ ਤੈਨੂੰ ਪਰਉਪਕਾਰ ਦਾ ਏ।
ਤੂੰ ਹੈਂ ਚਿਨ੍ਹ ਸੰਸਾਰ ਦੀ ਸਭਿਤਾ ਦਾ, ਭੁੱਖਾ ਰੱਬ ਵੀ ਤੇਰੇ ਦੀਦਾਰ ਦਾ ਏ।
ਈਸ਼ਾ, ਰਾਮ, ਮੁਹੰਮਦ ਦਾ ਰੂਪ ਸਿੰਘਾ, ਤੇਰੇ ਰੂਪ ਵਿਚੋਂ ਚਮਕਾਂ ਮਾਰਦਾ ਏ।
ਰਾਜ-ਜੋਗੀਆ, ਸ਼ਦਾ ਤਿਆਗ ਤੇਰਾ, ਠੁੱਡੇ ਰਿਹਾ ਨਵਾਬੀ ਨੂੰ ਮਾਰ ਦਾ ਏ।
ਤੇਰੇ ਇਸ਼ਕ ਨੂੰ ਪਾਨ ਕੁਰਬਾਨੀਆਂ ਦੀ, ਤੇਰਾ ਹੁਸਨ ਸ਼ਿੰਗਾਰ ਸੰਸਾਰ ਦਾ ਏ।
ਤੇਰੇ ਸੀਸ ਤੇ ਤਾਜ ਸ਼ਹੀਦੀਆਂ ਦਾ, ਨੈਣੀ ਨਸ਼ਾ ਅਜੀਤ ਜੁਝਾਰ ਦਾ ਏ।
ਬਿਨਾਂ ਵਿਤਕਰੇ ਹਰ ਮਜ਼ਲੂਮ ਉਤੇ, ਜਜ਼ਬਾ ਰਿਹਾ ਤੇਰਾ ਆਪਾ ਵਾਰ ਦਾ ਏ।
ਦੁਨੀਆਂ ਮੰਨਦੀ ਖੈਬਰੋਂ ਪਾਰ ਤੀਕਰ, ਅਜੇ ਦੱਬਦਬਾ ਤੇਰੀ ਤਲਵਾਰ ਦਾ ਏ।
ਜੰਡਾਂ ਨਾਲ ਸੜਕੇ ਪੈ ਕੇ ਭਠੀਆਂ ਵਿਚ, ਸਿਦਕ ਪੱਕਿਆ ਤੇਰੀ ਨੁਹਾਰ ਦਾ ਏ।
ਬੰਗਲਾ ਵਿਚ ਫਿਰਦੋਸ਼ ਬੰਗਾਲਣਾਂ ਲਈ, ਪਰਦਾ ਬਣ ਗਿਆ ਤੇਰੀ ਦਸਤਾਰ ਦਾ ਏ।
ਵਿਰਸ਼ਾ ਆਪਣਾ ਸਾਂਭ ਕੇ ਰੱਖ ਸਿੰਘਾ, ਤੈਨੂੰ ਤੇਰਾ ਇਤਿਹਾਸ ਪੁਕਾਰ ਦਾ ਏ।

ਭਾਈਚਾਰਕ ਸਮਾਚਾਰ

(ਇਨ੍ਹਾਂ ਪੰਨਿਆਂ ਤੇ ਸੰਤ ਸਿਪਾਹੀ ਦੇ ਭਾਈਚਾਰੇ ਦੇ ਖੁਸ਼ੀ , ਗਮੀ ਤੇ ਉਮਾਹ ਦੇ ਸਮਾਚਾਰ ਛਪੇ ਜਾਂਦੇ ਹਨ)

* ਸੇਵਾ ਦੀ ਪ੍ਰਸੰਸਾ *

ਸ੍ਰੀਮਤੀ ਰਾਮ ਕੌਰ ਜੀ ਸੁਪਤਨੀ ਸਰਦਾਰ ਗੁਲਾਬ ਸਿੰਘ ਜੀ ਨੇ ਆਪਣੇ ਪ੍ਰਿਯ ਪਤੀ ਸ: ਗੁਲਾਬ ਸਿੰਘ ਜੀ ੧੪੨ ਨਾਰਥ ਆਫਿਸ, ਦੁਰਾਂਡਾ ਰਾਂਚੀ ਵਾਲਿਆਂ ਦੀ ੯੬ ਵਰ੍ਹੇਗੰਢ ਦੀ ਖੁਸ਼ੀ ਅਤੇ ਸੰਤ ਸਿਪਾਹੀ ਦੀ ਸੇਵਾ ਦੀ ਪ੍ਰਸੰਸਾ ਵਿਚ ੫੧) ਸਣੇ ਸਾਲਾਨਾ ਚੰਦੇ ਦੇ ਭੇਟਾ ਕੀਤੇ ਹਨ। ਸਤਿਗੁਰੂ ਦੋਹਾਂ ਜੀਆਂ ਨੂੰ ਸੇਹਤ, ਚਿਰੰਜੀਵਤਾ, ਸਿਖੀ ਸਿਦਕ ਤੇ ਪੰਥਕ ਪਿਆਰ ਬਖਸ਼ਣ।

ਸ: ਕੇਸਰ ਸਿੰਘ ਦਰਸ਼ਨ ਜੀ ਦਰਸ਼ਨ ਨਗਰ ਫੈਜ਼ਾਬਾਦ ਵਾਲਿਆਂ ਨੇ ਸੰਤ ਸਿਪਾਹੀ ਦੀ ਸੇਵਾ ਦੀ ਪ੍ਰਸੰਸਾ ਵਜੋਂ ਦੋ ਸਾਲ ਦਾ ਚੰਦਾ ਤੇ ੫) ਹੋਰ ਭੇਟਾ ਕੀਤੇ ਹਨ। ਧੰਨਵਾਦ। ਸਤਿਗੁਰੂ ਸਿਖੀ ਸਿਦਕ ਤੇ ਪੰਥਕ ਪਿਆਰ ਵਿਚ ਵਾਧਾ ਕਰਨ।

ਸੰਤ ਸਿਪਾਹੀ ਦੀ ਸੇਵਾ ਦੀ ਪ੍ਰਸੰਸਾ ਵਿਚ ਸਾਡੇ ਏਜੰਟ ਸ: ਹਰਬੰਸ ਸਿੰਘ ਨਿਰਮਲ ਰਾਹੀਂ ਹੇਠ ਲਿਖੇ ਸਜਣਾਂ ਵਲੋਂ ਭੇਟਾ ਪ੍ਰਾਪਤ ਹੋਈ ਹੈ, ਧੰਨਵਾਦ, ਸਤਿ-ਗੁਰੂ ਸਿਖੀ ਸਿਦਕ ਤੇ ਪੰਥਕ ਪਿਆਰ ਵਿਚ ਨਿਹਾਲ ਰਖਣ—

੫) ਸ: ਪਰਮਜੀਤ ਸਿੰਘ ਜੀ ਸਤਨਾ ਮ: ਪ: ਆਫ ਕੁਆਲਟੀ ਕੁਬਨ ਵਰਕਸ।

੫) ਸ: ਗੁਰਬਚਨ ਸਿੰਘ ਹਰਦੇਵ ਸਿੰਘ ਬਰੇਲੀ।

ਸ: ਸਰਦਾਰ ਸਿੰਘ ਜੀ ਬੈਰਾਗੀ ਫਰੀਦ ਬਾਦ ਆਪਣੀ ਸਪੁਤਰੀ ਬੀਬੀ ਦਵਿੰਦਰ ਕੌਰ ਵਲੋਂ ੩) ਤੇ ਆਪਣੇ ਵਲੋਂ ੨) ਸੰਤ ਸਿਪਾਹੀ ਨੂੰ ਸੇਵਾ ਦੀ ਪ੍ਰਸੰਸਾ ਵਜੋਂ ਭੇਟਾ ਕਰਦੇ ਹਨ। ਸਤਿਗੁਰੂ ਸਿਖੀ ਸਿਦਕ ਤੇ ਪੰਥਕ ਪਿਆਰ ਵਿਚ ਵਾਧਾ ਕਰਨ।

ਸ: ਸੇਵਾ ਸਿੰਘ ਜੀ ਟਾਟਾ ਸਜੂਯਾ ਕੋਲਰੀ ਭੇਲਾ ਟਾਂਡ ਵਾਲੇ ਸੰਤ ਸਿਪਾਹੀ ਦੀ ਸੇਵਾ ਦੀ ਪ੍ਰਸੰਸਾ ਵਜੋਂ ਆਪਣ ਚੰਦੇ ਨਾਲ ੨॥) ਹੋਰ ਭੇਟਾ ਕਰਦੇ ਹਨ। ਧੰਨਵਾਦ। ਸਤਿਗੁਰੂ ਪੰਥਕ ਪਿਆਰ ਦੂਣ ਸਵਾਇਆ ਕਰਨ।

* ਗੁਰਪੁਰਬਾਂ ਉਤੇ ਸ੍ਰੀ ਅਖੰਡ ਪਾਠ *

ਸ: ਕੇਸਰ ਸਿੰਘ ਜੀ ਗੁਨਾ ਵਾਲਿਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬਾਂ ਉਤੇ ਇਕ ਇਕ ਅਖੰਡ ਪਾਠ ਦਾ ਗੁਰਦੁਆਰੇ ਵਿਖੇ ਭੋਗ ਪਵਾਇਆ ਤੇ ੧੦) ਸੰਤ ਸਿਪਾਹੀ ਨੂੰ ਭੇਟਾ ਕੀਤੇ ਜੋ ਸ੍ਰੀ ਗੁਰੂ ਸਿੰਘ ਸਭਾ ਰਾਹੀਂ ਸ: ਇੰਦਰ ਸਿੰਘ ਜੀ ਦੁਆਰਾ ਪੁਜੇ ਹਨ। ਧੰਨਵਾਦ। ਸਤਿਗੁਰੂ ਗੁਰਬਾਣੀ ਦਾ ਭਾਵ ਹਿਰਦੇ ਵਿਚ ਵਸਾਣ।

ਸ: ਗੰਗਾ ਸਿੰਘ ਜੀ ਠੇਕੇਦਾਰ ਕਰੇਲੀ ਮਧ ਪ੍ਰਦੇਸ਼ ਵਾਲਿਆਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਦੀ ਖੁਸ਼ੀ ਵਿਚ ਗੁਰਦੁਆਰਾ ਕਰੇਲੀ ਵਿਖੇ ਸ੍ਰੀ ਅਖੰਡ ਪਾਠ ਦਾ ਭੋਗ ਪੁਆਇਆ ਤੇ ੨॥) ਸੰਤ ਸਿਪਾਹੀ ਲਈ ਭੇਟਾ ਕੀਤੇ ਜੋ ਗਿ: ਸ਼ੇਰ ਸਿੰਘ ਰਾਹੀਂ ਪੁਜੇ ਹਨ। ਧੰਨਵਾਦ। ਸਤਿਗੁਰੂ ਗੁਰਬਾਣੀ ਨਾਲ ਪ੍ਰੇਮ ਵਿਚ ਵਾਧਾ ਕਰਨ।

* ਦੇਹ ਅਰੋਗਤਾ ਦੀ ਅਰਦਾਸ *

ਸ: ਰਘਬੀਰ ਸਿੰਘ ਸਪੁਤਰ ਸ: ਡਿੰਗਾ ਸਿੰਘ ਨੇ ਘਰ ਵਿਖੇ ਸ੍ਰੀ ਅਖੰਡ ਪਾਠ ਦਾ ਭੋਗ ਪੁਆਯਾ ਤੇ ਦੇਹ ਅਰੋਗਤਾ ਲਈ ਅਰਦਾਸ ਕੀਤੀ। ਇਸ ਸਮੇਂ ੧੧) ਸੰਤ ਸਿਪਾਹੀ ਲਈ ਭੇਟਾ ਕੀਤੇ ਜੋ ਸ: ਰਾਜਿੰਦਰ ਸਿੰਘ ਜੀ ਲਾਜਪਤ ਕੁੰਜ, ਜਬਲਪੁਰ ਵਾਲਿਆਂ ਰਾਹੀਂ ਪੁਜੇ ਹਨ। ਧੰਨਵਾਦ। ਸਤਿਗੁਰੂ ਦੇਹ ਅਰੋਗਤਾ ਬਖਸ਼ਣ।

* ਮਹੂਰਤ-ਚੱਠ *

ਸ: ਇਕਬਾਲ ਸਿੰਘ ਭਾਟੀਆ ਬੇਰਾਠੀ ਕਾਲੋਨੀ

ਇੰਦੌਰ ਵਾਲਿਆਂ ਨੇ ਨਵੇਂ ਮਕਾਨ ਦੇ ਮਹੂਰਤ ਦੀ ਖੁਸ਼ੀ ਵਿਚ ੧੦) ਸੰਤ ਸਿਪਾਹੀ ਲਈ ਭੇਟਾ ਭਿਜਵਾਈ ਹੈ। ਧੰਨਵਾਦ। ਸਤਿਗੁਰੂ ਨਵਾਂ ਨਿਵਾਸ ਸੁਭਾਗਾ ਕਰਨ।

ਸ: ਇੰਦਰ ਸਿੰਘ ਲਖੀਮਲ, ਰਵੀਵਾਰ ਪੇਠ ਪੂਨਾ ਵਾਲਿਆਂ ਨੇ ਆਪਣੀ ਨਵੀਂ ਸਰਦਾਰ ਬਿਲਡਿੰਗ ਨੰ: ੧ ਦੀ ਚੱਠ ਸਮੇਂ ਸ੍ਰੀ ਅਖੰਡ ਪਾਠ ਦਾ ਭੋਗ ਪਵਾਯਾ। ਇਸ ਖੁਸ਼ੀ ਵਿਚ ੫) ਸੰਤ ਸਿਪਾਹੀ ਲਈ ਭੇਟਾ ਕਰਦੇ ਹਨ। ਧੰਨਵਾਦ। ਸਤਿਗੁਰੂ ਨਵੀਂ ਬਿਲਡਿੰਗ ਸੁਭਾਗੀ ਕਰਨ।

* ਬੱਚਾ ਗੋਦੀ ਲੈਣ ਦੀ ਖੁਸ਼ੀ *

ਸ: ਹਰੀ ਸਿੰਘ ਸਪੁਤਰ ਸ: ਲੱਧਾ ਸਿੰਘ ਨਾਰਥ ਮਹਲਾਇੰਦੌਰ ਵਾਲਿਆਂਨੇ ਆਪਣੇ ਨਿਕੇਭਰਾ ਸ: ਜੋਗਿੰਦਰ ਸਿੰਘ ਦੇ ਸਪੁਤਰ ਮਨਮੀਤ ਸਿੰਘ ਨੂੰ ਗੋਦੀ ਲਿਆ ਤੇ ਸ੍ਰੀ ਅਖੰਡ ਪਾਠ ਦਾ ਭੋਗ ਪਵਾਯਾ। ਇਸ ਖੁਸ਼ੀ ਵਿਚ ੫) ਭੇਟਾ ਭਿਜਵਾਦੇ ਹਨ। ਧੰਨਵਾਦ। ਸਤਿਗੁਰੂ ਬਚੇ ਨੂੰ ਸੁਭਾਗਾ ਤੇ ਹੋਣਹਾਰ ਕਰਨ।

* ਸ਼ੁਭ ਅਨੰਦ ਕਾਰਜ *

ਸ. ਮੰਗਲ ਸਿੰਘ ਜੀ ਰੌੜਕੇਲਾ ਵਾਲਿਆਂ ਨੇ ਆਪਣੇ ਅਜ਼ੀਜ਼ ਬੀਰ ਸਿੰਘ ਦੇ ਸ਼ੁਭ ਅਨੰਦ ਕਾਰਜ ਦੀ ਖੁਸ਼ੀ ਵਿਚ ਸੰਤ ਸਿਪਾਹੀ ਲਈ ੫) ਭੇਟਾ ਕੀਤੇ ਜੋ ਸ: ਤਾਰਾ ਸਿੰਘ 'ਅਕਸ' ਕਲਾਈਮੈਕਸ ਟੇਲਰ ਮੇਨ ਰੋਡ, ਰੌੜਕੇਲਾ ਰਾਹੀਂ ਪੁਜੇ ਹਨ। ਧੰਨਵਾਦ। ਸਤਿਗੁਰੂ ਜੋੜੀ ਨੂੰ ਚਿਰੰਜੀਵਤਾ, ਸਿਖੀ ਸਿਦਕ ਤੇ ਪਰਸਪਰ ਪਿਆਰ ਬਖਸ਼ਣ।

ਸ: ਲਾਭ ਸਿੰਘ ਸੁਰਜੀਤ ਸਿੰਘ ਬਜ਼ਾਜ਼ ਬਾਈ-ਹਾਰ ਮ: ਪ. ਵਾਲਿਆਂ ਨੇ ਆਪਣੇ ਛੋਟੇ ਭਰਾ, ਸ: ਹਰਬੰਸ ਸਿੰਘ ਦੇ ਸ਼ੁਭ ਅਨੰਦ ਕਾਰਜ ਸਮੇਂ ਆਪਣੇ ਘਰ ਸ੍ਰੀ ਅਖੰਡ ਪਾਠ ਦਾ ਭੋਗ ਪਵਾਇਆ। ਇਸ ਖੁਸ਼ੀ ਵਿਚ ਸੰਤ ਸਿਪਾਹੀ ਲਈ ੫) ਭੇਜਦੇ ਹਨ। ਧੰਨਵਾਦ। ਸਤਿ-ਗੁਰੂ ਜੋੜੀ ਨੂੰ ਆਪੋ ਵਿਚ ਪਿਆਰ, ਸਿਖੀ ਸਿਦਕ ਤੇ ਚਿਰੰਜੀਵਤਾ ਬਖਸ਼ਣ।

* ਸ਼ੋਕ ਸਮਾਚਾਰ *

ਹੇਠ ਲਿਖੇ ਸ਼ੋਕ ਸਮਾਚਾਰਾਂ ਤੇ ਹਾਰਦਿਕ ਸਮ-ਵੇਦਨਾ ਭੇਟਾ ਹੈ। ਸਤਿਗੁਰੂ ਵਿਛੜੀਆਂ ਆਤਮਾਵਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਅਤੇ ਪਿਛੇ ਪਰਿਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ .—

ਸ. ਸਾਹਿਬ, ਸ. ਬੁਧ ਸਿੰਘ ਜੀ ਨੇਪੀਅਰ ਟਾਊਨ ਜਬਲਪੁਰ ਵਾਲੇ ਜਿਨ੍ਹਾਂ ਮੱਧ ਪ੍ਰਦੇਸ਼ ਵਿਚ ਬਹੁਤ ਧਾਰਮਿਕ ਕੰਮ ਕੀਤੇ ਹਨ, ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਨਮਿਤ ਰਖਾਏ ਸ੍ਰੀ ਅਖੰਡ ਪਾਠ ਦੀ ਸਮਾ-ਪਤੀ ਪੁਰ ਸੰਤ ਸਿਪਾਹੀ ਨੂੰ ੧੧) ਭੇਟਾ ਹੋਏ, ਜੋ ਸ. ਰਾਜਿੰਦਰ ਸਿੰਘ ਜੀ ਲਾਜਪਤ ਕੁੰਜ ਵਾਲਿਆਂ ਰਾਹੀਂ ਪੁਜੇ ਹਨ। ਧੰਨਵਾਦ।

ਸ. ਮਹਿੰਦਰ ਸਿੰਘ ਆਫ ਨੈਸ਼ਨਲ ਟਿੰਬਰ ਸਪਲਾਈ ਕੰਪਨੀ ਪਟਨਾ-੧ ਵਾਲਿਆਂ ਦੀ ਸੁਪਤਨੀ, ਸ੍ਰੀ ਮਤੀ ਦਰਸ਼ਨ ਕੌਰ ਜੀ ਗੁਰਪੁਰੀ ਸਿਧਾਰ ਗਏ ਹਨ। ਉਨ੍ਹਾਂ ਨਮਿਤ ਰਖਾਏ ਸ੍ਰੀ ਅਖੰਡ ਪਾਠ ਦੇ ਭੋਗ ਪੁਰ ੧੧) ਸੰਤ ਸਿਪਾਹੀ ਨੂੰ ਭੇਟਾ ਹੋਏ ਜੋ ਸ. ਕੁਲਦੀਪ ਸਿੰਘ ਜੀ ਲਾਬਾ ਪਟਨਾ-੧ ਵਾਲਿਆਂ ਰਾਹੀਂ ਪੁਜੇ ਹਨ। ਧੰਨਵਾਦ।

ਸਵਾਈ ਮਾਧੋਪੁਰ ਰਾਜਸਥਾਨ ਦੇ ਪ੍ਰਸਿਧ ਸਾਈ-ਕਲ ਡੀਲਰ ਸ. ਦਰਸ਼ਨ ਸਿੰਘ ਆਫ ਦੀਨਾ ਵਾਲੇ ੫-੧੨-੭੩ ਨੂੰ ਗੁਰਪੁਰੀ ਚਲ ਵਸੇ ਹਨ। ਆਪ ਨਮਿਤ ਰਖੇ ਸ੍ਰੀ ਅਖੰਡ ਪਾਠ ਦਾ ਭੋਗ ੧੭-੧੨-੭੩ ਨੂੰ ਪਿਆ। ਇਸ ਸਮੇਂ ਦੀ ਭੇਟਾ ੫) ਸ. ਬਹਾਦਰ ਸਿੰਘ ਦਸਮੇਸ਼ ਡੇਹਰੀਜ਼ ਵਾਲਿਆਂ ਰਾਹੀਂ ਪੁਜੇ ਹਨ। ਧੰਨਵਾਦ।

ਸ. ਕੁਲਵੰਤ ਸਿੰਘ ਸੁਜਾਨ ਸਿੰਘ ਜੀ ਆਰਾ (ਬਿਹਾਰ) ਵਾਲਿਆਂ ਦੇ ਪੂਜਯ ਪਿਤਾ, ਸ. ਗਿਆਨ ਸਿੰਘ ਜੀ ਛਾਬੜਾ ਦੇ ਅਕਾਲ ਚਲਾਣੇ ਪੁਰ ਰਖਾਏ ਸ੍ਰੀ ਅਖੰਡ ਪਾਠ ਦੀ ਸਮਾਪਤੀ ੮-੧੧-੭੩ ਨੂੰ ਹੋਈ। ਇਸ ਸਮੇਂ ਦੀ ਭੇਟਾ ੫) ਸੰਤ ਸਿਪਾਹੀ ਨੂੰ ਪੁਜੀ ਹੈ। ਧੰਨਵਾਦ।

ਸ. ਮਦਨ ਸਿੰਘ ਮਹਿੰਦਰ ਸਿੰਘ ਬੋਹੜ ਤਲਾਬ ਜ਼ਿਲਾ ਰਾਜਨੰਦਗਾਓਂ ਵਾਲਿਆਂ ਦੇ ਪੂਜਯ ਮਾਤਾ, ਲਛਮੀ ਦੇਵੀ ਜੀ ਦੇ ਅਕਾਲ ਚਲਾਣੇ ਪੁਰ ਰਖੇ ਸ੍ਰੀ ਅਖੰਡ ਪਾਠ ਦੀ ਸਮਾਪਤੀ ਸਮੇਂ ਸੰਤ ਸਿਪਾਹੀ ਲਈ ੫) ਭੇਟਾ ਕੀਤੇ ਗਏ ਜੋ ਸ. ਸਰਦੂਲ ਸਿੰਘ ਜੀ ਭਾਟੀਆ ਰਾਹੀਂ ਪੁਜੇ ਹਨ। ਧੰਨਵਾਦ।

ਸ. ਜਗਤ ਸਿੰਘ ਜੀ ਦੀ ਧਰਮ ਪਤਨੀ, ਮਾਤਾ ਸੁਖਦੇਈ ਜੀ ਦੇ ਅਕਾਲ ਚਲਾਣੇ ਨਮਿਤ ਰਖਏ ਸ੍ਰੀ ਅਖੰਡ ਪਾਠ ਦੇ ਭੋਗ ਸਮੇਂ ੫) ਸੰਤ ਸਿਪਾਹੀ ਲਈ ਭੇਟਾ ਹੋਏ, ਜੋ ਭਾਈ ਰਣਧੀਰ ਸਿੰਘ ਜੀ ਕੋਮਲ, ਹੈਡ

ਗੁੱਥੀ ਰਾਹੀਂ ਪੁਜੇ ਹਨ, ਧੰਨਵਾਦ।

ਸ. ਹਰਦਿਤ ਸਿੰਘ ਜੀ ਬੇਆਵਰਾ ਮਧ ਪ੍ਰਦੇਸ਼ ਵਾਲਿਆਂ ਦੇ ਪੂਜਜ ਪਿਤਾ, ਸ. ਇਸ਼ਰ ਸਿੰਘ ਜੀ ਦੇ ਵਗ੍ਹੀਨੇ ਦੇ ਪਾਠ ਦਾ ਭੋਗ ੧੩-੧੨-੭੩ ਨੂੰ ਪਿਆ। ਇਸ ਸਮੇਂ ਸੰਤ ਸਿਪਾਹੀ ਨੂੰ ੫) ਭੇਟਾ ਹੋਏ। ਧੰਨਵਾਦ।

ਸ੍ਰੀਮਤੀ ਭਾਗਵੰਤੀ ਜੀ, ਸਪਤਨੀ ਸ੍ਰੀ ਅਨੰਤ ਰਾਮ ਧਨੁਜਾ ਜਾਨੰਚਕੀਯੇ (ਸਾਗਰ ਵਾਲੇ) ੧-੨-੭੩ ਨੂੰ ਸਾਗਰ ਵਿਖੇ ਸੁਰਗਵਾਸ ਹੋ ਗਈ ਸੀ। ਉਨ੍ਹਾਂ ਦੇ ਵਗ੍ਹੀਨੇ ਦੇ ਪਾਠ ਦਾ ਭੋਗ ੨੫-੧੨-੭੩ ਨੂੰ ਭੁਪਾਲ ਵਿਖੇ ਪਿਆ। ਇਸ ਸਮੇਂ ਦੀ ਭੇਟਾ ੫) ਸੰਤ ਸਿਪਾਹੀ ਨੂੰ ਪੁਜੀ ਹੈ। ਧੰਨਵਾਦ।

ਸੰਤ ਗੁਰਦਿਤ ਸਿੰਘ ਜੀ ਪਿੰਡ ਚੁਪਕੀਆ, ਡਾਕਖਾਨਾ ਗੋਦੀ, ਜ਼ਿਲਾ ਰਾਮਪੁਰ ਵਾਲਿਆਂ ਨੇ ਆਪਣੇ ਚੰਦੇ ਨਾਲ ੩) ਹਰਨਾਮ ਕੌਰ ਜੀ ਦੀ ਬਰਸ਼ੀ ਦੀ ਭੇਟਾ ਭੇਜੀ ਹੈ। ਧੰਨਵਾਦ।

ਲਾਲਾ ਹਰਨਾਮ ਦਾਸ ਜੀ ਕੁਰਾਓਂ ਵਾਲਿਆਂ ਦੇ ਵਿਛੜੇ ਸਪੁਤਰ, ਸ. ਗੁਰਬਚਨ ਸਿੰਘ ਹੋਲਸੇਲਰ ਰਾਣੀ ਮੰਡੀ ਅਲ੍ਹਾਬਾਦ ਵਾਲਿਆਂ ਦੀ ਤੀਜੀ ਬਰਸੀ ੧੯-੧-੭੪ ਨੂੰ ਮਨਾਈ ਗਈ। ਇਸ ਸਮੇਂ ੨॥) ਸੰਤ ਸਿਪਾਹੀ ਤੇ ੨॥) ਸ੍ਰੀ ਦਰਬਾਰ ਸਾਹਿਬ ਲਈ ਭੇਟਾ ਕੀਤੇ ਗਏ। ਧਨਵਾਦ।

ਇਕ ਯਾਦ–ਇਕ ਹਲੂਣਾ

(ਸ: ਸਰਦਾਰ ਸਿੰਘ ਜੀ, 'ਵੈਰਾਗੀ', ਫਰੀਦਾਬਾਦ)

ਕਲ ਮੈਂ ਸੁਫਨੇ, ਸੁਫਨੇ ਅੰਦਰ, ਪਹੁੰਚ ਗਿਆ ਸਾਂ ਸ੍ਰੀ ਨਨਕਾਣੇ।
ਜਨਮ-ਅਸਥਾਨ ਦੇ ਕੀਤੇ ਦਰਸ਼ਨ, ਦੇਖੇ ਕੌਤਕ ਕੁਝ ਰਿੰਝਾਣੇ।
ਦੇਖ ਦੇਖ ਕੇ ਭੁਬਾਂ ਨਿਕਲਣ, ਰੂਹ ਬਿਨ ਖਾਲੀ ਹੋਈ ਦੇਹੀ।
ਜਿਸ ਧਰਤੀ ਦਾ ਮਾਣ ਅਸਾਂ ਨੂੰ, ਉਸ ਦੀ ਹਾਲਤ ਹੋਈ ਅਜੇਹੀ।
ਨਾ ਕੋਈ ਦੀਵਾ ਨਾ ਹੀ ਭੰਬਟ, ਸੁੰਨ-ਮਸੁੰਨ ਸੀ ਛਾਈ ਦਿਸੇ।
ਜੋ ਥਾਂ ਸਭ ਦੀ ਸਾਂਝੀ ਹੈ ਸੀ, ਸੋਈ ਅਜ ਪਰਾਈ ਦਿਸੇ-
ਸ਼ਾਂਤੀ-ਧਾਮ 'ਚ ਖੂਨ ਦੀ ਹੋਲੀ, ਕੜ ਕੜ ਗੋਲੀ ਵਸਦੀ ਡਿਠੀ।
ਸੰਗਤ ਸੁਤੀ ਹੱਥ ਜੋੜ ਕੇ, ਮੌਤ ਨਿਲਜੀ ਹਸਦੀ ਡਿਠੀ।
ਥਾਉਂ ਥਾਈਂ ਸਨ ਖੂਨ ਦੇ ਛਿਟੇ, ਲਾਸ਼ ਦੇ ਕੋਲੇ ਲਾਸ਼ ਪਈ ਸੀ।
ਕੋਈ ਸੀ ਇਸ ਜਾ, ਕੋਈ ਸੀ ਉਸ ਜਾ, ਕੋਈ ਕਿਸੇ ਦੇ ਪਾਸ ਪਈ ਸੀ।
ਲਹੂ ਲੁਹਾਣ ਮੈਂ 'ਲਛਮਣ' ਡਿਠਾ, ਸਿਸਕ ਸਿਸਕ ਕੇ ਬੋਲ ਰਿਹਾ ਸੀ।
ਭੋਲਾ ਇਕ ਮਾਸੂਮ ਵੀ ਬਚਾ, ਖਾ ਕੇ ਗੋਲੀ ਕੋਲ ਪਿਆ ਸੀ।
ਜੰਡੀ ਹੇਠਾਂ ਭਾਂਬੜ ਮਚਦਾ, ਵਿਚ 'ਦਲੀਪ' ਮੈਂ ਸੜਦਾ ਤਕਿਆ।
ਸ਼ਾਂਤਿ ਸੁਭਾਅ ਦ ਬ੍ਰਹਮ-ਗਿਆਨੀ, ਮੌਤ ਨਾਲ ਪਰ ਲੜਦਾ ਤਕਿਆ।
ਦੇਖ ਕੇ ਮੈਨੂੰ ਆਖਣ ਲਗੇ, ਆਏ ਹੋ ਕੀਕੂੰ 'ਬੈਰਾਗੀ'?
"ਯਾਦ ਕਿਵੇਂ ਹੈ ਆਈ ਅਸਾਡੀ, ਡਾਢੀ ਗੂੜ੍ਹੀ ਨੀਂਦ ਤਿਆਗੀ?

"ਇਸ ਪਾਵਨ ਖਾਕ ਦੀ ਖ਼ਾਤਰ, ਫੜ ਫੜ ਕੋਹੇ ਸੀ ਦੀਵਾਨੇ।
ਇਸੇ ਨੂਰੀ ਸ਼ਮ੍ਹਾਂ ਦੇ ਉਤੋਂ, ਸੜ ਸੜ ਮੋਏ ਸੀ ਪਰਵਾਨੇ?
"ਇਥੇ ਲਖਾਂ ਸੰਗਤਾਂ ਆਵਣ, ਇਥੇ ਈ ਮੇਲੇ ਲਗਦੇ ਹੈ ਸਨ?
"ਇਥੇ ਈ ਗੂੰਜਦੇ ਸੀ ਜੈਕਾਰੇ, ਇਥੇ ਈ ਦੀਪਕ ਜਗਦੇ ਹੈ ਸਨ?
ਖਾਣ ਸੁਗੰਧਾਂ ਸ਼ੀਂਹ ਬਘੇਲੇ, ਆਹ ਕਰਾਂਗੇ ਔਹ ਕਰਾਂਗੇ।
"ਜਨਮ-ਭੂਮ ਇਹ ਕਹਿਣ ਅਸਾਡੀ, ਇਥੇ ਜੀਆਂਗੇ ਇਥੇ ਮਰਾਂਗੇ।
"ਕਿਧਰ ਗਏ ਉਹ 'ਸਚੇ ਸੇਵਕ', ਅਸੀਂ ਉਹਨਾਂ ਨੂੰ ਢੂੰਢਦੇ ਫਿਰਦੇ।
"ਬੁਝ ਗਏ ਦੀਪਕ, ਉਡੇ ਪਤੰਗੇ, ਹੁਣ ਤਾਂ ਏਥੇ ਭੂੰਡ ਨੇ ਫਿਰਦੇ।
"ਨਜ਼ਰ ਨ ਆਵਣ ਕੁੰਡੀਆਂ ਮੁਛਾਂ, ਚੌੜੀ ਛਾਤੀ ਚੇਹਰੇ ਭਾਰੇ।
"ਫੜਕਦੇ ਡੌਲੇ ਹਥੀਂ ਤੇਗਾਂ, ਨੈਣ ਜਿਨ੍ਹਾਂ ਦੇ ਭਖਣ ਅੰਗਾਰੇ।
"ਨਾਨਕ ਦਾ ਦਰ ਛੋੜ ਕੇ ਨਠਿਓਂ, ਸ਼ਰਮ ਨਾ ਆਈ ਹੇ ਮੂੰਹ ਕਾਲੇ।
"ਖਾਧੀ ਗਰਮੀ ਖੂੰ ਨੇ ਕਿਉਂ ਨ, ਖਾਧੇ ਗ਼ੈਰਤ ਨਹੀਂ ਉਛਾਲੇ?
"ਪਰ ਕਿਉਂ ਆਂਦੀ ਸ਼ਰਮ ਸੀ ਤੈਨੂੰ, ਤੈਥੋਂ ਚੰਗੀਆਂ ਤੀਵੀਆਂ ਹੋਈਆਂ।
"ਬਹਿ ਜਾ ਘਰ ਵਿਚ ਕੰਙਣ ਪਾ ਕੇ, ਹੁਣ ਕਿਉਂ ਅੱਖੀਆਂ ਨੀਵੀਆਂ ਹੋਈਆਂ?
"ਪਤਾ ਈ, ਏਥੋਂ ਲੰਘਣ ਵਾਲੇ, ਲੰਘਦੇ ਲੰਘਦੇ ਥੁੜ ਥੁੜ ਕਰਦੇ।
"ਨਾਨਕ ਦਾ ਕੋਈ ਨਾਂ ਨਹੀਂ ਲੈਂਦਾ, ਮੂੰਹ 'ਚ ਹੁਕੇ ਗੁੜ ਗੁੜ ਕਰਦੇ।
"ਤੂੰ ਤਾਂ ਤਕਿਆ ਇਕ 'ਨਰੈਣੂ' ਕੀਕੂੰ ਪਾਪ ਦੀ ਚੱਕੀ ਝੋਈ।
"ਦਿਸਣ ਕਈ ਨਰੈਣੂ, ਮੱਸੇ, ਅਜ ਸੁਖਾ ਸਿੰਘ ਮਹਿਤਾਬ ਨਾ ਕੋਈ।
"ਹਸ ਹਸ ਸੜੇ ਸਾਂ ਪ੍ਰੇਮ ਦੀ ਅਗਨੀ, ਹੁਣ ਵਿਛੋੜਾ ਡਾਢਾ ਖਾਂਦੈ।
"ਸਚ-ਚੰਦਰਮਾ ਵੇਖ ਕੇ ਤੈਨੂੰ, ਬਦਲ਼ ਸ਼ਰਮ ਵਿਚ ਲੁਕਦਾ ਜਾਂਦੈ।
"ਤੁਸਾਂ ਨੇ ਤੋੜੇ ਬੰਧਨ ਜੇਹੜੇ, ਸਾਡੇ ਗੱਲ ਉਹ ਪੈ ਗਏ ਨੇ ਅਜ।
"ਆਪੂੰ ਫਾਥੇ ਵਿਚ ਸ਼ਿਕੰਜੇ, ਸਾਡੀ ਆਜ਼ਾਦੀ ਲੈ ਗਏ ਨੇ ਅਜ।
"ਵੇਖ ਲੈ ਆਪਣੀ ਅੱਖੀਂ ਵੀਰਾ, ਅਸੀਂ ਅਜੇ ਤਕ ਸੜ ਰਹੇ ਹਾਂ।
"ਕੀਕਣ ਟੁਟਣ ਬੰਧਨ ਸਾਡੇ, ਅਸੀਂ ਅਜੇ ਤਕ ਲੜ ਰਹੇ ਹਾਂ।
"ਮਾਇਆਧਾਰੀ ਅੰਨ੍ਹੇ ਬੋਲੇ, ਹੋਂਦੇ ਦੇਖੇ ਬੇਵਫ਼ਾ ਨੇ।
"ਐਵੇਂ ਕਾਹਨੂੰ ਨੀਰ ਵਹਾਏਂ? ਦੌੜ ਇਥੋਂ ਇਹ ਸਾਰੇ ਖ਼ਫ਼ਾ ਨੇ।"
ਸੁਣ ਕੇ ਝਾੜ ਮੈਂ ਕੰਬਣੀ ਖਾ ਕੇ, ਬਾਬੇ ਦੇ ਦਰ ਝਾਤੀ ਪਾਈ।
ਬਾਲ ਪੰਘੂੜੇ ਅੰਦਰ ਡਿਠੀ, ਨੂਰੀ ਜੋਤਿ ਹੱਸੀ, ਮੁਸਕਾਈ।
ਨਾਲ ਸੈਨਤਾਂ ਕੋਲੇ ਸਦ ਕੇ, ਏਵੇਂ ਨਾਨਕ ਜੀ ਫੁਰਮਾਇਆ।
ਏਕ ਪਿਤਾ ਏਕਸ ਕੇ ਬਾਰਕ, ਕੀ ਇਹ ਨਹੀਂ ਸੀ ਦਰਸ ਪੜ੍ਹਾਇਆ।
ਜਿਥੇ ਹਰ ਕੋਈ ਮਲਕ ਹੈ ਭਾਗੋ, ਜਿਥੇ ਲਾਲੋ ਕੋਈ ਨਾ ਰਹਿੰਦਾ।
ਜਿਥੇ ਕੌਡੇ ਵਲੀ ਕੰਧਾਰੀ, ਪੀੜ-ਪਰਾਈ ਕੋਈ ਨਾ ਸਹਿੰਦਾ।
ਜਿਥੇ ਨੌਂ ਸੌ ਫਿਰਕੇ ਹੋ ਗਏ, ਸਾਡਾ ਖੂਨ ਪਸੀਨਾ ਨਾਂਹੀ।
ਉਹ ਕਿਉਂ ਨਾ ਨਿਘਰੇ ਕੌਮ ਬੈਰਾਗੀ, ਮੱਕਾ, ਜੀਹਦਾ ਮਦੀਨਾ ਨਾਂਹੀ।

✶

The Sant Sipahi February 1974 Regd. No P./AR 38
Mahan Singh Gate, Amritsar

੭੭ ਸਾਲ ਹੋ ਗਏ

ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ ਤਰਨ ਤਾਰਨ ਨੇ ਆਯੁਰਵੇਦ ਦੇ ਅਥਾਹ ਸਮੁੰਦਰ ਚੋਂ ਪ੍ਰਾਣੀ ਮਾਤਰ ਦੇ ਸੁਖ ਲਈ ਰਤਨ ਰੂਪੀ ਦਵਾਵਾਂ ਤਿਆਰ ਕੀਤੀਆਂ ਜੋ ੧੮੯੭ ਤੋਂ ਅਜ ਤਕ ਨਿੱਤ-ਨਵੀਂ ਖੋਜ ਦੇ ਨਾਲ ਅਨੇਕਹਾਂ ਅਰੋਗਤਾ ਦਾ ਸੁ ਦੇ ਰਹੀਆਂ ਹਨ।

ਦੁਖ ਸੁਖ ਸਦਾ ਸਰੀਰਾਂ ਦੇ ਨਾਲ ਹਨ। ਸੋ ਆਪ ਨੂੰ ਜਾਂ ਆਪ ਦੇ ਕਿਸੇ ਸਜਣ-ਮਿਤ੍ਰ, ਸੰਬੰਧੀ ਨੂੰ ਕਦੇ ਕਿਸੇ ਪਰਕਾਰ ਦੀ ਦਵਾਈ ਦੀ ਲੋੜ ਪਵੇ, ਕਿਸੇ ਰੋਗ ਦਾ ਇਲਾਜ ਕਰਵਾਣਾ ਹੋਵੇ ਜਾਂ ਇਲਾਜ ਸੰਬੰਧੀ ਸਲਾਹ ਪੁਛਣੀ ਹੋਵੇ ਤਾਂ ਪੂਰਾ ਹਾਲਤ ਲਿਖ ਕੇ ਜਾਂ ਆਪ ਦਿਖਾ ਕੇ ਜ਼ਰੂਰ ਲਾਭ ਉਠਾਓ।

ਸਿਹਤ ਦੇ ਭੇਦ ਜਾਨਣ ਲਈ
ਹਰ ਮਹੀਨੇ "ਦੁਖ ਨਿਵਾਰਨ" ਪੜ੍ਹੋ
ਚੰਦਾ ਦੇਸ਼ ਤਿੰਨ ਰੁਪੈ ਪ੍ਰਦੇਸ ਸਤ ਰੁਪੈ
੩੦ ਅਪ੍ਰੈਲ ਤਕ ਚੰਦਾ ਪੁਜਣ ਤੇ
'ਮੇਰਾ ਘਰ' ੧.੫੦
(ਸਰੀਰ ਦੀ ਜਾਣਕਾਰੀ)
ਪੁਸਤਕ ਮੁਫਤ ਭੇਜੀ ਜਾਏਗੀ।

'ਦੁਖ ਨਿਵਾਰਨ' ਹਰ ਮਹੀਨੇ ਪੜ੍ਹੋ।

ਸਿਹਤ ਤੇ ਤਾਕਤ ਲਈ

ਕਸਤੂਰੀ ਆਦਿ ਬਟੀ ਸਪੈਸ਼ਲ

ਜ਼ਰੂਰ ਵਰਤੋ

ਦਸ ਰੁਪਏ

ਇਨ੍ਹਾਂ ਹਾਲਤਾਂ ਵਿਚ ਵਰਤੀ

ਸਦਾ ਲਾਭਦਾਇਕ ਹੈ

- ਸਰੀਰਕ ਤੇ ਦਿਮਾਗ਼ੀ ਕਮਜ਼ੋਰੀ
- ਨਸਾਂ ਤੇ ਪਠਿਆਂ ਦੀ ਨਾਤਾਕਤੀ
- ਸੁਸਤੀ ਆਲਸ ਤੇ ਥਕਾਵਟ
- ਸਮੇਂ ਤੋਂ ਪਹਿਲਾਂ ਆਉਂਦਾ ਬੁਢੇਪਾ
- ਯਾਦ ਸ਼ਕਤੀ ਦੀ ਘਾਟ
- ਪੁਰਾਣੀ ਸਿਰ ਦਰਦ
- ਆਮ ਰਹਿੰਦਾ ਨਜ਼ਲਾ ਜ਼ੁਕਾਮ
- ਨੀਂਦ ਠੀਕ ਨਾ ਆਉਣੀ
- ਦਿਲ ਦੀ ਤਾਕਤ ਲਈ
- ਜਿਗਰ ਦੀ ਕਮਜ਼ੋਰੀ
- ਉਦਾਸੀ ਤੇ ਉਪਰਾਮਤਾ
- ਢਿੱਲੀ ਮੱਠੀ ਸਿਹਤ

ਲਈ ਜ਼ਰੂਰ ਵਰਤੋ

ਕੀਮਤ ੮੦ ਗੋਲੀਆਂ ਚਾਰ ਰੁਪੈ
ਡਾਕ ਖਰਚ ਵਖਰਾ

ਕੁਝ ਚੋਣਵੀਆਂ

ਸ੍ਵਰਨ ਮੁਕਤਾਦਿ ਬਟੀ

ਸੋਨਾ-ਮੋਤੀ-ਮਕਰਧ੍ਵਜ ਆਦਿ ਦਾ ਸਿਹਤ ਤੇ ਤਾਕਤ ਲਈ ਖਾਸ ਯੋਗ।
ਕੀਮਤ ੪੦ ਗੋਲੀਆਂ ੩੦ ਰੁਪੈ

ਅਮਲ ਕੁਠਾਰ ਗੋਲੀਆਂ

ਅਫੀਮ-ਸ਼ਰਾਬ-ਤੰਬਾਕੂ-ਪੋਸਤ ਆਦਿ ਨਸ਼ ਛੱਡਣ ਲਈ। ਕੀਮਤ ੭ ਰੁਪੈ

ਦ੍ਰਿਗ ਅੰਮ੍ਰਤ ਅੰਞਨ

ਨੇਤ੍ਰਾਂ ਦੇ ਕਈ ਰੋਗ ਹਟਾ ਨਿਗਾਹ ਵਧੌਣ ਅਤੇ ਨੇਤ੍ਰ ਅਰੋਗ ਰੱਖਣ ਲਈ ਰੋਜ਼ ਵਰਤੋਂ। ਕੀਮਤ ਦੋ ਰੁਪੈ

ਮੋਤੀਆਂ ਵਾਲਾ ਚਿਟਾ ਦਾਰੂ

ਵਡੇਰੀ ਉਮਰ ਦੇ ਨੇਤ੍ਰਾਂ ਦੇ ਰੋਗ-ਪਾਣੀ ਜਾਣਾ, ਧੁੰਦ, ਗੁਬਾਰੀ, ਜਲਨ ਆਦਿ ਹਟੌਣ ਤੇ ਜੋਤ ਵਧੌਣ ਵਾਸਤੇ।
ਕੀਮਤ ਪੰਜ ਰੁਪੈ

ਪਾਕਟ ਹਸਪਤਾਲ

ਹਰ ਘਰ ਲੋੜੀਂਦੀਆਂ ਛੇ ਦਵਾਵਾਂ ਦਾ ਜੇਬੀ ਬਕਸ। ਕੀਮਤ ਸੱਤ ਰੁਪੈ

ਗੀਂਘਨ ਹਰਿ ਗੁਟੀ

ਲੱਕ ਬਾਂਹ ਦੀ ਰੀੜ੍ਹ ਦੀ ਦਰਦ ਦਾ ਇਲਾਜ। ੪੦ ਗੋਲੀ ਚਾਰ ਰੁਪੈ

ਫੁਲਬਹਿਰੀ ਤੇ ਬਵਾਸੀਰ

ਦਾ ਸਿਧ ਇਲਾਜ-ਪੂਰੀ ਹਾਲਤ ਲਿਖ।

ਭਾਈ ਮੋਹਨ ਸਿੰਘ ਵੈਦ ਐਂਡ ਸਨਜ਼

ESTD. 1897 ਤਰਨ ਤਾਰਨ (ਪੰਜਾਬ)